Fair Advice Financial | Care Wealth Management Inc.
RDSP (Registered Disability Savings Plan)
Disabled person who is eligible for Disability Tax Credit.
And who is 49 years old or younger.
By contributing in an RDSP Plan he/she may be eligible to receive up to $90,000 in government bonds & grants.
Contact: 647-951-7900
SUKHWINDER NAHAL CFP, CLU Financial Planner
www.fairadvicefinancial.com
7900 Hurontario St., Suite 308, Brampton, ON, L6Y 0P6

ਕੈਨੇਡੀਅਨ
# ਪੰਜਾਬੀ ਪੋਸਟ
Award winning news paper | Canadian Punjabi Post

JOSHI LAW OFFICE
Barrister, Solicitor & Notary Public
- Immigration
- Real Estate
- Commercial Law
- Affidavit
- Power of Attorney
Rakesh M. Joshi B.A., LL.B
info@joshilawoffice.com | joshilawoffice.com
416-213-8600
6921 Steels Ave. W. Unit 11, Etobicoke, ON

To view our online newspaper visit punjabipost.ca/epaper | Vol 21* Issue 44 | Friday, March 04, 2022 | Tel: 905-793-2202 | Fax: 905-793-2282 | news@punjabipost.ca ਤੁਸੀਂ 'ਪੰਜਾਬੀ ਪੋਸਟ' Online ਰੋਜ਼ਾਨਾ ਪੜ੍ਹ ਸਕਦੇ ਹੋ

# 10 ਸਤੰਬਰ ਨੂੰ ਨਵਾਂ ਆਗੂ ਚੁਣਗੇ ਕੰਜ਼ਰਵੇਟਿਵ!

ਓਟਵਾ, 3 ਮਾਰਚ (ਪੋਸਟ ਬਿਊਰੋ) : ਕੰਜ਼ਰਵੇਟਿਵ ਪਾਰਟੀ ਆਫ ਕੈਨੇਡਾ ਨੂੰ ਆਪਣਾ ਨਵਾਂ ਆਗੂ ਚੁਣਨ ਲਈ 10 ਸਤੰਬਰ ਤੱਕ ਦੀ ਉਡੀਕ ਕਰਨੀ ਹੋਵੇਗੀ। ਇਸ ਨਾਲ ਸੰਭਾਵੀ ਉਮੀਦਵਾਰਾਂ, ਜਿਨ੍ਹਾਂ ਵਿੱਚ ਕਿਊਬਿਕ ਦੇ ਸਾਬਕਾ ਪ੍ਰੀਮੀਅਰ ਜੀਨ ਚਾਰੈਸਟ ਵੀ ਸ਼ਾਮਲ ਹਨ, ਨੂੰ ਆਪਣੀ ਮੁਹਿੰਮ ਚਲਾਉਣ ਲਈ ਵੀ ਸਮਾਂ ਮਿਲ ਜਾਵੇਗਾ। ਚਾਰੈਸਟ ਨੇ ਬੁੱਧਵਾਰ ਸ਼ਾਮ ਨੂੰ 40 ਐਮਪੀਜ਼ ਤੇ ਸੈਨੇਟਰਜ਼ ਨਾਲ ਮੁਲਾਕਾਤ ਕੀਤੀ। ਇਹ ਮੁਲਾਕਾਤ ਕੈਂਪੇਨ ਸਬੰਧੀ ਨਿਯਮਾਂ ਦੇ ਐਲਾਨ ਤੋਂ ਕਈ ਘੰਟੇ ਪਹਿਲਾਂ ਕੀਤੀ ਗਈ। ਉਨ੍ਹਾਂ ਆਖਿਆ ਕਿ ਕਿਸੇ ਵੀ ਤਰ੍ਹਾਂ ਦਾ ਫੈਸਲਾ ਲੈਣ ਤੋਂ ਪਹਿਲਾਂ ਉਹ ਨਿਯਮਾਂ ਦੀ ਉਡੀਕ ਕਰ ਰਹੇ ਸਨ। ਉਨ੍ਹਾਂ ਆਖਿਆ ਕਿ ਪਿਛਲੀ ਵਾਰੀ ਉਨ੍ਹਾਂ ਨੂੰ ਮੈਂਬਰਸ਼ਿਪ ਨਾਲ ਜਾਣ-ਪਛਾਣ ਕਰਨ ਦਾ ਮੌਕਾ ਹੀ ਨਹੀਂ ਸੀ ਮਿਲਿਆ ਤੇ ਨਾ ਹੀ ਨਵੇਂ ਮੈਂਬਰ ਰਕਰੂਟ ਕਰਨ ਦਾ ਮੌਕਾ ਮਿ-ਲਆ ਸੀ। ਕਮੇਟੀ ਵਿੱਚ ਮੌਜੂਦ ਕੰਜ਼ਰਵੇਟਿਵਸ ਨੂੰ ਹੀ ਇਹ ਚੋਣ ਕਰਨੀ ਹੋਵੇਗੀ ਕਿ ਇਹ ਮੁਕਾਬਲਾ ਲੰਮਾਂ ਰਹਿੰਦਾ ਹੈ ਜਾਂ ਛੋਟਾ। ਕਈਆਂ ਦਾ ਮੰਨਣਾ ਹੈ ਕਿ ਇਸ ਫੈਸਲੇ ਨਾਲ ਹੀ ਇਹ ਤੈਅ ਹੋਵੇਗਾ ਕਿ ਇਸ ਦੌੜ ਵਿੱਚ ਕਿੰਨੇ ਉਮੀਦਵਾਰ ਹਿੱਸਾ ਲੈਣਗੇ ਜਿਵੇਂ ਕਿ ਇਸ ਸਮੇਂ ਐਮਪੀਜ਼ ਵਜੋਂ ਸੇਵਾ ਨਾ ਨਿਭਾਉਣ ਵਾਲੇ ਤੇ ਜਿਹੜੇ ਇਕਹਿਰੇ ਮੁੱਦੇ ਲੈ ਕੇ ਚੱਲਣਗੇ। ਹੁਣ ਤੱਕ ਮੈਦਾਨ ਵਿੱਚ ਨਿੱਤਰਣ ਵਾਲੇ ਇੱਕ ਮਾਤਰ ਉਮੀਦਵਾਰ ਪਿਏਰ ਪੌਲੀਏਵਰ ਹੀ ਹਨ। ਉਹ ਓਟਵਾ ਦੇ ਮੰਨੇ ਪ੍ਰਮੰਨੇ ਐਮਪੀ ਹਨ।

# ਜ਼ੇਲੇਂਸਕੀ ਨੇ ਪੁਤਿਨ ਨੂੰ ਕਿਹਾ: ਆਓ ਜੰਗ ਰੋਕਣ ਲਈ ਗੱਲਬਾਤ ਕਰ ਲਈਏ

## * ਰੂਸ ਨੇ ਕਿਹਾ: ਗੱਲਬਾਤ ਲਈ ਤਿਆਰ, ਪਰ ਹਮਲੇ ਹੁੰਦੇ ਰਹਿਣਗੇ

ਕੀਵ, 3 ਮਾਰਚ, (ਪੋਸਟ ਬਿਊਰੋ)- ਰੂਸ-ਯੂਕਰੇਨ ਜੰਗ ਦੇ ਅੱਜ ਅੱਠਵੇਂ ਦਿਨ ਯੂਕਰੇਨ ਦੇ ਰਾਸ਼ਟਰਪਤੀ ਵੋਲੋਦੀਮੀਰ ਜ਼ੇਲੇਂਸਕੀ ਨੇ ਰੂਸ ਦੇ ਰਾਸ਼ਟਰਪਤੀ ਵਲਾਦੀਮੀਰ ਪੁਤਿਨ ਨਾਲ ਮਿਲ ਬੈਠਣ ਦੀ ਬੇਨਤੀ ਕੀਤੀ, ਪਰ ਨਾਲ ਆਪਣੀ ਇਸ ਤਜਵੀਜ਼ ਉੱਤੇ ਵਿਅੰਗ ਵੀ ਕੀਤਾ ਅਤੇ ਫਰਾਂਸ ਦੇ ਰਾਸ਼ਟਰਪਤੀ ਇਮੈਨੁਅਲ ਮੈਕਰੋਂ ਨਾਲਪੁਤਿਨ ਦੀਪਿਛਲੀ ਮੁਲਾਕਾਤ ਦੀਆਂ ਤਸਵੀਰਾਂ ਵੱਲ ਇਸ਼ਾਰਾ ਕਰ ਕੇ ਕਿਹਾ:'ਮੇਰੇ ਨਾਲ ਬੈਠ ਕੇ ਗੱਲਬਾਤ ਕਰੋ।'

ਵਰਨਣ ਯੋਗ ਹੈ ਕਿ ਰੂਸ ਦੇ ਰਾਸ਼ਟਰਪਤੀ ਵਲਾਦੀਮੀਰ ਪੁਤਿਨ ਤੇ ਫਰਾਂਸ ਦੇ ਰਾਸ਼ਟਰਪਤੀ ਇਮੈਨੁਅਲ ਮੈਕਰੋਂ ਦੀ ਮੁਲਾਕਾਤ ਦੀਆਂ ਤਸਵੀਰਾਂ ਵਿੱਚ ਇੱਕ ਬੜੇ ਲੰਬੇ ਮੇਜ਼ ਉੱਤੇ ਪੁਤਿਨ ਤੇ ਦੂਸਰੇ ਪਾਸੇ ਮੈਕਰੋਂ ਬੈਠੇ ਦਿਖਾਈ ਦੇ ਰਹੇ ਹਨ। ਜ਼ੇਲੇਂਸਕੀ ਨੇ ਅੱਜ ਵੀਰਵਾਰ ਪ੍ਰੈੱਸ ਕਾਨਫਰੰਸ ਵਿੱਚ ਕਿਹਾ ਕਿ 'ਤੁਸੀਂ ਕਿਸ ਗੱਲ ਤੋਂ ਡਰਦੇ ਹੋ? ਗੱਲਬਾਤ ਕਰਨਾ ਸਾਂਝੇਦਾਰੀ ਹੈ ਅਤੇ ਗੱਲਬਾਤ ਜੰਗ ਤੋਂ ਬਿਹਤਰ ਹੀ ਹੁੰਦੀ ਹੈ।'

ਦੂਸਰੇ ਪਾਸੇ ਰੂਸ ਦੇ ਵਿਦੇਸ਼ ਮੰਤਰੀ ਸਰਗੇਈ ਲਾਵਰੋਵ ਨੇ ਕਿਹਾ ਕਿ ਯੂਕਰੇਨਜੰਗ ਖ਼ਤਮ ਕਰਨ ਦੀ ਗੱਲਬਾਤ ਕਰਨ ਲਈ ਰੂਸ ਤਿਆਰ ਹੈ, ਪਰ ਉਹ ਯੂਕਰੇਨ ਦੇ ਫੌਜੀ ਢਾਂਚੇ ਤਬਾਹ ਕਰਨ ਲਈ ਹਮਲੇ ਜਾਰੀ ਰੱਖੇਗਾ। ਲਾਵਰੋਵ ਨੇ ਕਿਹਾ ਕਿ ਰੂਸੀ ਵਫ਼ਦ ਨੇ ਇਸ ਹਫ਼ਤੇ ਦੇ ਸ਼ੁਰੂ ਵਿੱਚਯੂਕਰੇਨੀ ਵਾਰਤਾਕਾਰਾਂ ਨੂੰ ਆਪਣੀਆਂ ਮੰਗਾਂ ਦੱਸੀਆਂ ਸਨ ਤੇ ਅੱਜ ਵੀਰਵਾਰ ਗੱਲਬਾਤ ਵਿੱਚਯੂਕਰੇਨ ਦੇ ਜਵਾਬ ਦੀ ਉਡੀਕ ਹੈ। ਉਨ੍ਹਾਂ ਕਿਹਾ ਕਿ 'ਪੱਛਮੀ ਦੇਸ਼ਾਂ ਨੇ ਯੂਕਰੇਨ ਨੂੰ ਲਗਾਤਾਰ ਹਥਿਆਰਬੰਦ ਕੀਤਾ ਤੇ ਉਸ ਦੀ ਫੌਜ ਨੂੰ ਸਿਖਲਾਈ ਦਿੱਤੀ ਹੈ।ਯੂਕਰੇਨ ਨੂੰ ਰੂਸਖਿਲਾਫ ਢਾਲ ਬਣਾਉਣ ਲਈ ਉਹ ਏਥੇ ਟਿਕਾਣੇ ਬਣਾ ਰਹੇ ਹਨ।' ਉਨ੍ਹਾ ਕਿਹਾ ਕਿ ਯੂਕਰੇਨ ਏਦਾਂ ਕਰਨ ਨਾਲਰੂਸ ਲਈ ਖ਼ਤਰਾ ਬਣ ਗਿਆ ਹੈ।

ਇਸ ਦੌਰਾਨ ਅਮਰੀਕਾ ਦੀ ਜੋਅ ਬਾਈਡੇਨ ਸਰਕਾਰ ਨੇ ਰੂਸੀ ਹਮਲਿਆਂ ਵਿਰੁੱਧਯੂਕਰੇਨ ਦੀ ਮਦਦ ਕਰਨ ਲਈ ਆਪਣੀ ਪਾਰਲੀਮੈਂਟ ਤੋਂ 10 ਅਰਬ ਡਾਲਰ ਤੇ ਕੋਰੋਨਾ ਵਾਇਰਸ ਮਹਾਮਾਰੀ ਨਾਲ ਲੜਨ ਲਈ 22.5 ਅਰਬ ਡਾਲਰ ਦੀ ਹੋਰ ਰਕਮ ਮੰਗੀ ਹੈ।ਆਪਣੇ ਦੇਸ਼ ਦੇ ਬੱਜਟ ਵਿੱਚ ਇਨ੍ਹਾਂ ਦੋ ਮੰਗਾਂ ਨੂੰ ਸ਼ਾਮਲ ਕਰਨ ਬਾਰੇ ਚਰਚਾ ਮੌਕੇ ਵ੍ਹਾਈਟ ਹਾਊਸ ਆਫਿਸ ਆਫ਼ ਮੈਨੇਜਮੈਂਟ ਐਂਡ ਬੱਜਟ ਦੇ ਕਾਰਜਕਾਰੀ ਡਾਇਰੈਕਟਰ ਸ਼ਾਲਾਂਦਾ ਯੰਗ ਨੇ ਅੱਜ ਇੱਕ ਬਲਾਗ ਪੋਸਟ ਵਿੱਚਸਪਲੀਮੈਂਟਰੀ ਫੰਡਿੰਗ ਦੀ ਲੋੜ ਉੱਤੇ ਜ਼ੋਰ ਦਿੱਤਾ ਹੈ। ਅਮਰੀਕੀ ਪਾਰਲੀਮੈਂਟਇਸ ਵੇਲੇ ਬੱਜਟਦੀ ਚਰਚਾ ਕਰ ਕੇ ਉਸ ਨੂੰ 11 ਮਾਰਚ ਤੱਕ ਪਾਸ ਕਰਨਾ ਚਾਹੁੰਦੀ ਹੈ। ਯੰਗ ਨੇ ਬਲਾਗ ਪੋਸਟ ਵਿੱਚ ਲਿਖਿਆ ਕਿ ਯੂਕਰੇਨ ਨੂੰ 10 ਅਰਬ ਡਾਲਰ ਦੀ ਮਦਦ ਅਮਰੀਕੀ ਵੱਲੋਂ 2021 ਤੋਂ ਉਸ ਨੂੰ ਦਿੱਤੀ 1.4 ਅਰਬ ਡਾਲਰ ਤੋਂ ਵੱਖਰੀ ਹੋਵੇਗੀ, ਜਿਹੜੀ ਉਸ (ਯੂਕਰੇਨ)ਨੂੰ ਪਿਛਲੇ ਮਹੀਨੇ ਹੋਏ ਰੂਸੀ ਹਮਲੇ ਦੇਕਾਰਨਦਿੱਤੀ ਗਈ ਹੈ। ਯੰਗ ਨੇ ਕਿਹਾ ਕਿ ਇਸ ਰਕਮ ਨਾਲ ਅਗਲੇ ਦਿਨਾਂ ਅਤੇ ਹਫ਼ਤਿਆਂ ਵਿੱਚਯੂਕਰੇਨਲਈ ਸੁਰੱਖਿਆ ਅਤੇ ਮਨੁੱਖੀ ਸਹਾਇਤਾ ਵੀ ਮਿਲੇਗੀ।ਵਰਨਣ ਯੋਗ ਹੈ ਕਿਰੂਸੀ ਫੋਰਸਾਂ ਨੇ 24 ਫਰਵਰੀ ਨੂੰ ਯੂਕਰੇਨ ਉੱਤੇ ਹਮਲਾ ਸ਼ੁਰੂ ਕੀਤਾ ਸੀ, ਜਿਹੜਾ ਅਜੇ ਤੱਕ ਲਗਾਤਾਰ ਜਾਰੀ ਹੈ।




## * ਬਾਈਡੇਨ ਨੇ ਯੂਕਰੇਨ ਦੀ ਮੱਦਦ ਲਈ ਪਾਰਲੀਮੈਂਟ ਤੋਂ 10 ਅਰਬ ਡਾਲਰ ਮੰਗੇ

# ਸੜਕ ਹਾਦਸੇ ਵਿੱਚ ਪੰਜਾਬੀ ਮੂਲ ਦੇ 3 ਨੌਜਵਾਨਾਂ ਦੀ ਹੋਈ ਮੌਤ



ਵੈਲਿੰਗਟਨ,3 ਮਾਰਚ (ਪੋਸਟ ਬਿਊਰੋ): ਵੈਲਿੰਗਟਨ ਰੋਡ 109 ਉੱਤੇ ਕਈ ਗੱਡੀਆਂ ਦੇ ਆਪਸ ਵਿੱਚ ਟਕਰਾਅ ਜਾਣ ਕਾਰਨ ਪੰਜਾਬੀ ਮੂਲ ਦੇ ਤਿੰਨ ਲੜਕਿਆਂ ਦੀ ਮੌਤ ਹੋ ਗਈ।

ਵੈਲਿੰਗਟਨ ਕਾਉਂਟੀ ਓਨਟਾਰੀਓ ਪ੍ਰੋਵਿੰਸ਼ੀਅਲ ਪੁਲਿਸ (ਓਪੀਪੀ) ਵੱਲੋਂ ਦਿੱਤੀ ਗਈ ਜਾਣਕਾਰੀ ਅਨੁਸਾਰ ਇਹ ਹਾਦਸਾ 2 ਮਾਰਚ ਨੂੰ ਵਾਪਰਿਆ। ਇਸ ਹਾਦਸੇ ਵਿੱਚ ਮਰਨ ਵਾਲਿਆਂ ਦੀ ਸ਼ਨਾਖ਼ਤ ਮੋਨੋ ਦੇ 31 ਸਾਲਾ ਗੁਰਿੰਦਰਜੀਤ ਸਿੰਘ ਲਿੱਦੜ, ਬੈਰੀ ਦੇ 22 ਸਾਲਾ ਕਰਨਪ੍ਰੀਤ ਸਿੰਘ ਗਿੱਲ ਤੇ ਬਰੈਂਟਫੋਰਡ ਦੇ 24 ਸਾਲਾ ਸੰਨੀ ਖੁਰਾਣਾ ਵਜੋਂ ਹੋਈ ਹੈ। ਹਾਦਸੇ ਦੇ ਕਾਰਨਾਂ ਦੀ ਜਾਂਚ ਕੀਤੀ ਜਾ ਰਹੀ ਹੈ।

...ਬਾਕੀ ਪੰਨਾ 6 'ਤੇ

# ਯੂਕਰੇਨ ਵੱਲੋਂ ਰੂਸੀ ਫੌਜ ਦੇ ਮੇਜਰ ਜਨਰਲ ਦੀ ਮੌਤ ਦਾ ਦਾਅਵਾ

## * ਰੂਸ ਨੇ ਯੂਕਰੇਨ ਦੇ 1600 ਫ਼ੌਜੀ ਟਿਕਾਣੇ ਨਸ਼ਟ ਕੀਤੇ ਦੱਸੇ



ਮਾਸਕੋ, 3 ਮਾਰਚ, (ਪੋਸਟ ਬਿਊਰੋ)- ਯੂਕਰੇਨ ਸਰਕਾਰ ਦੇ ਸੂਤਰਾਂਅਨੁਸਾਰ ਰੂਸ ਦੀ ਸੱਤਵੀਂ ਏਅਰਬੋਰਨ ਡਿਵੀਜ਼ਨ ਦੇ ਕਮਾਂਡਿੰਗ ਜਨਰਲ ਮੇਜਰ ਜਰਨਲ ਆਂਦਰੇ ਸੁਖੋਵੇਤਸਕੀ ਦੀ ਯੂਕਰੇਨ ਵਿੱਚਜੰਗ ਦੌਰਾਨ ਇਸ ਹਫ਼ਤੇ ਮੌਤ ਹੋ ਗਈ ਹੈ। ਦੱਖਣੀ ਰੂਸ ਦੇ ਕ੍ਰਾਸਨੋਦਾਰ ਖੇਤਰ ਵਿੱਚ ਸਥਾਨਕ ਅਧਿਕਾਰੀਆਂ ਦੇ ਇੱਕ ਗਰੁੱਪ ਨੇ ਇਸ ਮੌਤ ਦੀ ਪੁਸ਼ਟੀ ਕੀਤੀ ਹੈ, ਪਰ ਅਜੇ ਇਹ ਸਪੱਸ਼ਟ ਨਹੀਂ ਹੋ ਸਕਿਆ ਕਿ ਉਨ੍ਹਾਂ ਦੀ ਮੌਤ ਕਿਸ ਹਾਲਤ ਵਿੱਚ ਹੋਈ ਹੈ।

ਮੇਜਰ ਜਨਰਲ ਆਂਦਰੇ ਸੁਖੋਵੇਤਸਕੀ (47 ਸਾਲ) ਨੇ ਮਿਲਟਰੀ ਅਕੈਡਮੀ ਤੋਂ ਗ੍ਰੈਜੂਏਟ ਹੋਣ ਪਿੱਛੋਂ ਪਲਾਟੂਨ ਕਮਾਂਡਰ ਵਜੋਂ ਫੌਜਦੀ ਸੇਵਾ ਸ਼ੁਰੂ ਕੀਤੀ ਤੇ ਲੀਡਰਸ਼ਿਪ ਦੀਆਂ ਕਈ ਭੂਮਿਕਾਵਾਂ ਸੰਭਾਲਣ ਪਿੱਛੋਂ ਤੇਜ਼ੀ ਨਾਲ ਜਨਰਲ ਦੇ ਅਹੁਦੇ ਤੱਕ ਪਹੁੰਚੇ ਸਨ। ਉਨ੍ਹਾਂ ਨੇ ਸੀਰੀਆ ਵਿੱਚਰੂਸ ਦੀ ਫੌਜੀ ਮੁਹਿੰਮ ਵਿੱਚ ਵੀ ਹਿੱਸਾ ਲਿਆ ਅਤੇ ਉਹ ਇਸ ਫੌਜ ਦੀ 41ਵੀਂ ਯੂਨੀਫਾਂਈਡ ਆਰਮਡ ਫੋਰਸ ਦੇ ਡਿਪਟੀ ਕਮਾਂਡਰ ਵੀ ਸਨ।

...ਬਾਕੀ ਪੰਨਾ 6 'ਤੇ

## ਅੰਦਰ ਇਹ ਵੀ ਪੜ੍ਹੋ

ਕੌਮਾਂਤਰੀ ਭਾਈਚਾਰੇ ਦੇ ਯੂਕਰੇਨ ਨਾਲ ਖੜ੍ਹਨ ਕਾਰਨ ਰੂਸ ਨੂੰ ਲੱਗਿਆ ਵੱਡਾ ਝਟਕਾ : ਟਰੂਡੋ


ਪੰਨਾ 03

ਰੂਸ ਵਿਰੁੱਧ ਵੋਟਿੰਗ ਲਈ ਭਾਰਤ ਦੇ ਵਾਰ-ਵਾਰ ਗਾਇਬ ਹੋਣ ਕਾਰਨ ਅਮਰੀਕਾ ਨਾਰਾਜ਼


ਪੰਨਾ 05

ROYAL STAR Realty Inc. Brokerage
Off: 905-793-1111
Fax: 905-793-1455
RESIDENTIAL | COMMERCIAL | INVESTMENT
Serving you from one of the Largest Offices in GTA !
GURVIR DHILLON
Sales Representative
Dir: 647-409-1302
170 Steelwell Rd., Unit 200, Brampton, ON L6T 5T3
gaggi04@hotmail.com | www.royalstarrealty.com

NOW HIRING !!!
ALLKIND INSURANCE
- Life Insurance
- Critical illness Ins
- Travel & Visitor Ins
- RESP & TFSA & RRSP
- Super Visa Insurance
- Mortgage Insurance
- Disability Insurance
- Funeral Insurance
SIMRAN SAINI
416.994.7272
www.allkindinsurance.com

INSURANCE
- Home
- Business
- Life Insurance
- Auto
- Trucking
- Commercial
647-206-2452
Sukhwinder K Singh
CONNEX 7050A Bramalea Rd, Unit # 13, Mississauga, ON L5S 1T1

AUTO & HOME INSURANCE
- Super visa Insurance
- Life & Disability
- Critical illness
- RESP
- Visitor & Travel insurance
(416-845-1352)
Manwinder Mangat
Axael InsuranceBrokers Ltd.
1332 Khalsa Dr, Unit # 11, Mississauga, ON L5S 0A2

PEST PROBLEM ?
Residential & Commercial
100% Customer Satisfaction
All Pest Control
MICE, COCKROACH, BEDBUG & ALL COMMON BUGS
AFFORDABLE & RELIABLE
647.990.3205
KSG Pest Control Inc.
Residential, Commercial
www.ksgpestcontrol.ca
ksgpestcontrol@gmail.com
Amarjeet Singh Gill
Certified & Licenced Exterminator

Law Office of Aman Sharma
- Real Estate - Commercial Lease
- Business Purchase & Sale
- Notarizations & Affidavits
- Wills & Power Of Attorney
Fax: 905-913-2344 Tel: 905-913-2355
25 Cherrycrest Drive, Unit # 6
Brampton, ON, L6P 3W4
Aman Sharma
Open Saturday
Providing excellent quality legal services to our clients

KELLEY LAW OFFICE
- Immigration
- Family Law
- Corporate
- Real Estate
- Business Closing
- Wills & Estate
- Power of Attorney/Affidavit /Attestations
www.kelleylawoffice.ca | info@kelleylawoffice.ca
ਇੱਥੇ ਹਰ ਤਰ੍ਹਾਂ ਦੇ ਇਮੀਗਰੇਸ਼ਨ, ਰੀਅਲ ਅਸਟੇਟ, ਬਿਜਨਸ ਲਾਅ, ਕੋਰਪੋਰੇਟ, ਫੈਮਲੀ ਲਾਅ, ਵਸੀਅਤਨਾਮੇ, ਪਾਵਰ ਆਫ ਅਟੋਰਨੀ, ਰਾਹਦਾਰੀ ਅਤੇ ਹੋਰ ਕਾਨੂੰਨੀ ਸਲਾਹ ਮਸ਼ਵਰੇ ਲਈ ਫੋਨ ਕਰੋ!
1200 Derry Road E, #15, Mississauga, ON L5T 0B3
Shinder Kelley
Barrister, Solicitor & Notary Public
905-362-0755

Locations: Woodbridge, Mississauga, Scarborough
YES! Immigration
Yes we can...
Celebrating 16 Years
16 ਸਾਲਾਂ ਤੋਂ ਤੁਹਾਡੀ ਸੇਵਾ ਵਿਚ
ਇਮਿਗਰੇਸ਼ਨ ਸੇਵਾਵਾਂ 10-20% Discount
ICCRC
Raj Narang
Ritu Narang
ਕੈਨੇਡਾ ਦੇ ਵੀਜ਼ਾ ਵਾਸਤੇ ਅੱਜ ਹੀ ਸੰਪਰਕ ਕਰੋ:
(416)740-6969
(647)616-1020

SUPER VISA INSURANCE EXPERTS
7003 Steeles Ave. W, Unit 10, Etobicoke, ON, M9W 0A2
gill@punjabinsurance.ca | topinsuranceservices.ca
Punjab Insurance Inc
- Disability Insurance
- Mortgage Insurance
- Life Insurance
- Visitor & Travel Insurance
- RESP(Education Plan)
- Critical Illness Insurance
RANJIT GILL
Insurance Advisor
416-724-5000

HELPING YOU PLAN TODAY...FOR TOMORROW
- Supervisa / Visitor Insurance
- Life /Mortgage/Funeral Insurance
- Disability Insurance
- Critical Illness Insurance
- RESP /RRSP
www.ufsinsurance.com
JATINDERBIR S BAJWA
Insurance Broker
Dir: 647-928-4990
# 25-831 Bovaird Dr. W. Brampton, ON L6X0T9 | www.ufsinsurance.com

Dubai Jewellers
10% additional discount on gold and upto 50% on diamond.
ਨਵੇਂ ਬਣੇ ਪਲਾਜ਼ਾ ਦੇ ਵਿਚ
2700 Northpark Drive
Unit #19, Brampton
Ontario L6S 0E9
North Park & Airport Major Intersection
Gift Prize with Every Purchase
- Repair at no extra cost
- Appraisal Certificate
- Buy, Sell, Trade
Tuesday to Sunday (12-8)
(Monday Closed)
Dubai Jewellers
Raj & Gulshan
Mob: 416-465-1200
www.dubaijewellers.ca
info@dubaijewellers.ca

PROTECT YOUR HOME FROM PESTS
Pest Control
100% Success rate for bed bug Treatment
Low Rates/Excellent Pest Control Services
Free Home Inspection Call Today
Ranjit Sidhu
Certified & Licenced Exterminator
BED BUG MATTRESS COVER ALSO AVAILABLE
A-Z Pest Control
Cell: 647.668.3944 | Office: 905.455.0648
info@atozpestcontroltoronto.com | www.atozpestcontroltoronto.com

CN Forklift Training Center
Counterbalance All Types
Walkie pallet Low Lift
Electric Motor Narrow Aisle Reach
Cherry Order Picker
License $69 Toll Free: 1 855 230 0001
7033 Telford Way, Unit #4, Mississauga, ON L5S 1V4
When You Need Re certified License & Training First Call to us
Cell: 416 726 6206 Tel: 905 405 0001
NC Dhawan
Certified Instructor

Canada Consumer Credit Assistance
ਕਰਜ਼ਾ ਰਹਿਤ ਜ਼ਿੰਦਗੀ ਜੀਓ
- ਪਾਵਰ ਆਫ ਸੇਲ ਨੋਟਿਸ ?
- ਗਾਰਨਿਸ਼ਮੈਂਟ?
- ਬੈਂਕ ਵਲੋਂ ਪੈਸੇ ਦੀ ਮੰਗ ?
- ਰੈਵਨਿਊ ਕੈਨੇਡਾ ਵਲੋਂ ਟੈਕਸ ਦੀ ਮੰਗ ?
ਕੁਲੈਕਸ਼ਨ ਕਾਲਾਂ, ਬੈਂਕ ਕਰਪਸੀ ਅਤੇ ਕਰਜ਼ੇ ਤੋਂ ਪੱਕਾ ਛੁਟਕਾਰਾ ਪਾ ਕੇ ਆਪਣਾ ਕਰੈਡਿਟ ਦੁਬਾਰਾ ਬਨਾਉਣ ਲਈ
ਹੁਣੇ ਹੀ ਕਾਲ ਕਰੋ
75% ਤੱਕ ਆਪਣਾ ਕਰਜ਼ਾ ਮਾਫ ਕਰਾਓ, ਬਹੁਤ ਆਸਾਨ ਕਿਸ਼ਤਾਂ ਬਿਨਾ ਵਿਆਜ ਤੋਂ
ਕਰਜ਼ੇ ਦੀ ਸਿਰਦਰਦੀ ?
ਮੁਫਤ ਅਤੇ ਗੁਪਤ ਸਲਾਹ ਲਈ ਅੱਜ ਹੀ ਜਸਬੀਰ ਹੁੰਦਲ ਨੂੰ ਕਾਲ ਕਰੋ
Late Evening and Weekends Appointments Available
1888 864 3131
Jasbir Singh Hundal
Qualified Credit Counsellor
www.MakeMeDebtFree.ca
416-502-3100
Unit #20 - 7015 Tranmere Drive Mississauga, ON L5S 1T7

Mortgage! We Will Beat Any Rate !!!
*Each Mortgage Center Office is Independently Owned & Operated
Purchase || Refinance || Major Banks /Credit Unions || Private Lenders || Second Mortgages-Lowest 6.99 %
The Mortgage Centre
Cell: 416-841-4218 Tel: 905-216-5563
Avon Financial Inc.
Brokerage Lic. 12538
Harpreet Singh Goraya
Principal Broker (Lic # M12000607)
831 Bovaird Dr. West, Unit 25, Brampton, ON L6X 0T9 Fax : 905-216-0392

MANN LAW FIRM
- Real Estate Law
- Wills & Estates
- Power of Attorney
- Business Law
- Family Law
- Civil Litigation
- Affidavits Notarization / Declaration
Maninder S. Mann B.A. (Hons.), LLB
BARRISTER SOLICITOR NOTARY
Address: 2130 North Park Dr. Suite 246 Brampton, ON L6S 0C9
T: 905 799 9333
www.mannlawfirm.ca

Royal Pest Control
Residential Commercial Industrial
Specialist in Bedbugs Service
All Pest Control :
- Mouse & Rats
- Cockroaches
- Spiders & Fleas
- Carpenter Ants
- Bedbugs
- Silver Fish
- Wasps
- Racoons
Call : PARESH PATEL
(Government Approved Licensed Technician)
416 938 4598




# Now Hiring

LIGHT SPEED Logistics Inc.

## Owner Operators

| | |
|---|---|
| US TEAM | $2.09 |
| US SINGLE | $1.94 |
| ONTARIO/QUEBEC TO MIDWEST | $2.24 |
| CANADIAN TEAM | $1.89 |
| CANADIAN SINGLE | $1.74 |
| (AB-BC) (BC-AB) | $2.29 |

## Company Drivers

| | |
|---|---|
| US TEAM | $0.86 |
| US SINGLE | $0.62 |
| CANADIAN TEAM | $0.66 |
| CANADIAN SINGLE | $0.50 |
| ON/QC TEAM TO MID-WEST | $0.96 |
| ON/QC SINGLE TO MID-WEST | $0.72 |
| (AB-BC) (BC-AB) TEAM | $0.81 |
| (AB-BC) (BC-AB) SINGLE | $0.65 |

* Conditions Apply

Call us or Drop in!

JAGGI DHILLON : 403-542-4258
GURBIR SARAN : 416-768-5441
1-800-397-6009 (Press Option 3)
122 Carmek Blvd, Rocky View AB T1X 1X1

safedrivers@lslinc.com www.lslinc.com

NATION-WIDE TALK, TEXT & DATA PLAN

$25/mo.



1 Promenade Circle, Thornhill
379 Main St. North, Brampton
2456 Lake Shore Blvd West, Etobicoke

chatr™ AUTHORIZED DEALER

Offer subject to change without notice. Get up to 500MB of data on the Talk, Text and Data Plan. Once you reach your 3G speed data allotment, your data speed will be reduced until your next anniversary date. Taxes extra. ™ Trademarks used under license ©2022

# ਗੈਸ ਦੀਆਂ ਨਿੱਤ ਵੱਧ ਰਹੀਆਂ ਕੀਮਤਾਂ ਵਿੱਚ ਸ਼ੁੱਕਰਵਾਰ ਨੂੰ 8 ਸੈਂਟ ਦਾ ਹੋਰ ਹੋ ਸਕਦਾ ਹੈ ਵਾਧਾ



ਟੋਰਾਂਟੋ, 3 ਮਾਰਚ (ਪੋਸਟ ਬਿਊਰੋ) : ਸ਼ੁੱਕਰਵਾਰ ਨੂੰ ਗੈਸ ਦੀਆਂ ਕੀਮਤਾਂ ਵਿੱਚ ਅੱਠ ਸੈਂਟ ਦਾ ਵਾਧਾ ਹੋਣ ਦੀ ਸੰਭਾਵਨਾ ਹੈ। ਇਸ ਨਾਲ ਗ੍ਰੇਟਰ ਟੋਰਾਂਟੋ ਏਰੀਆ ਵਿੱਚ ਤੇਲ ਦੀਆਂ ਕੀਮਤਾਂ 1•749 ਡਾਲਰ ਪ੍ਰਤੀ ਲੀਟਰ ਤੱਕ ਵਧ ਸਕਦੀਆਂ ਹਨ।

ਐਨ-ਪ੍ਰੋਇੰਟਰਨੈਸ਼ਨਲ ਦੇ ਚੀਫ ਪੈਟਰੋਲੀਅਮ ਵਿਸ਼ਲੇਸ਼ਕ ਰੌਜਰ ਮੈਕਨਾਈਟ ਅਨੁਸਾਰ ਇਸ ਪਾਸੇ ਹਾਲ ਦੀ ਘੜੀ ਕੋਈ ਰਾਹਤ ਮਿਲਦੀ ਨਜ਼ਰ ਨਹੀਂ ਆ ਰਹੀ। ਰੂਸ ਵੱਲੋਂ ਯੂਕਰੇਨ ਉੱਤੇ ਹਮਲਾ ਕਰਨ ਕਰਕੇ ਇਨ੍ਹਾਂ ਕੀਮਤਾਂ ਵਿੱਚ ਵਾਧਾ ਲਗਾਤਾਰ ਜਾਰੀ ਹੈ। ਇਸ ਸਥਿਤੀ ਨੂੰ ਵੇਖਦਿਆਂ ਹੋਇਆਂ ਬੁੱਧਵਾਰ ਨੂੰ ਐਨਡੀਪੀ ਵੱਲੋਂ ਓਨਟਾਰੀਓ ਵਿੱਚ ਗੈਸ ਦੀਆਂ ਕੀਮਤਾਂ ਨੂੰ ਨਿਯੰਤਰਿਤ ਕਰਨ ਲਈ ਬਿੱਲ ਪੇਸ਼ ਕੀਤਾ ਗਿਆ।

ਇੱਕ ਰਲੀਜ਼ ਵਿੱਚ ਐਨਡੀਪੀ ਨੇ ਆਖਿਆ ਕਿ ਫੇਅਰਨੈੱਸ ਇਨ ਪੈਟਰੋਲੀਅਮ ਪ੍ਰੋਡਕਟਸ ਪ੍ਰਾਈਸਿੰਗ ਐਕਟ ਤਹਿਤ ਓਨਟਾਰੀਓ ਐਨਰਜੀ ਬੋਰਡ ਨੂੰ ਰੀਟੇਲ ਪ੍ਰਾਈਸ ਤੇ ਪੈਟਰੋਲੀਅਮ ਪ੍ਰੋਡਕਟਸ ਦੇ ਹੋਲਸੇਲ ਕਾਰੋਬਾਰ ਨੂੰ ਨਿਯੰਤਰਿਤ ਕਰਨ ਲਈ ਉਪਰਾਲੇ ਕਰਨੇ ਹੋਣਗੇ। ਐਨਡੀਪੀ ਆਗੂ ਐਂਡਰੀਆ ਹੌਰਵਥ ਨੇ ਆਖਿਆ ਕਿ ਅਜਿਹੇ ਸਮੇਂ ਜਦੋਂ ਹਾਊਸਿੰਗ, ਚਾਈਲਡ ਕੇਅਰ, ਗਰੌਸਰੀਜ਼ ਤੇ ਹੋਰਨਾਂ ਸਾਰੀਆਂ ਚੀਜ਼ਾਂ ਦੀਆਂ ਕੀਮਤਾਂ ਆਸਮਾਨ ਨੂੰ ਛੂਹ ਰਹੀਆਂ ਹਨ ਉਦੋਂ ਗੈਸ ਦੀਆਂ ਕੀਮਤਾਂ ਦੇ ਨਿੱਤ ਦਿਨ ਵਧਣ ਕਾਰਨ ਆਮ ਪਰਿਵਾਰਾਂ ਦੀਆਂ ਜੇਬ੍ਹਾਂ ਉੱਤੇ ਕਾਫੀ ਬੋਝ ਪੈ ਰਿਹਾ ਹੈ।

ਉਨ੍ਹਾਂ ਇਹ ਵੀ ਆਖਿਆ ਕਿ ਇਸ ਸਮੱਸਿਆ ਨੂੰ ਠੱਲ੍ਹ ਪਾਉਣ ਲਈ ਡੱਗ ਫੋਰਡ ਕੋਲ ਤਿੰਨ ਸਾਲ ਦਾ ਸਮਾਂ ਸੀ ਪਰ ਲਿਬਰਲਾਂ ਵਾਂਗ ਹੀ ਉਹ ਵੀ ਤੇਲ ਤੇ ਗੈਸ ਇੰਡਸਟਰੀ ਦੇ ਆਪਣੇ ਦੋਸਤਾਂ ਦਾ ਸਾਥ ਦੇਣ ਉੱਤੇ ਤੁਲੇ ਹੋਏ ਹਨ ਤੇ ਇਸ ਦਾ ਖਮਿਆਜਾ ਆਮ ਆਦਮੀ ਨੂੰ ਭਰਨਾ ਪੈ ਰਿਹਾ ਹੈ। ਉਨ੍ਹਾਂ ਆਖਿਆ ਕਿ ਗੈਸ ਦੀਆਂ ਕੀਮਤਾਂ ਵਿੱਚ 10 ਸੈਂਟ ਪ੍ਰਤੀ ਲੀਟਰ ਦੀ ਕਟੌਤੀ ਕਰਨ ਦਾ ਫੋਰਡ ਵੱਲੋਂ 2018 ਦੀਆਂ ਚੋਣਾਂ ਵਿੱਚ ਵਾਅਦਾ ਕੀਤਾ ਗਿਆ ਸੀ ਪਰ ਉਨ੍ਹਾਂ ਵੱਲੋਂ ਅਜੇ ਤੱਕ ਇਸ ਵਾਅਦੇ ਨੂੰ ਪੂਰਾ ਨਹੀਂ ਕੀਤਾ ਗਿਆ ਹੈ।

# ਕੌਮਾਂਤਰੀ ਭਾਈਚਾਰੇ ਦੇ ਯੂਕਰੇਨ ਨਾਲ ਖੜ੍ਹਨ ਕਾਰਨ ਰੂਸ ਨੂੰ ਲੱਗਿਆ ਵੱਡਾ ਝਟਕਾ : ਟਰੂਡੋ



ਓਟਵਾ, 3 ਮਾਰਚ (ਪੋਸਟ ਬਿਊਰੋ) : ਪ੍ਰਧਾਨ ਮੰਤਰੀ ਜਸਟਿਨ ਟਰੂਡੋ ਦਾ ਮੰਨਣਾ ਹੈ ਕਿ ਰੂਸ ਦੇ ਰਾਸ਼ਟਰਪਤੀ ਵਲਾਦੀਮੀਰ ਪੁਤਿਨ ਤੇ ਉਨ੍ਹਾਂ ਦੇ ਪ੍ਰਸ਼ਾਸਨ ਨੂੰ ਕੌਮਾਂਤਰੀ ਕਮਿਊਨਿਟੀਜ਼ ਵੱਲੋਂ ਚੁੱਕੇ ਗਏ ਸਖ਼ਤ ਕਦਮਾਂ ਕਾਰਨ ਵੱਡਾ ਝਟਕਾ ਲੱਗਿਆ ਹੈ। ਇਸ ਕਾਰਨ ਪੁਤਿਨ ਨੂੰ ਯੂਕਰੇਨ ਖਿਲਾਫ ਜਾਰੀ ਜੰਗ ਨੂੰ ਖ਼ਤਮ ਕਰਨ ਲਈ ਮਜਬੂਰ ਹੋਣਾ ਪਵੇਗਾ।

ਬੁੱਧਵਾਰ ਨੂੰ ਪਾਰਲੀਆਮੈਂਟ ਹਿੱਲ ਉੱਤੇ ਲਿਬਰਲ ਕਾਕਸ ਦੀ ਮੀਟਿੰਗ ਉੱਤੇ ਜਾਂਦਿਆਂ ਟਰੂਡੋ ਨੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਆਖਿਆ ਕਿ ਪੁਤਿਨ ਇਸ ਗੱਲ ਨੂੰ ਲੈ ਕੇ ਹੈਰਾਨ ਹਨ ਕਿ ਕੌਮਾਂਤਰੀ ਭਾਈਚਾਰਾ ਇੱਕਜੁੱਟ ਹੈ ਤੇ ਉਨ੍ਹਾਂ ਖਿਲਾਫ ਕਾਰਵਾਈ ਲਈ ਦ੍ਰਿੜ ਹੈ। ਪ੍ਰਧਾਨ ਮੰਤਰੀ ਨੇ ਆਖਿਆ ਕਿ ਕੈਨੇਡਾ ਤੇ ਯੂਕੇ ਵਰਗੇ ਦੇਸ਼ਾਂ ਤੋਂ ਪਾਬੰਦੀਆਂ ਦੀ ਉਮੀਦ ਤਾਂ ਪੁਤਿਨ ਨੂੰ ਹੋਵੇਗੀ ਹੀ ਪਰ ਜਰਮਨੀ ਵੱਲੋਂ ਗੈਸ ਪਾਈਪਲਾਈਨ ਪ੍ਰੋਜੈਕਟ ਨੌਰਡ ਸਟਰੀਮ ਨੂੰ ਰੱਦ ਕਰਨਾ ਤੇ ਯੂਕਰੇਨ ਨੂੰ ਹਥਿਆਰ ਭੇਜਣ ਦੀ ਗੱਲ ਕਰਨਾ ਅਜਿਹੀਆਂ ਗੱਲਾਂ ਹਨ ਜਿਸ ਨਾਲ ਰੂਸੀ ਸਿਸਟਮ ਹਿੱਲ ਗਿਆ ਹੈ। ਟਰੂਡੋ ਨੇ ਆਖਿਆ ਕਿ ਅਸੀਂ ਸਿਰਫ ਯੂਕਰੇਨ ਦਾ ਸਾਥ ਹੀ ਨਹੀਂ ਦੇ ਰਹੇ ਸਗੋਂ ਜਮਹੂਰੀਅਤ ਦੇ ਸਿਧਾਂਤਾਂ ਲਈ ਖੜ੍ਹੇ ਹਾਂ।

ਮੰਗਲਵਾਰ ਨੂੰ ਸੰਯੁਕਤ ਰਾਸ਼ਟਰ ਦੀ ਜਨਰਲ ਅਸੈਂਬਲੀ ਵੱਲੋਂ ਰੂਸ ਵੱਲੋਂ ਯੂਕਰੇਨ ਉੱਤੇ ਕੀਤੇ ਜਾ ਰਹੇ ਹਮਲਿਆਂ ਨੂੰ ਬੰਦ ਕਰਨ ਦੀ ਮੰਗ ਕੀਤੀ ਗਈ। ਇਸ ਕਦਮ ਦੀ ਯੂਕਰੇਨ ਦੇ ਰਾਸ਼ਟਰਪਤੀ ਵੋਲੋਦੀਮੀਰ ਜ਼ੈਲੈਂਸਕੀ ਵੱਲੋਂ ਸ਼ਲਾਘਾ ਕੀਤੀ ਗਈ। ਸੰਯੁਕਤ ਰਾਸ਼ਟਰ ਦੀ ਜਨਰਲ ਅਸੈਂਬਲੀ ਵਿੱਚ 5 ਵੋਟਾਂ ਦੇ ਮੁਕਾਬਲੇ ਪਈਆਂ 141 ਵੋਟਾਂ ਦਾ ਜ਼ਿਕਰ ਕਰਦਿਆਂ ਜ਼ੈਲੈਂਸਕੀ ਨੇ ਆਖਿਆ ਕਿ ਪੂਰੀ ਦੁਨੀਆ ਸਾਡੇ ਨਾਲ ਹੈ। ਜ਼ਿਕਰਯੋਗ ਹੈ ਕਿ ਇਸ ਵੋਟਿੰਗ ਵਿੱਚ 34 ਦੇਸ਼ਾਂ ਵੱਲੋਂ ਹਿੱਸਾ ਹੀ ਨਹੀਂ ਲਿਆ ਗਿਆ।

ਪੁਤਿਨ ਵੱਲੋਂ ਯੂਕਰੇਨ ਉੱਤੇ ਬੋਲੇ ਗਏ ਧਾਵੇ ਤੋਂ ਬਾਅਦ ਤੋਂ ਹੀ ਲਗਾਤਾਰ ਕੈਨੇਡੀਅਨ ਅਧਿਕਾਰੀਆਂ ਵੱਲੋਂ ਕਦੇ ਫੌਜੀ ਤੇ ਕਦੇ ਮਨੁੱਖਤਾਵਾਦੀ ਮਦਦ ਦਾ ਐਲਾਨ ਕੀਤਾ ਜਾਂਦਾ ਰਿਹਾ ਹੈ। ਕੈਨੇਡਾ ਵੱਲੋਂ ਰੂਸੀ ਬੈਂਕਾਂ ਤੇ ਅਹਿਮ ਹਸਤੀਆਂ ਖਿਲਾਫ ਵਿੱਤੀ ਮਾਪਦੰਡ ਵੀ ਅਪਣਾਏ ਗਏ ਹਨ। ਫੈਡਰਲ ਸਰਕਾਰ ਨੇ ਕੈਨੇਡੀਅਨ ਏਅਰਸਪੇਸ ਤੇ ਪਾਣੀ ਦੇ ਰਾਹ ਵੀ ਰੂਸੀ ਜਹਾਜ਼ਾਂ ਤੇ ਬੇੜਿਆਂ ਦੇ ਕੈਨੇਡਾ ਦਾਖਲ ਹੋਣ ਉੱਤੇ ਰੋਕ ਲਾ ਦਿੱਤੀ ਹੈ। ਇਹ ਸਾਰੇ ਕਦਮ ਹੋਰਨਾਂ ਭਾਈਵਾਲ ਮੁਲਕਾਂ ਨਾਲ ਤਾਲਮੇਲ ਕਰਕੇ ਹੀ ਕੈਨੇਡੀਅਨ ਸਰਕਾਰ ਵੱਲੋਂ ਚੁੱਕੇ ਗਏ ਹਨ।

# ਬੈਂਕ ਆਫ ਕੈਨੇਡਾ ਨੇ ਵਿਆਜ਼ ਦਰਾਂ ਵਿੱਚ ਕੀਤਾ 0.5 ਫੀ ਸਦੀ ਵਾਧਾ



ਓਟਵਾ, 3 ਮਾਰਚ (ਪੋਸਟ ਬਿਊਰੋ) : ਕੋਵਿਡ-19 ਮਹਾਂਮਾਰੀ ਸ਼ੁਰੂ ਹੋਣ ਤੋਂ ਬਾਅਦ ਵਿਆਜ਼ ਦਰਾਂ ਵਿੱਚ ਕੀਤੀ ਗਈ ਭਾਰੀ ਕਟੌਤੀ ਤੋਂ ਬਾਅਦ ਹੁਣ ਬੈਂਕ ਆਫ ਕੈਨੇਡਾ ਵੱਲੋਂ ਆਪਣੀਆਂ ਵਿਆਜ਼ ਦਰਾਂ ਵਿੱਚ ਵਾਧਾ ਕੀਤਾ ਗਿਆ ਹੈ। ਤਿੰਨ ਦਹਾਕਿਆਂ ਵਿੱਚ ਸੱਭ ਤੋਂ ਉੱਤੇ ਪਹੁੰਚੀ ਮਹਿੰਗਾਈ ਦਰ ਨੂੰ ਕਾਬੂ ਕਰਨ ਲਈ ਬੈਂਕ ਵੱਲੋਂ ਇਨ੍ਹਾਂ ਵਿਆਜ਼ ਦਰਾਂ ਵਿੱਚ 0.5 ਫੀ ਸਦੀ ਦਾ ਵਾਧਾ ਕੀਤਾ ਗਿਆ ਹੈ।

ਬੈਂਕ ਆਫ ਕੈਨੇਡਾ ਵੱਲੋਂ ਇਨ੍ਹਾਂ ਵਿਆਜ਼ ਦਰਾਂ ਵਿੱਚ ਕੀਤੇ ਵਾਧੇ ਤੋਂ ਬਾਅਦ ਰੌਇਲ ਬੈਂਕ ਤੇ ਟੀਡੀ ਵੱਲੋਂ ਵੀ ਆਪਣੇ ਲੈਂਡਿੰਗ ਰੇਟ ਵਿੱਚ ਵਾਧਾ ਕੀਤਾ ਜਾਵੇਗਾ। ਹੋਰਨਾਂ ਬੈਂਕਾਂ ਵੱਲੋਂ ਵੀ ਅਜਿਹਾ ਕੀਤੇ ਜਾਣ ਦੀ ਸੰਭਾਵਨਾ ਹੈ। ਹੋਰ ਬੈਂਕ ਕਰਜ਼ੇ ਦੀ ਕੀਮਤ ਵਿੱਚ ਵਾਧਾ ਕਰ ਸਕਦੇ ਹਨ।

ਵਿਆਜ਼ ਦਰਾਂ ਵਿੱਚ ਵਾਧਾ ਕਰਦਿਆਂ ਬੈਂਕ ਆਫ ਕੈਨੇਡਾ ਨੇ ਆਖਿਆ ਕਿ ਪਹਿਲਾਂ ਅਪਣਾਈ ਗਈ ਸੋਚ ਤੋਂ ਉਲਟ ਨੇੜ ਭਵਿੱਖ ਵਿੱਚ ਮਹਿੰਗਾਈ ਦੇ ਤੇਜ਼ੀ ਨਾਲ ਵਧਣ ਦੀ ਸੰਭਾਵਨਾ ਹੈ। ਸੈਂਟਰਲ ਬੈਂਕ ਵੱਲੋਂ ਇਹ ਚੇਤਾਵਨੀ ਵੀ ਦਿੱਤੀ ਗਈ ਹੈ ਕਿ ਵਿਆਜ਼ ਦਰਾਂ ਵਿੱਚ ਇਹ ਵਾਧਾ ਆਖਰੀ ਨਹੀਂ ਹੋਵੇਗਾ। ਅਰਥਸ਼ਾਸਤਰੀਆਂ ਅਨੁਸਾਰ ਇਸ ਸਾਲ ਦੇ ਅੰਤ ਤੋਂ ਪਹਿਲਾਂ ਇਸ ਤਰ੍ਹਾਂ ਦੇ ਕਈ ਹੋਰ ਵਾਧੇ ਹੋ ਸਕਦੇ ਹਨ।

# ਸਿਟੀ ਆਫ ਟੋਰਾਂਟੋ ਦੇ ਮੁਲਾਜ਼ਮਾਂ ਲਈ ਜਾਰੀ ਰਹੇਗੀ ਵੈਕਸੀਨੇਸ਼ਨ ਸਬੰਧੀ ਪਾਲਿਸੀ



ਟੋਰਾਂਟੋ, 3 ਮਾਰਚ (ਪੋਸਟ ਬਿਊਰੋ) : ਕੋਵਿਡ-19 ਪਬਲਿਕ ਹੈਲਥ ਮਾਪਦੰਡਾਂ ਵਿੱਚੋਂ ਪ੍ਰੋਵਿੰਸ ਵੱਲੋਂ ਭਾਵੇਂ ਕਈ ਮਾਪਦੰਡ ਹਟਾਅ ਲਏ ਗਏ ਹਨ ਪਰ ਕਈ ਸਿਟੀਜ਼, ਜਿਨ੍ਹਾਂ ਵਿੱਚ ਟੋਰਾਂਟੋ ਵੀ ਸ਼ਾਮਲ ਹੈ, ਆਪਣੇ ਮੁਲਾਜ਼ਮਾਂ ਲਈ ਵੈਕਸੀਨੇਸ਼ਨ ਪਾਲਿਸੀ ਵਾਲਾ ਨਿਯਮ ਜਾਰੀ ਰੱਖਣਗੀਆਂ।

ਮੇਅਰ ਜੌਹਨ ਟੋਰੀ ਨੇ ਬੁੱਧਵਾਰ ਨੂੰ ਸਵੇਰੇ ਆਖਿਆ ਕਿ ਉਨ੍ਹਾਂ ਵੱਲੋਂ ਵੈਕਸੀਨੇਸ਼ਨ ਸਬੰਧੀ ਨਿਯਮ ਵਿੱਚ ਮੁਲਾਜ਼ਮਾਂ ਨੂੰ ਕੋਈ ਢਿੱਲ ਨਹੀਂ ਦਿੱਤੀ ਜਾਵੇਗੀ। ਸਿਟੀ ਦੇ ਜਿਹੜੇ ਮੁਲਾਜ਼ਮ ਘਰ ਤੋਂ ਕੰਮ ਕਰ ਰਹੇ ਹਨ ਉਨ੍ਹਾਂ ਦੇ 21 ਮਾਰਚ ਤੋਂ ਆਫਿਸ ਪਰਤਣ ਦੀ ਸੰਭਾਵਨਾ ਹੈ। ਸਿਟੀ ਵੱਲੋਂ ਸੈਲਫ ਆਈਸੋਲੇਸ਼ਨ ਸਬੰਧੀ ਆਪਣੇ ਨਿਯਮ ਨੂੰ ਵੀ ਖ਼ਤਮ ਕਰ ਦਿੱਤਾ ਗਿਆ ਹੈ।

ਕੁੱਝ ਹੋਰ ਮਿਊਂਸਪੈਲੀਟੀਜ਼ ਵੱਲੋਂ ਵੀ ਸਟਾਫ ਵੈਕਸੀਨੇਸ਼ਨ ਨੀਤੀਆਂ ਨੂੰ ਜਾਰੀ ਰੱਖਿਆ ਜਾਵੇਗਾ, ਇਨ੍ਹਾਂ ਵਿੱਚ ਸਿਟੀ ਆਫ ਮਿਸੀਸਾਗਾ ਤੇ ਯੌਰਕ ਰੀਜਨ ਸ਼ਾਮਲ ਹਨ।

# ਯੂਕਰੇਨ ਉੱਤੇ ਰੂਸ ਵੱਲੋਂ ਕੀਤੇ ਹਮਲੇ ਦੇ ਵਿਸ਼ਵ ਜੰਗ ਵਿੱਚ ਬਦਲਣ ਦਾ ਤੌਖ਼ਲਾ



ਓਟਵਾ, 3 ਮਾਰਚ (ਪੋਸਟ ਬਿਊਰੋ) : ਇੱਕ ਨਵੇਂ ਸਰਵੇਖਣ ਤੋਂ ਇਹ ਸਾਹ-ਮਣੇ ਆਇਆ ਹੈ ਕਿ ਦੋ ਤਿਹਾਈ ਕੈਨੇਡੀਅਨਜ਼ ਦਾ ਇਹ ਮੰਨਣਾ ਹੈ ਕਿ ਰੂਸ ਵੱਲੋਂ ਯੂਕਰੇਨ ਉੱਤੇ ਕੀਤਾ ਹਮਲਾ ਹੌਲੀ ਹੌਲੀ ਵਿਸ਼ਵ ਜੰਗ ਵਿੱਚ ਬਦਲ ਜਾਵੇਗਾ।

ਸਰਵੇਖਣ ਵਿੱਚ ਹਿੱਸਾ ਲੈਣ ਵਾਲਿਆਂ ਵਿੱਚੋਂ ਅੱਧੇ ਤੋਂ ਵੱਧ ਨੇ ਇਹ ਮੰਨਿਆਂ ਕਿ ਰੂਸ ਖਿਲਾਫ ਯੂਕਰੇਨ ਦੀ ਮਦਦ ਕੈਨੇਡਾ ਵੱਲੋਂ ਨੌਰਥ ਐਟਲਾਂਟਿਕ ਟ੍ਰੀਟੀ ਆਰਗੇਨਾਈਜ਼ੇਸ਼ਨ ਦੇ ਹਿੱਸੇ ਵਜੋਂ ਕੀਤੀ ਜਾ ਰਹੀ ਹੈ। 1519 ਕੈਨੇਡੀਅਨਜ਼ ਤੇ 1004 ਅਮੈਰੀਕਨਜ਼ ਉੱਤੇ ਕੀਤੇ ਗਏ ਇਸ ਸਰਵੇਖਣ ਨੂੰ 25 ਤੋਂ 27 ਮਾਰਚ ਦਰਮਿਆਨ ਲੈਜਰ ਵੱਲੋਂ ਕਰਵ-ਾਇਆ ਗਿਆ। ਇਹ ਸਰਵੇਖਣ ਮਾਸਕੋ ਵੱਲੋਂ ਹਮਲਾ ਕੀਤੇ ਜਾਣ ਤੋਂ ਕੁੱਝ ਸਮੇਂ ਬਾਅਦ ਹੀ ਆਨਲਾਈਨ ਕਰਵਾਇਆ ਗਿਆ।

ਸਰਵੇਖਣ ਵਿੱਚ ਹਿੱਸਾ ਲੈਣ ਵਾਲੇ 89 ਫੀ ਸਦੀ ਕੈਨੇਡੀਅਨਾਂ ਨੇ ਆਖਿਆ ਕਿ ਉਹ ਯੂਕਰੇਨ ਉੱਤੇ ਰੂਸ ਵੱਲੋਂ ਹਮਲਾ ਕੀਤੇ ਜਾਣ ਨੂੰ ਲੈ ਕੇ ਕਾਫੀ ਚਿੰਤਤ ਹਨ। ਇਹ ਪੁੱਛੇ ਜਾਣ ਉੱਤੇ ਕਿ ਇਸ ਸੰਘਰਸ਼ ਵਿੱਚ ਉਹ ਕਿਸ ਦਾ ਸਾਥ ਦੇਣਗੇ ਤਾਂ 83 ਫੀ ਸਦੀ ਨੇ ਆਖਿਆ ਕਿ ਯੂਕਰੇਨ ਦਾ ਜਦਕਿ 71 ਫੀ ਸਦੀ ਅਮੈਰੀਕਨਜ਼ ਨੇ ਯੂਕਰੇਨ ਦੀ ਹਮਾਇਤ ਦੀ ਗੱਲ ਆਖੀ।

## ਮਿਸੀਸਾਗਾ ਵਿੱਚ ਚੱਲੀ ਗੋਲੀ, ਇੱਕ ਵਿਅਕਤੀ ਹਲਾਕ

ਮਿਸੀਸਾਗਾ, 3 ਮਾਰਚ (ਪੋਸਟ ਬਿਊਰੋ) : ਮਿਸੀਸਾਗਾ ਵਿੱਚ ਬੁੱਧਵਾਰ ਸਵੇਰੇ ਗੋਲੀ ਚੱਲਣ ਤੋਂ ਬਾਅਦ ਇੱਕ 20 ਸਾਲਾ ਵਿਅਕਤੀ ਦੀ ਮੌਤ ਹੋ ਗਈ। ਪੀਲ ਪੁਲਿਸ ਨੇ ਦੱਸਿਆ ਕਿ ਇਹ ਘਟਨਾ ਵਿੰਸਟਨ ਚਰਚਿਲ ਬੋਲੀਵੀਆਰਡ ਤੇ ਐਕੁਈਟੇਨ ਐਵਨਿਊ ਦੇ ਨੇੜੇ ਸਵੇਰੇ 5:20 ਉੱਤੇ ਵਾਪਰੀ। ਜਿਸ ਵਿਅਕਤੀ ਨੂੰ ਗੋਲੀ ਲੱਗੀ ਉਹ ਟਾਊਨਹਾਊਸ ਕਾਂਪਲੈਕਸ ਦੇ ਬਾਹਰ ਸੀ ਤੇ ਉਸ ਨੂੰ ਮੌਕੇ ਉੱਤੇ ਹੀ ਮ੍ਰਿਤਕ ਐਲਾਨ ਦਿੱਤਾ ਗਿਆ। ਇਸ ਸਮੇਂ ਕਿਸੇ ਵੀ ਮਸ਼ਕੂਕ ਦੇ ਸਬੰਧ ਵਿੱਚ ਕੋਈ ਜਾਣਕਾਰੀ ਹਾਸਲ ਨਹੀਂ ਹੋਈ ਹੈ।

## ਰੇਲ ਟਿਕਟਾਂ ਦਾ ਗ਼ੈਰ-ਕਾਨੂੰਨੀ ਧੰਦਾ: 9 ਦੋਸ਼ੀ ਗ੍ਰਿਫਤਾਰ ਅਤੇ 1,39,518 ਰੁਪਏ ਦੀਆਂ 104 ਨਾਜਾਇਜ਼ ਟਿਕਟਾਂ ਬਰਾਮਦ

ਫ਼ਿਰੋਜ਼ਪੁਰ, 3 ਮਾਰਚ (ਪੋਸਟ ਬਿਊਰੋ)- ਭਾਰਤੀ ਰੇਲਵੇ ਦੀ ਫ਼ਿਰੋਜ਼ਪੁਰ ਡਵੀਜ਼ਨ ਦੇ ਵੱਖ-ਵੱਖ ਸਟੇਸ਼ਨਾਂ ਉੱਤੇ ਰੇਲ ਟਿਕਟਾਂ ਦਾ ਗ਼ੈਰ-ਕਾਨੂੰਨੀ ਧੰਦਾ ਕਰਨ ਵਾਲੇ ਲੋਕਾ ਖ਼ਿਲਾਫ਼ ਕਾਰਵਾਈ ਕਰਦੇ ਹੋਏ ਆਰ ਪੀ ਐਫ ਨੇ ਛਾਪੇ ਦੌਰਾਨ 9 ਜਣੇ ਕਾਬੂ ਕਰਕੇ 104 ਨਾਜਾਇਜ਼ ਰੇਲ ਟਿਕਟਾਂ (ਕੀਮਤ 1,39,518 ਰੁਪਏ) ਬਰਾਮਦ ਕੀਤੀਆਂ ਹਨ। ਇਸ ਟੀਮ ਨੂੰ1 ਮਾਰਚ ਨੂੰ 'ਆਪ੍ਰੇਸ਼ਨ ਉਪਲਬਧ' ਤਹਿਤ ਵੱਖ-ਵੱਖ ਕੇਸਾਂ ਵਿੱਚ 9 ਅਪਰਾਧੀਆਂ ਨੂੰ ਫੜਨ ਵਿੱਚ ਸਫਲਤਾ ਮਿਲੀ ਹੈ। ਰੇਲਵੇ ਸੁਰੱਖਿਆ ਫੋਰਸ (ਆਰ ਪੀ ਐੱਫ) ਲੁਧਿਆਣਾ, ਜੰਮੂ, ਫ਼ਿਰੋਜ਼ਪੁਰ, ਜੰਮੂ ਤਵੀ, ਕਠੂਆ, ਪਠਾਨਕੋਟ ਕੈਂਟ ਅਤੇ ਊਧਮਪੁਰ ਵਿਖੇ ਛਾਪੇ ਮਾਰ ਕੇ 9 ਵਿਅਕਤੀ ਕਾਬੂ ਕੀਤੇ। ਫੋਰਸ ਵੱਲੋਂ ਫੜੇ ਗਏ ਇਨ੍ਹਾਂਲੋਕਾਂ ਤੋਂ 54,565 ਰੁਪਏ ਦੀਆਂ ਅਗਲੇ ਸਮੇਂ ਦੀਆਂ 63 ਟਿਕਟਾਂ ਪੁਰਾਣੀਆਂ ਮਿਲੀਆਂ ਹਨ, ਜੋ 1,39,518 ਰੁਪਏ ਦੀਆਂ 104 ਟਿਕਟਾਂ ਬਣਦੀਆਂ ਹਨ। ਇਸ ਬਾਰੇ ਅਗਲੀ ਜਾਂਚ ਚੱਲ ਰਹੀ ਹੈ।

# ਟੋਰਾਂਟੋ ਦੇ 3 ਸਕੂਲਾਂ ਦੇ ਬਾਹਰ ਕੀਤੀ ਮਿਲੀ ਯਹੂਦੀ ਵਿਰੋਧੀ ਗ੍ਰੈਫਿਟੀ




ਟੋਰਾਂਟੋ, 3 ਮਾਰਚ (ਪੋਸਟ ਬਿਊਰੋ) : ਟੋਰਾਂਟੋ ਪੁਲਿਸ ਚੀਫ ਦਾ ਕਹਿਣਾ ਹੈ ਕਿ ਬੁੱਧਵਾਰ ਨੂੰ ਅਧਿਕਾਰੀਆਂ ਨੂੰ ਤਿੰਨ ਸਕੂਲਾਂ ਦੇ ਬਾਹਰ ਯਹੂਦੀ ਵਿਰੋਧੀ ਗ੍ਰੈਫਿਟੀ ਵੇਖੇ ਜਾਣ ਦੀਆਂ ਰਿਪੋਰਟਾਂ ਮਿਲੀਆਂ।

ਪੁਲਿਸ ਅਧਿਕਾਰੀਆਂ ਨੂੰ ਸਵੇਰੇ 8:30 ਤੇ 10:30 ਦਰਮਿਆਨ ਸੈਂਟਰਲ ਟੈਕਨੀਕਲ ਹਾਈ ਸਕੂਲ, ਮੈਲਵਰਨ ਕਾਲਜੀਏਟ ਇੰਸਟੀਚਿਊਟ ਤੇ ਰੋਜ਼ਡੇਲ ਹਾਈਟਸ ਸਕੂਲ ਸੱਦਿਆ ਗਿਆ। ਬੁੱਧਵਾਰ ਦੁਪਹਿਰ ਨੂੰ ਕੀਤੇ ਗਏ ਇੱਕ ਟਵੀਟ ਵਿੱਚ ਚੀਫ ਜੇਮਜ਼ ਰੈਮਰ ਨੇ ਆਖਿਆ ਕਿ ਇਸ ਮਾਮਲੇ ਦੀ ਜਾਂਚ ਲਈ ਹੇਟ ਕ੍ਰਾਈਮ ਯੂਨਿਟ ਦੀ ਮਦਦ ਲਈ ਜਾ ਰਹੀ ਹੈ। ਉਨ੍ਹਾਂ ਆਖਿਆ ਕਿ ਅਸੀਂ ਆਪਣੀ ਸਿਟੀ ਵਿੱਚ ਇਸ ਤਰ੍ਹਾਂ ਦੇ ਹੇਟ ਕ੍ਰਾਈਮ ਨੂੰ ਨਹੀਂ ਹੋਣ ਦੇ ਸਕਦੇ ਤੇ ਇਸ ਨੂੰ ਰੋਕਣਾ ਸਾਡੀ ਤਰਜੀਹ ਹੈ।

ਇੱਕ ਬੁਲਾਰੇ ਨੇ ਦੱਸਿਆ ਕਿ ਇਨ੍ਹਾਂ ਤਿੰਨਾਂ ਮਾਮਲਿਆਂ ਵਿੱਚ ਯਹੂਦੀ ਵਿਰੋਧੀ ਭਾਸ਼ਾ ਦੀ ਵਰਤੋਂ ਕੀਤੀ ਗਈ ਹੈ। ਟੋਰਾਂਟੋ ਡਿਸਟ੍ਰਿਕਟ ਸਕੂਲ ਬੋਰਡ ਦੇ ਬੁਲਾਰੇ ਰਾਇਨ ਬਰਡ ਨੇ ਪੁਸ਼ਟੀ ਕੀਤੀ ਕਿ ਇਹ ਘਟਨਾ ਰਾਤ ਸਮੇਂ ਵਾਪਰੀ।

# ਯੂਕਰੇਨੀ ਮੂਲ ਦਾ ਕੈਨੇਡੀਅਨ ਖਿਡਾਰੀ ਰੂਸ ਖਿਲਾਫ ਜੰਗ ਦੇ ਮੈਦਾਨ ਵਿੱਚ ਨਿੱਤਰਿਆ



ਓਨਟਾਰੀਓ, 3 ਮਾਰਚ (ਪੋਸਟ ਬਿਊਰੋ) : ਗੁਐਲਫ, ਓਨਟਾਰੀਓ ਦੇ ਯੂਕਰੇਨੀ ਮੂਲ ਦੇ ਸੌਕਰ ਖਿਡਾਰੀ ਨੇ ਆਪਣੇ ਖੇਡਾਂ ਵਾਲੇ ਬੂਟ ਉਤਾਰ ਕੇ ਜੰਗ ਵਿੱਚ ਨਿੱਤਰਣ ਦਾ ਫੈਸਲਾ ਕੀਤਾ ਹੈ। ਰੂਸ ਖਿਲਾਫ ਛਿੜੀ ਜੰਗ ਵਿੱਚ ਆਪਣੇ ਮੂਲ ਦੇਸ਼ ਯੂਕਰੇਨ ਦਾ ਸਾਥ ਦੇਣ ਲਈ ਇਸ ਖਿਡਾਰੀ ਵੱਲੋਂ ਇਹ ਫੈਸਲਾ ਕੀਤਾ ਗਿਆ ਹੈ।

ਸਵਾਇਤਿਕ ਆਰਟੇਮੈਂਕੋ ਪਹਿਲਾਂ ਗੁਐਲਫ ਯੂਨਾਈਟਿਡ ਵੱਲੋਂ ਖੇਡਦਾ ਸੀ ਤੇ ਪਿੱਛੇ ਜਿਹੇ ਹੀ ਉਸ ਨੇ ਵੈਸਟਰਨ ਯੂਕਰੇਨੀਅਨ ਸੌਕਰ ਕਲੱਬ ਨਾਲ ਸਮਝੌਤੇ ਉੱਤੇ ਸਾਈਨ ਕੀਤਾ ਹੈ। ਅਜੇ ਕੁੱਝ ਸਮੇਂ ਪਹਿਲਾਂ ਹੀ ਉਹ ਗੁਐਲਫ ਤੋਂ ਗਿਆ ਸੀ ਤੇ ਹੁਣ ਉਹ ਓਡੇਸਾ, ਯੂਕਰੇਨ ਵਿੱਚ ਟਰੇਨਿੰਗ ਲੈ ਰਿਹਾ ਹੈ ਤੇ ਰੂਸ ਖਿਲਾਫ ਮਰਚਾ ਸਾਂਭਣ ਦੀ ਤਿਆਰੀ ਕਰ ਰਿਹਾ ਹੈ।

ਉਸ ਨੇ ਆਖਿਆ ਕਿ ਤੁਹਾਡੇ ਅੰਦਰ ਇਹ ਅਹਿਸਾਸ ਹੈ ਕਿ ਤੁਹਾਡੀ ਮੌਤ ਹੋ ਸਕਦੀ ਹੈ ਤੇ ਅਜਿਹਾ ਕਰਨਾ ਕੋਈ ਆਮ ਗੱਲ ਨਹੀਂ ਹੈ। ਪਰ ਤੁਹਾਨੂੰ ਸਮੇਂ ਤੇ ਹਾਲਾਤ ਦੇ ਹਿਸਾਬ ਨਾਲ ਫੈਸਲਾ ਕਰਨਾ ਹੁੰਦਾ ਹੈ। ਉਨ੍ਹਾਂ ਆਖਿਆ ਕਿ ਕਿਸੇ ਵੀ ਡਰ ਨਾਲੋਂ ਆਪਣੇ ਦੇਸ਼ ਲਈ ਮਰਨਾ ਕਿਤੇ ਮਾਣ ਵਾਲੀ ਗੱਲ ਹੈ।

ਉਨ੍ਹਾਂ ਆਖਿਆ ਕਿ ਰੂਸ ਵੱਲੋਂ ਅਗਲਾ ਹਮਲਾ ਓਡੇਸਾ ਉੱਤੇ ਕੀਤੇ ਜਾਣ ਦੀ ਸੰਭਾਵਨਾ ਹੈ ਤੇ ਅਜਿਹਾ ਕੁੱਝ ਘੰਟਿਆਂ ਵਿੱਚ ਹੋ ਸਕਦਾ ਹੈ। ਪਰ ਅਸੀਂ ਇਸ ਸਮੇਂ ਹਾਈ ਐਲਰਟ ਉੱਤੇ ਹਾਂ।


REXDALE FINANCIAL SERVICES
WE HELP YOU START, GROW AND SUCCEED
We bring Canada's leading lenders to you
The Mortgage Centre
I direct mortgages Inc.
21 Roysun Rd, #6, Woodbridge, ON L4L 8R3
Ph: 905.652.3000 ext 467 | 905.652.300 ext 468
Each Mortgage center is independently owned and operated
Call now: 416.674.8035 | 416.674.7050 or Fax: 416.674.9009
ਮਿਲ ਰਹੇ ਘੱਟ ਵਿਆਜ ਦਰਾਂ ਦਾ ਫਾਇਦਾ ਚੱਕੋ ਅਤੇ ਹਜ਼ਾਰਾਂ ਹੀ ਡਾਲਰ ਬਚਾਓ!
• DEBT CONSOLIDATION • HOME EQUITY
• LOANS • HOME RENOVATION
• WANT TO GET OUT OF CREDIT CARD DEBT
ਜਿਆਦਾ ਕਰਜਾ ਦੇ ਕੇ ਥੱਕ ਚੁੱਕੇ ਹੋ? ਆਪਣਾ ਕਰਜਾਂ ਚੁਕਾਓ!!!
ਬੈਂਕ ਨੇ ਕਰ ਦਿੱਤੀ 'ਨਾਂਹ', ਅਸੀਂ ਕਰਾਂਗੇ 'ਹਾਂ'
MORTGAGES SUITABLE FOR EVERY NEED!
1st & 2nd Mortgage Available
ALL IN ONE LOW MONTHLY PAYMENT!
Increase Your Cash Flow by up to 50%
YOU NEED A MORTGAGE? WE'LL ARANGE IT FOR YOU NO MATTER WHAT YOUR REASON IS!
Self Employed or Unemployed
Each Mortgage Centre is independently owned and operated
19 Woodbine Downs Blvd, #201, Etobicoke, ON M9W 6N5
Jaspal Singh Gahunia #M08006400
416.677.0047





UK TRUCK TRAINING CENTRE
PCC #179958
Registered as a Private Careers College
ਹੁਣ ਕੈਮਬ੍ਰਿਜ ਵਿੱਚ ਨਵੀਂ ਲੋਕੇਸ਼ਨ ਖੁੱਲ ਗਈ ਹੈ!!!
225 Sheldon Dr #18, Cambridge
Automatic & Manual Trucks
1 on 1 Training
Air Brake Classes
Sat & Sun 8.00am to 4.00pm
Wed & Thu 4.00pm to 11.00pm
ਜਲਦੀ ਰੋਡ ਟੈਸਟ ਬੁਕਿੰਗ
Forklift Training
Forklift $79 Recertification
Counterbalance
Reach Truck
ਬਾਰ-ਬਾਰ ਫੇਲ੍ਹ ਹੋਣ ਤੋਂ ਬਚਣ ਲਈ ਤਜ਼ਰਬੇਕਾਰ ਇੰਸਟ੍ਰਕਟਰ ਤੋਂ ਟ੍ਰੇਨਿੰਗ ਪ੍ਰਾਪਤ ਕਰੋ।
We help in Written Test & in Finding Jobs
20 ਸਾਲਾਂ ਦਾ ਤਜ਼ਰਬਾ | 7 ਦਿਨ ਖੁੱਲਾ | ਗੇਅਰਾਂ ਵਾਲੇ ਟਰੱਕਾ ਦੀ ਸਪੈਸ਼ਲ ਟ੍ਰੇਨਿੰਗ
7542 Bath Rd, Mississauga, ON L4T 1L2, Off:905.673.7979 | OPEN 7 DAYS uktruck1@gmail.com | Jitpal Singh Deol 647-204-1936







REXDALE BODY SHOP
USED CAR SALE
Specialization In:
★ All Kinds of Body Work
★ Auto Glass Windshield
★ Denting, Painting & Welding
SPECIAL PAINT JOB $779
RENTAL CAR PROVIDED
ਅਸੀਂ ਸਾਰੇ ਇੰਸ਼ੋਰੈਂਸ ਕੰਪਨੀ ਨੂੰ ਕਵਰ ਕਰਦੇ ਹਾਂ
25 years of Canadian Experience
OPEN MON - SAT 9AM TO 7PM
CHEEMA
LOWEST PRICE IN TOWN
Towing Service Car Paint Starts $799* upto 100% Deductible Paid*
Call Rick or Manminder Cheema: 416.749.9596 / 416.951.6431
30 Racine Rd. Toronto, ON, M9W 2Z3, FAX: 416.749.9597
www.AAABODYSHOP.ca
mcheemaaaa@hotmail.com







SherGill Law Firm
Barrister, Solicitor & Notary Public
Services:
• Real Estate
• Residential, Commercial & Franchise
• Criminal Law
• Family Law
• Affidavit, Power Of Attorney & Notarization
• Immigration Matters
Paramjit Singh Gill (MBA,LL.B.)
Tel: 905-790-3636
2565 Steeles Ave E Unit #20, Brampton, ON L6T 4L6
Emergency Contact: 416.910.5676
www.shergilllawfirm.ca






# ਕੌਮਾਂਤਰੀ ਪੱਧਰ ’ਤੇ ਇਕੱਲੇ ਪੈ ਗਏ ਹਨ ਪੁਤਿਨ : ਫਰੀਲੈਂਡ



ਓਟਵਾ, 3 ਮਾਰਚ (ਪੋਸਟ ਬਿਊਰੋ) : ਡਿਪਟੀ ਪ੍ਰਧਾਨ ਮੰਤਰੀ ਤੇ ਵਿੱਤ ਮੰਤਰੀ ਕ੍ਰਿਸਟੀਆ ਫਰੀਲੈਂਡ ਨੇ ਆਖਿਆ ਕਿ ਕੈਨੇਡੀਅਨ ਸਰਕਾਰ ਆਉਣ ਵਾਲੇ ਸਮੇਂ ਵਿੱਚ ਰੂਸ ਉੱਤੇ ਹੋਰ ਆਰਥਿਕ ਪਾਬੰਦੀਆਂ ਲਾਵੇਗੀ। ਅਜਿਹਾ ਇਸ ਲਈ ਕੀਤਾ ਜਾਵੇਗਾ ਤਾਂ ਕਿ ਰੂਸ ਯੂਕਰੇਨ ਖਿਲਾਫ ਲੜਾਈ ਨੂੰ ਹੋਰ ਫੰਡ ਮੁਹੱਈਆ ਨਾ ਕਰਵਾ ਸਕੇ।

ਫਰੀਲੈਂਡ ਨੇ ਆਖਿਆ ਕਿ ਰੂਸ ਦੇ ਰਾਸ਼ਟਰਪਤੀ ਵਲਾਦੀਮੀਰ ਪੁਤਿਨ ਤੋਂ ਕੌਮਾਂਤਰੀ ਪੱਧਰ ਉੱਤੇ ਸਾਰੇ ਹੀ ਟੁੱਟ ਰਹੇ ਹਨ ਤੇ ਰੂਸ ਦੀਆਂ ਹਰਕਤਾਂ ਦੁਨੀਆ ਦੀ ਸੱਭ ਤੋਂ ਵੱਡੇ ਸ਼ਕਤੀਸਾਲੀ ਮੁਲਕ ਵਾਲੀਆਂ ਨਹੀਂ ਹਨ ਸਗੋਂ ਭ੍ਰਿਸ਼ਟ ਸਰਕਾਰ ਵਾਲੀਆਂ ਹਨ। ਰੂਸ ਨੂੰ ਸਜ਼ਾ ਦੇਣ ਲਈ ਕੈਨੇਡਾ ਸਰਕਾਰ ਵੱਲੋਂ ਮੁਹੱਈਆ ਕਰਵਾਈ ਜਾਣ ਵਾਲੀ ਅਪਡੇਟ ਬਾਰੇ ਮੰਗਲਵਾਰ ਦੁਪਹਿਰ ਨੂੰ ਫਰੀਲੈਂਡ ਨੇ ਆਪਣੇ ਜੀ-7 ਕੁਲੀਗਜ਼ ਨਾਲ ਕੀਤੀ ਮੀਟਿੰਗ ਵਿੱਚ ਜਾਣਕਾਰੀ ਦਿੱਤੀ।

ਫਰੀਲੈਂਡ ਨੇ ਆਖਿਆ ਕਿ ਜਿਹੜੀਆਂ ਪਾਬੰਦੀਆਂ ਹੁਣ ਲਾਈਆਂ ਜਾਣਗੀਆਂ ਉਹ ਅਜਿਹੀਆਂ ਸੰਸਥਾਵਾਂ ਤੇ ਵਿਅਕਤੀਆਂ ਉੱਤੇ ਹੋਣਗੀਆਂ ਜਿਹੜੇ ਪੁਤਿਨ ਦੀ ਮਦਦ ਕਰ ਰਹੇ ਹਨ। ਅਜਿਹੀਆਂ ਹੀ ਪਾਬੰਦੀਆਂ ਪਹਿਲਾਂ ਵੀ ਲਾਈਆਂ ਜਾ ਚੁੱਕੀਆਂ ਹਨ। ਜ਼ਿਕਰਯੋਗ ਹੈ ਕਿ ਓਟਵਾ ਵੱਲੋਂ ਪਹਿਲਾਂ ਪੁਤਿਨ ਸਮੇਤ ਵਿਦੇਸ਼ ਮੰਤਰੀ ਸਰਗੇਈ ਲੈਵਰੋਵ, ਜਸਟਿਸ ਮੰਤਰੀ ਕੌਂਸਟੈਂਟਿਨ ਚੁਈਚੈਂਕੋ, ਰੱਖਿਆ ਮੰਤਰੀ ਸਰਗੇਈ ਸੌਇਗਮ ਤੇ ਪੁਤਿਨ ਦੇ ਚੀਫ ਆਫ ਸਟਾਫ ਐਂਟਨ ਵੇਨੋਉੱਤੇ ਪਾਬੰਦੀਆਂ ਲਾਈਆਂ ਜਾ ਚੁੱਕੀਆਂ ਹਨ।

ਇਸ ਦੇ ਨਾਲ ਹੀ ਸਰਕਾਰ ਵੱਲੋਂ ਸਾਰੀਆਂ ਵਿੱਤੀ ਸੰਸਥਾਂਵਾਂ ਉੱਤੇ ਰੂਸੀ ਸੈਂਟਰਲ ਬੈਂਕ ਨਾਲ ਲੈਣ ਦੇਣ ਉੱਤੇ ਵੀ ਰੋਕ ਲਾਈ ਜਾ ਚੁੱਕੀ ਹੈ। ਕੁੱਲ ਮਿਲਾ ਕੇ 32 ਰੂਸੀ ਸੰਸਥਾਵਾਂ ਅਤੇ 382 ਵਿਅਕਤੀਆਂ ਉੱਤੇ ਕੈਨੇਡਾ ਵੱਲੋਂ ਪਾਬੰਦੀਆਂ ਲਾਈਆਂ ਜਾ ਚੁੱਕੀਆਂ ਹਨ। ਪਰ ਰੂਸ ਦੇ ਬਿਲੀਅਨੇਅਰ ਤੇ ਚੈਲਸੀ ਫੁੱਟਬਾਲ ਕਲੱਬ ਦੇ ਮਾਲਕ ਰੋਮਨ ਅਬਰਾਮੋਵਿਚ ਉੱਤੇ ਪਾਬੰਦੀਆਂ ਨਹੀਂ ਲਾਈਆਂ ਗਈਆਂ। ਕੈਨੇਡਾ ਵਿੱਚ ਉਸ ਦੀ ਕਾਫੀ ਸੰਪਤੀ ਹੈ।

# ਰੂਸੀ ਹਮਲਿਆਂ ਤੇ ਮਹਿੰਗਾਈ ਉੱਤੇ ਰੋਕ ਲਾਉਣ ਦਾ ਬਾਇਡਨ ਨੇ ਪ੍ਰਗਟਾਇਆ ਤਹੱਈਆ



ਵਾਸ਼ਿੰਗਟਨ, 3 ਮਾਰਚ (ਪੋਸਟ ਬਿਊਰੋ) : ਅਮਰੀਕਾ ਦੇ ਰਾਸ਼ਟਰਪਤੀ ਜੋਅ ਬਾਇਡਨ ਨੇ ਮੰਗਲਵਾਰ ਨੂੰ ਐਲਾਨ ਕਰਦਿਆਂ ਆਖਿਆ ਕਿ ਉਹ ਯੂਕਰੇਨ ਵਿੱਚ ਰੂਸ ਵੱਲੋਂ ਕੀਤੇ ਜਾ ਰਹੇ ਹਮਲਿਆਂ ਉੱਤੇ ਰੋਕ ਲਾਉਣ ਦੀ ਕੋਸ਼ਿਸ਼ ਕਰਨਗੇ, ਮਹਿੰਗਾਈ ਨੂੰ ਕਾਬੂ ਕਰਨ ਦਾ ਉਪਰਾਲਾ ਕਰਨਗੇ ਤੇ ਮੱਠੇ ਪੈ ਚੁੱਕੇ ਪਰ ਅਜੇ ਵੀ ਖਤਰਨਾਕ ਕਰੋਨਾਵਾਇਰਸ ਨਾਲ ਸਿੱਝਣਗੇ।

ਬਾਇਡਨ ਨੇ ਐਲਾਨ ਕੀਤਾ ਕਿ ਉਹ ਖੁਦ ਤੇ ਕਾਂਗਰਸ ਦੇ ਸਾਰੇ ਮੈਂਬਰਜ਼, ਆਪਣੇ ਮਤਭੇਦਾਂ ਨੂੰ ਪਾਸੇ ਰੱਖਕੇ ਇਹ ਪ੍ਰਣ ਕਰਨਗੇ ਕਿ ਆਜ਼ਾਦੀ ਸਰਵੋਪਰੀ ਹੈ ਤੇ ਉਹ ਇਸ ਲਈ ਰਲ ਕੇ ਯੂਕਰੇਨ ਦੀ ਮਦਦ ਕਰਨਗੇ, ਹਰ ਹਾਲ ਜ਼ੁਲਮ ਖਿਲਾਫ ਇਸ ਦੀ ਜਿੱਤ ਹੋਵੇਗੀ। ਆਪਣਾ ਭਾਸ਼ਣ ਸ਼ੁਰੂ ਕਰਨ ਤੋਂ ਪਹਿਲਾਂ ਉਨ੍ਹਾਂ ਹਾਊਸ ਚੇਂਬਰ ਵਿੱਚ ਇੱਕਠੇ ਹੋਏ ਨੀਤੀਘਾੜਿਆਂ ਨੂੰ ਯੂਕਰੇਨੀਅਨਜ਼ ਦੀ ਹਿੰਮਤ ਲਈ ਉਨ੍ਹਾਂ ਨੂੰ ਸਲੂਟ ਕਰਨ ਲਈ ਆਖਿਆ। ਰੂਸ ਦਾ ਸਾਹਮਣਾ ਕਰ ਰਹੇ ਯੂਕਰੇਨ ਵਾਸੀਆਂ ਦੀ ਬਹਾਦਰੀ ਤੇ ਹੌਸਲੇ ਦੀ ਸ਼ਲਾਘਾ ਕਰਦਿਆਂ ਬਾਇਡਨ ਨੇ ਆਖਿਆ ਕਿ ਉਹ ਯੂਕਰੇਨੀ ਫੌਜ ਨੂੰ ਹਥਿਆਰ ਮੁਹੱਈਆ ਕਰਵਾਕੇ ਉਨ੍ਹਾਂ ਦੇ ਹੱਥ ਮਜ਼ਬੂਤ ਕਰਨਗੇ ਤੇ ਪਾਬੰਦੀਆਂ ਲਾ ਕੇ ਰੂਸੀ ਅਰਥਚਾਰੇ ਦਾ ਲੱਕ ਤੋੜਨਗੇ।

ਉਨ੍ਹਾਂ ਆਖਿਆ ਕਿ ਇਸ ਵਿੱਚ ਕੋਈ ਦੋ ਰਾਇ ਨਹੀਂ ਕਿ ਇਸ ਨਾਲ ਅਮਰੀਕਾ ਦੇ ਅਰਥਚਾਰੇ ਨੂੰ ਵੀ ਢਾਹ ਲੱਗੇਗੀ ਪਰ ਉਨ੍ਹਾਂ ਆਖਿਆ ਕਿ ਇਸ ਤਰ੍ਹਾਂ ਦੀ ਸਖਤੀ ਤੋਂ ਬਿਨਾਂ ਰੂਸ ਦੇ ਰਾਸ਼ਟਰਪਤੀ ਵਲਾਦੀਮੀਰ ਪੁਤਿਨ ਦੀਆਂ ਸੈਨਾਵਾਂ ਦੇ ਯੂਕਰੇਨ ਵੱਲ ਵੱਧਦੇ ਕਦਮਾਂ ਨੂੰ ਰੋਕਿਆ ਨਹੀਂ ਜਾ ਸਕਦਾ। ਉਨ੍ਹਾਂ ਆਖਿਆ ਕਿ ਰੂਸ ਦੀ ਇਸ ਹਰਕਤ ਕਾਰਨ ਸਿਰਫ ਯੂਕਰੇਨ ਨੂੰ ਹੀ ਖਤਰਾ ਨਹੀਂ ਹੈ ਸਗੋਂ ਅਮਰੀਕਾ ਤੇ ਪੂਰੀ ਦੁਨੀਆ ਨੂੰ ਇਸ ਨਾਲ ਖਤਰਾ ਹੈ।

ਬਾਇਡਨ ਨੇ ਆਖਿਆ ਕਿ ਅਮਰੀਕਾ ਰੂਸੀ ਜਹਾਜ਼ਾਂ ਉੱਤੇ ਪਾਬੰਦੀ ਲਾਉਣ ਲਈ ਕੈਨੇਡਾ ਤੇ ਯੂਰਪੀਅਨ ਯੂਨੀਅਨ ਦੀ ਤਰਜ਼ ਉੱਤੇ ਕੰਮ ਕਰ ਰਿਹਾ ਹੈ। ਉਨ੍ਹਾਂ ਆਖਿਆ ਕਿ ਜਸਟਿਸ ਮੰਤਰਾਲੇ ਵੱਲੋਂ ਇੱਕ ਟਾਸਕ ਫਰਸ ਤਿਆਰ ਕੀਤੀ ਗਈ ਹੈ ਜਿਹੜੀ ਰੂਸ ਦੇ ਧਨਾਢਾਂ ਦੇ ਜੁਰਮਾਂ ਦੀ ਪੜਚੋਲ ਕਰੇਗੀ। ਉਨ੍ਹਾਂ ਆਖਿਆ ਕਿ ਇਨ੍ਹਾਂ ਧਨਾਢਾਂ ਨੇ ਆਪਣੇ ਹੀ ਲੋਕਾਂ ਤੋਂ ਪੈਸਾ ਖੋਹ ਖੋਹ ਕੇ ਤਿਜੋਰੀਆਂ ਭਰੀਆਂ ਹਨ। ਬਾਇਡਨ ਨੇ ਇਹ ਵੀ ਆਖਿਆ ਕਿ ਭਾਵੇਂ ਪੁਤਿਨ ਕੀਵ ਦੇ ਦੁਆਲੇ ਟੈਂਕਾਂ ਨਾਲ ਘੇਰਾ ਪਾ ਲਵੇ ਪਰ ਯੂਕਰੇਨ ਵਾਸੀਆਂ ਦੇ ਦਿਲ ਨਹੀਂ ਜਿੱਤ ਸਕਦਾ। ਇਸ ਦੌਰਾਨ ਬਾਇਡਨ ਨੇ ਆਖਿਆ ਕਿ ਉਹ ਅਮਰੀਕਾ ਦੀ ਉਤਪਾਦਨ ਸਮਰੱਥਾ ਵਿੱਚ ਮੁੜ ਨਿਵੇਸ਼ ਕਰਕੇ, ਸਪਲਾਈ ਚੇਨ ਵਿੱਚ ਵਾਧਾ ਕਰਕੇ ਤੇ ਵਰਕਰਜ਼ ਉੱਤੇ ਚਾਈਲਡਕੇਅਰ ਤੇ ਐਲਡਰਕੇਅਰ ਦੇ ਬੋਝ ਨੂੰ ਘੱਟ ਕਰਨ ਲਈ ਪਲੈਨ ਲਿਆ ਰਹੇ ਹਨ। ਬਾਇਡਨ ਬਿਨਾਂ ਮਾਸਕ ਤੋਂ ਹਾਊਸ ਚੇਂਬਰ ਵਿੱਚ ਦਾਖਲ ਹੋਏ ਤੇ ਉਨ੍ਹਾਂ ਇਹ ਸੰਕੇਤ ਦਿੱਤਾ ਕਿ ਹੁਣ ਇੱਕ ਵਾਰੀ ਫਿਰ ਅਮਰੀਕਾ ਸਮੇਤ ਪੂਰੀ ਦੁਨੀਆ ਮਹਾਂਮਾਰੀ ਤੋਂ ਪਹਿਲਾਂ ਵਾਲੇ ਦੌਰ ਵਾਂਗ ਖੁੱਲ੍ਹ ਕੇ ਵਿਚਰਨ ਲਈ ਤਿਆਰ ਹੈ। ਪਰ ਉਨ੍ਹਾਂ ਇਹ ਚੇਤਾਵਨੀ ਵੀ ਦਿੱਤੀ ਕਿ ਕਰੋਨਾਵਾਇਰਸ ਪੂਰੀ ਤਰ੍ਹਾਂ ਖ਼ਤਮ ਨਹੀਂ ਹੋਇਆ, ਇਸ ਲਈ ਸਾਨੂੰ ਅਜੇ ਵੀ ਸਾਵਧਾਨੀ ਤੋਂ ਕੰਮ ਲੈਣਾ ਚਾਹੀਦਾ ਹੈ।

# ਓਨਟਾਰੀਓ ਵਿੱਚ ਖ਼ਤਮ ਹੋਈਆਂ ਕਪੈਸਿਟੀ ਲਿਮਿਟ ਤੇ ਵੈਕਸੀਨ ਪਾਸਪੋਰਟ ਸਬੰਧੀ ਹੋਰ ਪਾਬੰਦੀਆਂ



ਓਨਟਾਰੀਓ, 3 ਮਾਰਚ (ਪੋਸਟ ਬਿਊਰੋ) : ਬੀਤੇ ਦਿਨੀਂ ਦੱਸਿਆ ਗਿਆ ਕਿ ਓਨਟਾਰੀਓ ਦੇ ਬਹੁਤੇ ਰੈਸਟੋਰੈਂਟਸ, ਜਿੰਮਜ਼ ਤੇ ਮੂਵੀ ਥਿਏਟਰਜ਼ ਲਈ ਕੋਵਿਡ-19 ਵੈਕਸੀਨੇਸ਼ਨ ਦਾ ਸਬੂਤ ਦਿਖਾਉਣ ਦੀ ਹੁਣ ਲੋੜ ਨਹੀਂ ਹੋਵੇਗੀ। ਨਾਈਟਕਲੱਬਜ਼, ਸਪੋਰਟਿੰਗ ਤੇ ਕੰਸਰਟ ਵੈਨਿਊਜ਼ ਵੀ ਸੋਸ਼ਲ ਗੈਦਰਿੰਗਜ਼ ਦੀ ਕਪੈਸਿਟੀ ਲਿਮਿਟ ਤੋਂ ਖਹਿੜਾ ਛੁਡਾਅ ਸਕਦੇ ਹਨ।

ਅੱਜ ਤੋਂ ਓਨਟਾਰੀਓ ਆਪਣੇ ਬਹੁਤੇ ਕੋਵਿਡ-19 ਪਬਲਿਕ ਹੈਲਥ ਮਾਪਦੰਡ ਖ਼ਤਮ ਕਰਨ ਜਾ ਰਿਹਾ ਹੈ ਹਾਲਾਂਕਿ ਪ੍ਰੀਮੀਅਰ ਡੱਗ ਫੋਰਡ ਵੱਲੋਂ ਇਹ ਸਪਸ਼ਟ ਕੀਤਾ ਜਾ ਚੁੱਕਿਆ ਹੈ ਕਿ ਮਾਸਕ ਸਬੰਧੀ ਪਾਬੰਦੀਆਂ ਦੋ ਕੁ ਹਫਤੇ ਤੱਕ ਹੋਰ ਚੱਲਣਗੀਆਂ। ਓਮਾਈਕ੍ਰੌਨ ਵੇਵ ਦੇ ਜਨਵਰੀ ਵਿੱਚ ਸਿਖਰ ਉੱਤੇ ਹੋਣ ਤੋਂ ਬਾਅਦ ਕੋਵਿਡ-19 ਕਾਰਨ ਹਸਪਤਾਲ ਵਿੱਚ ਦਾਖਲ ਹੋਣ ਵਾਲਿਆਂ ਦੀ ਗਿਣਤੀ ਤੇ ਪਾਜ਼ੀਟੀਵਿਟੀ ਦਰ ਵਿੱਚ ਕਮੀ ਆਈ ਹੈ। ਪਰ ਵੇਸਟਵਾਟਰ ਡਾਟਾ ਤੋਂ ਸਾਹਮਣੇ ਆਇਆ ਹੈ ਕਿ ਕੇਸ ਇੱਕ ਵਾਰੀ ਫਿਰ ਵੱਧ ਸਕਦੇ ਹਨ।

ਫੋਰਡ ਨੇ ਆਖਿਆ ਕਿ ਵੈਕਸੀਨ ਸਰਟੀਫਿਕੇਟ ਸਿਸਟਮ ਸਮੇਂ ਦੇ ਨਾਲ ਹੀ ਖ਼ਤਮ ਹੋਣ ਲਈ ਬਣਿਆ ਸੀ ਤੇ ਉਨ੍ਹਾਂ ਵੱਲੋਂ ਚੀਫ ਮੈਡੀਕਲ ਆਫੀਸਰ ਆਫ ਹੈਲਥ ਦੀ ਸਲਾਹ ਉੱਤੇ ਹੀ ਖ਼ਤਮ ਕੀਤਾ ਜਾ ਰਿਹਾ ਹੈ।

ਉਨ੍ਹਾਂ ਆਖਿਆ ਕਿ ਲੋਕਾਂ ਨੂੰ ਅਜੇ ਵੀ ਇਨ੍ਹਾਂ ਮਾਪਦੰਡਾਂ ਦੀ ਪਾਲਣਾ ਕਰਨੀ ਚਾਹੀਦੀ ਹੈ ਕਿਉਂਕਿ ਮਹਾਂਮਾਰੀ ਅਜੇ ਖ਼ਤਮ ਨਹੀਂ ਹੋਈ ਹੈ। ਜਿਨ੍ਹਾਂ ਥਾਂਵਾਂ ਉੱਤੇ ਕਪੈਸਿਟੀ ਲਿਮਿਟ ਲਾਗੂ ਸਨ, ਜਿਨ੍ਹਾਂ ਵਿੱਚ ਸਪੋਰਟਸ ਐਰੇਨਾਜ਼, ਕੰਸਰਟ ਵੈਨਿਊਜ਼, ਥਿਏਟਰਜ਼, ਨਾਈਟਕਲੱਬਜ਼ ਤੇ ਰੈਸਟੋਰੈਂਟਸ ਸ਼ਾਮਲ ਹਨ, ਜਿੱਥੇ ਡਾਂਸ ਆਦਿ ਹੁੰਦੇ ਸਨ, ਹੁਣ ਇਨ੍ਹਾਂ ਪਾਬੰਦੀਆਂ ਨੂੰ ਖ਼ਤਮ ਕਰ ਸਕਦੇ ਹਨ।

ਇਸ ਦੇ ਨਾਲ ਹੀ ਜਿਨ੍ਹਾਂ ਥਾਂਵਾਂ ਉੱਤੇ ਕਪੈਸਿਟੀ ਸੀਮਤ ਸੀ ਤੇ ਜਿੱਥੇ ਦੋ ਮੀਟਰ ਦੀ ਦੂਰੀ ਰੱਖੀ ਜਾ ਸਕਦੀ ਹੈ ਉਨ੍ਹਾਂ ਵਿੱਚ ਵੈਡਿੰਗਜ਼ ਤੇ ਫਿਊਨਰਲਜ਼, ਰੀਟੇਲ ਸ਼ੌਪਸ, ਫਾਰਮੇਸੀਜ਼ ਤੇ ਗਰੌਸਰੀ ਸਟੋਰਜ਼ ਵੀ ਇਨ੍ਹਾਂ ਪਾਬੰਦੀਆਂ ਨੂੰ ਖ਼ਤਮ ਕਰ ਸਕਦੇ ਹਨ। ਕੁੱਝ ਕਾਰੋਬਾਰਾਂ, ਜਿਨ੍ਹਾਂ ਵਿੱਚ ਰੈਸਟੋਰੈਂਟਸ, ਮਨੋਰੰਜਨ ਦੀਆਂ ਥਾਂਵਾਂ ਤੇ ਮਿਊਜ਼ੀਅਮ ਸ਼ਾਮਲ ਹਨ, ਵੱਲੋਂ ਆਖਿਆ ਗਿਆ ਹੈ ਕਿ ਉਹ ਹਾਲ ਦੀ ਘੜੀ ਇਹ ਪਾਬੰਦੀਆਂ ਜਾਰੀ ਰੱਖਣਗੇ।

## ਬੈਲਾਰੂਸ ਵੱਲੋਂ ਦੋਸ਼: ਪੋਲਿਸ਼ ਸੁਰੱਖਿਆਗਾਰਡਾਂ ਨੇ ਕਰੀਬ ਸੌ ਭਾਰਤੀ ਵਿਦਿਆਰਥੀ ਕੁੱਟ ਕੇ ਯੂਕਰੇਨ ਵੱਲ ਪਿੱਛੇ ਮੋੜੇ



ਯੂ ਐੱਨ ਓ, 3 ਮਾਰਚ, (ਪੋਸਟ ਬਿਊਰੋ)- ਬੈਲਾਰੂਸ ਨੇ ਅੱਜ ਬੁੱਧਵਾਰ ਨੂੰ ਦਾਅਵਾ ਕੀਤਾ ਹੈ ਕਿ ਪੋਲਿਸ਼ ਸਰਹੱਦ ਉੱਤੇ ਤਾਇਨਾਤ ਪੋਲੈਂਡ ਦੇ ਸੁਰੱਖਿਆਗਾਰਡਾਂ ਨੇ ਲਗਭਗ 100 ਭਾਰਤੀ ਵਿਦਿਆਰਥੀਆਂ ਦੀ ਕੁੱਟਮ-ਾਰ ਕਰ ਕੇ ਯੂਕਰੇਨ ਨੂੰ ਵਾਪਸ ਭੇਜ ਦਿੱਤਾ ਹੈ, ਜਿਸ ਪਿੱਛੋਂ ਉਨ੍ਹਾਂ ਨੂੰ ਰੋਮਾਨੀਆ ਦੇ ਸ਼ਰਨਾਰਥੀ ਕੈਂਪਵਿੱਚ ਰੱਖਿਆ ਗਿਆ ਹੈ। ਅੱਜ ਏਥੇ ਯੂ ਐੱਨਦੀ ਜਨਰਲ ਅਸੈਂਬਲੀ ਵਿੱਚ ਬੋਲਦੇ ਹੋਏ ਬੇਲਾਰੂਸ ਦੇ ਰਾਜਦੂਤ ਵੈਲੇਨਟਿਨ ਰਾਇਬਾਕੋਵ ਨੇ ਕਿਹਾ ਕਿ ਪੋਲਿਸ਼ ਬਾਰਡਰ ਗਾਰਡਾਂ ਨੇ 26 ਫਰਵਰੀ ਨੂੰ ਲਗਭਗ 100 ਭਾਰਤੀ ਵਿਦਿਆਰਥੀਆਂ ਦੀ ਕੁੱਟਮਾਰ ਕਰ ਕੇ ਯੂਕਰੇਨ ਵਾਪਸ ਭੇਜ ਦਿੱਤਾ, ਜਿਨ੍ਹਾਂ ਨੂੰ ਪਿੱਛੋਂ ਰੋਮਾਨੀਆਦੇ ਸ਼ਰਨਾਰਥੀ ਕੈਂਪਵਿੱਚ ਰੱਖਿਆ ਹੈ।ਦੂਸਰੇ ਪਾਸੇ ਯੂ ਐੱਨ ਓਵਿੱਚਯੂਕਰੇਨ ਦੇ ਰਾਜਦੂਤ ਸਰਗੇਈ ਕਿਸਲਿਸਿਆ ਨੇ ਕਿਹਾ ਕਿ ਉਨ੍ਹਾਂ ਦੇ ਦੇਸ਼ਵਿੱਚਰੂਸ ਦੀ ਫੌਜੀ ਕਾਰਵਾਈਵਿੱਚ ਇੱਕ ਭਾਰਤੀ ਨਾਗਰਿਕ ਦੀ ਮੌਤਅਤੇ ਇਕ ਚੀਨੀਜ਼ਖਮੀ ਹੋਇਆ ਹੈ। ਕਿਸਲਿਟਸਿਆ ਨੇ ਕਿਹਾ ਕਿ ਯੂਕਰੇਨ ਨੂੰ ਇਸ ਦਾ ਬੇਹੱਦ ਅਫ਼ਸੋਸ ਹੈ ਕਿ ਭਾਰਤ ਦਾ ਵਿਦਿਆਰਥੀ ਖਾਰਕੀਵਵਿੱਚਰੂਸੀ ਫੌਜ ਦੀ ਗੋਲੀ ਨਾਲ ਮਾਰਿਆ ਗਿਆ ਹੈ।

# ਟੈਂਕ ਭੇਦਣ ਵਾਲੇ ਹਥਿਆਰ ਤੇ ਅਤਿਆਧੁਨਿਕ ਅਸਲਾ ਯੂਕਰੇਨ ਭੇਜੇਗਾ ਕੈਨੇਡਾ



ਓਟਵਾ, 3 ਮਾਰਚ (ਪੋਸਟ ਬਿਊਰੋ) : ਬੀਤੇ ਦਿਨੀਂ ਪ੍ਰਧਾਨ ਮੰਤਰੀ ਜਸਟਿਨ ਟਰੂਡੋ ਨੇ ਸੋਮਵਾਰ ਨੂੰ ਐਲਾਨ ਕੀਤਾ ਕਿ ਉਹ ਯੂਕਰੇਨ ਨੂੰ ਟੈਂਕ ਭੇਦਣ ਵਾਲੇ ਹਥਿਆਰਾਂ ਦੇ ਨਾਲ ਨਾਲ ਅਤਿਆਧੁਨਿਕ ਅਸਲਾ ਭੇਜਣਗੇ। ਰੂਸ ਵੱਲੋਂ ਕੀਤੇ ਗਏ ਹਮਲੇ ਦੇ ਮੱਦੇਨਜ਼ਰ ਯੂਕਰੇਨ ਦੀ ਹੋਰ ਮਦਦ ਕਰਨ ਦਾ ਫੈਡਰਲ ਮੰਤਰੀਆਂ ਵੱਲੋਂ ਤਹੱਈਆ ਵੀ ਪ੍ਰਗਟਾਇਆ ਗਿਆ।

ਇਨ੍ਹਾਂ ਹਥਿਆਰਾਂ ਦੀ ਡਲਿਵਰੀ ਨੂੰ ਜਲਦ ਤੋਂ ਜਲਦ ਸੰਭਵ ਬਣਾਉਣ ਲਈ ਕੈਨੇਡਾ 100 ਕਾਰਲ-ਗੁਸਤਾਫ ਐਂਟੀ ਟੈਂਕ ਵੈਪਨਜ਼ ਸਿਸਟਮ ਲਾਂਚਰਜ਼ ਤੇ 2,000 ਰਾਕੇਟ ਯੂਕਰੇਨੀਅਨ ਫੌਜ ਦੀ ਵਰਤੋਂ ਲਈ ਭੇਜੇਗਾ। ਫੈਡਰਲ ਸਰਕਾਰ ਵੱਲੋਂ ਇਹ ਵੀ ਸਪਸ਼ਟ ਕੀਤਾ ਗਿਆ ਹੈ ਕਿ ਉਨ੍ਹਾਂ ਦਾ ਕੈਨੇਡੀਅਨ ਸੈਨਿਕਾਂ ਨੂੰ ਯੂਕਰੇਨ ਭੇਜਣ ਦਾ ਕੋਈ ਇਰਾਦਾ ਨਹੀਂ ਹੈ। ਇਹ ਹਥਿਆਰ ਕੈਨੇਡੀਅਨ ਆਰਮਡ ਫੋਰਸਿਜ਼ ਦੀ ਇਨਵੈਂਟਰੀ ਵਿੱਚੋਂ ਭੇਜੇ ਜਾਣਗੇ ਤੇ ਇਹ ਪਹਿਲਾਂ ਭੇਜੇ ਗਏ ਘਾਤਕ ਤੇ ਗੈਰ ਘਾਤਕ ਹਥਿਆਰਾਂ ਦਾ ਹੀ ਹਿੱਸਾ ਹੋਣਗੇ। ਕੈਨੇਡਾ ਆਪਣੇ ਨਾਟੋ ਸਹਿਯੋਗੀਆਂ ਨਾਲ ਰਲ ਕੇ ਕੰਮ ਕਰ ਰਿਹਾ ਹੈ ਤਾਂ ਕਿ ਇਹ ਯਕੀਨੀ ਬਣਾਇਆ ਜਾ ਸਕੇ ਕਿ ਇਹ ਸਪਲਾਈ ਜਲਦ ਤੋਂ ਜਲਦ ਉੱਥੇ ਪਹੁੰਚ ਸਕੇ।

ਇੱਕ ਪ੍ਰੈੱਸ ਕਾਨਫਰੰਸ ਦੌਰਾਨ ਟਰੂਡੋ ਨੇ ਆਖਿਆ ਕਿ ਹੋਰਨਾਂ ਦੇਸ਼ਾਂ ਵੱਲੋਂ ਕੀਤੀ ਜਾ ਰਹੀ ਯੂਕਰੇਨ ਦੀ ਮਦਦ ਤੇ ਭੇਜੇ ਜਾ ਰਹੇ ਸਾਜ਼ੋ ਸਮਾਨ ਦੀ ਤਰਜ਼ ਉੱਤੇ ਹੀ ਸਾਡੇ ਵੱਲੋਂ ਇਹ ਸਮਾਨ ਭੇਜਿਆ ਜਾਵੇਗਾ। ਟਰੂਡੋ ਨੇ ਆਖਿਆ ਕਿ ਰੂਸੀ ਫੌਜ ਦਾ ਸਾਹਮਣਾ ਕਰਨ ਦੇ ਯੂਕਰੇਨ ਦੇ ਫੈਸਲੇ ਦਾ ਕੈਨੇਡਾ ਸਮਰਥਨ ਕਰਦਾ ਹੈ ਤੇ ਸਾਡੇ ਵੱਲੋਂ ਇਹ ਤਹੱਈਆ ਵੀ ਪ੍ਰਗਟਾਇਆ ਜਾਂਦਾ ਹੈ ਕਿ ਅਸੀਂ ਇਹ ਮਦਦ ਜਾਰੀ ਰੱਖਾਂਗੇ। ਇਹ ਸਪਸ਼ਟ ਹੋ ਚੁੱਕਿਆ ਹੈ ਕਿ ਰਾਸ਼ਟਰਪਤੀ ਪੁਤਿਨ ਨੇ ਬੱਜਰ ਗਲਤੀ ਕੀਤੀ ਹੈ ਤੇ ਸਾਡਾ ਸੁਨੇਹਾ ਸਾਫ ਹੈ ਕਿ ਇਹ ਗੈਰਲੋੜੀਂਦੀ ਜੰਗ ਬੰਦ ਹੋਣੀ ਚਾਹੀਦੀ ਹੈ। ਉਨ੍ਹਾਂ ਆਖਿਆ ਕਿ ਇਸ ਜੰਗ ਲਈ ਜ਼ਿੰਮੇਵਾਰ ਲੋਕਾਂ ਦੀ ਜਵਾਬਦੇਹੀ ਤੈਅ ਕੀਤੀ ਜਾਵੇਗੀ।

ਇਸ ਦੌਰਾਨ ਡਿਪਟੀ ਪ੍ਰਧਾਨ ਮੰਤਰੀ ਤੇ ਵਿੱਤ ਮੰਤਰੀ ਕ੍ਰਿਸਟੀਆ ਫਰੀਲੈਂਡ ਨੇ ਸੋਮਵਾਰ ਨੂੰ ਆਖਿਆ ਕਿ ਵਲਾਦੀਮੀਰ ਪੁਤਿਨ ਆਪਣੇ ਆਜ਼ਾਦੀ ਪਸੰਦ ਗੁਆਂਢੀਆਂ ਉੱਤੇ ਜ਼ੁਲਮ ਕਰਨ ਉੱਤੇ ਤੁਲੇ ਹੋਏ ਹਨ। ਪਰ ਯੂਕਰੇਨ ਵਾਸੀਆਂ ਨੇ ਵੀ ਇਹ ਦਰਸਾ ਦਿੱਤਾ ਹੈ ਕਿ ਉਹ ਇਸ ਤਰ੍ਹਾਂ ਦਾ ਜ਼ੁਲਮ ਹੋਰ ਨਹੀਂ ਸਹਿਣਗੇ। ਇਮੀਗ੍ਰੇਸ਼ਨ ਮੰਤਰੀ ਸ਼ਾਨ ਫਰੇਜ਼ਰ ਨੇ ਆਖਿਆ ਕਿ 19 ਜਨਵਰੀ ਤੋਂ ਲੈ ਕੇ ਹੁਣ ਤੱਕ ਕੈਨੇਡਾ ਨੇ ਇੱਥੇ ਆਉਣ ਦੇ ਚਾਹਵਾਨ ਯੂਕਰੇਨ ਵਾਸੀਆਂ ਦੀਆਂ 4000 ਅਰਜ਼ੀਆਂ ਮਨਜ਼ੂਰ ਕੀਤੀਆਂ ਹਨ। ਉਨ੍ਹਾਂ ਆਖਿਆ ਕਿ ਦੂਜੇ ਦੇਸ਼ਾਂ ਵਿੱਚ ਜਾ ਕੇ ਪਨਾਹ ਲੈ ਰਹੇ ਹਜ਼ਾਰਾਂ ਯੂਕਰੇਨ ਵਾਸੀਆਂ ਨੂੰ ਸੁਰੱਖਿਅਤ ਢੰਗ ਨਾਲ ਤੇ ਜਲਦ ਹੀ ਕੈਨੇਡਾ ਸੱਦਣ ਲਈ ਵੀ ਉਪਰਾਲੇ ਕੀਤੇ ਜਾਣਗੇ।

## ਰੂਸੀ ਜਹਾਜ਼ਾਂ ਲਈ ਕੈਨੇਡਾ ਨੇ ਬੰਦ ਕੀਤੀ ਆਪਣੀ ਏਅਰਸਪੇਸ



ਓਟਵਾ, 3 ਮਾਰਚ (ਪੋਸਟ ਬਿਊਰੋ) : ਬੀਤੇ ਦਿਨੀਂ ਕੈਨੇਡਾ ਨੇ ਰੂਸੀ ਜਹਾਜ਼ਾਂ ਲਈ ਆਪਣੀ ਏਅਰਸਪੇਸ ਬੰਦ ਕਰ ਦਿੱਤੀ ਹੈ। ਇਹ ਫੈਸਲਾ ਫੌਰੀ ਪ੍ਰਭਾਵ ਨਾਲ ਲਾਗੂ ਕੀਤਾ ਗਿਆ ਹੈ। ਫੈਡਰਲ ਸਰਕਾਰ ਨੇ ਯੂਕਰੇਨ ਲਈ ਹੋਰ ਸਾਜ਼ੋ ਸਮਾਨ ਮੁਹੱਈਆ ਕਰਵਾਉਣ ਦਾ ਵਾਅਦਾ ਵੀ ਕੀਤਾ।

ਐਤਵਾਰ ਨੂੰ ਟਵਿੱਟਰ ਉੱਤੇ ਐਲਾਨ ਕਰਦਿਆਂ ਟਰਾਂਸਪੋਰਟ ਮੰਤਰੀ ਉਮਰ ਅਲਘਬਰਾ ਨੇ ਆਖਿਆ ਕਿ ਕੈਨੇਡਾ ਦੀ ਏਅਰਸਪੇਸ ਨੂੰ ਰੂਸੀ ਜਹਾਜ਼ਾਂ ਲਈ ਬੰਦ ਕਰ ਦਿੱਤਾ ਗਿਆ ਹੈ। ਉਨ੍ਹਾਂ ਆਖਿਆ ਕਿ ਯੂਕਰੇਨ ਖਿਲਾਫ ਬਿਨਾਂ ਉਕਸਾਇਆਂ ਕੀਤੇ ਗਏ ਇਨ੍ਹਾਂ ਹਮਲਿਆਂ ਲਈ ਰੂਸ ਦੀ ਜਵਾਬਦੇਹੀ ਤੈਅ ਕੀਤੀ ਜਾਵੇਗੀ। ਜਰਮਨੀ, ਆਸਟਰੀਆ, ਇਟਲੀ, ਚੈੱਕ ਰਿਪਬਲਿਕ, ਪੋਲੈਂਡ, ਬੁਲਗੇਰੀਆ, ਸਲੋਵੇਨੀਆ, ਈਸਟੋਨੀਆ, ਲੈਟਵੀਆ, ਲਿਥੁਆਨੀਆ, ਰੋਮਾਨੀਆ ਤੇ ਲਗਜ਼ਮਬਰਗ ਵੱਲੋਂ ਯੂਕਰੇਨ ਉੱਤੇ ਕੀਤੀ ਚੜ੍ਹਾਈ ਬਦਲੇ ਰੂਸ ਦੇ ਜਹਾਜ਼ਾਂ ਉੱਤੇ ਰੋਕ ਲਾ ਦਿੱਤੀ ਗਈ ਹੈ। ਕੈਨੇਡਾ ਵੱਲੋਂ ਇਹ ਕਦਮ ਹੋਰਨਾਂ ਯੂਰਪੀਅਨ ਦੇਸ਼ਾਂ ਦੀ ਤਰਜ਼ ਉੱਤੇ ਚੁੱਕਿਆ ਗਿਆ ਹੈ।

ਰੂਸ ਵੱਲੋਂ ਵੀ ਇਨ੍ਹਾਂ ਸਾਰੇ ਦੇਸ਼ਾਂ ਦੇ ਜਹਾਜ਼ਾਂ ਲਈ ਆਪਣੀ ਏਅਰਸਪੇਸ ਬੰਦ ਕਰ ਦਿੱਤੀ ਗਈ ਹੈ। ਇਸ ਦੌਰਾਨ ਵਿਦੇਸ਼ ਮੰਤਰੀ ਮਿਲੇਨੀ ਜੋਲੀ ਨੇ ਐਤਵਾਰ ਨੂੰ ਐਲਾਨ ਕਰਦਿਆਂ ਆਖਿਆ ਕਿ ਯੂਕਰੇਨ ਦੇ ਡਿਪਟੀ ਪ੍ਰਧਾਨ ਮੰਤਰੀ ਦੀ ਬੇਨਤੀ ਉੱਤੇ ਕੈਨੇਡਾ 25 ਮਿਲੀਅਨ ਡਾਲਰ ਦੇ ਪ੍ਰੋਟੈਕਟਿਵ ਇਕਿਉਪਮੈਂਟ ਉੱਥੇ ਭੇਜੇਗਾ। ਇਨ੍ਹਾਂ ਵਿੱਚ ਹੈਲਮੈਟ, ਬਾਡੀ ਆਰਮਰ, ਗੈਸ ਮਾਸਕਸ ਤੇ ਹਨ੍ਹੇਰੇ ਵਿੱਚ ਵੇਖਣ ਵਾਲਾ ਸਾਜ਼ੋ ਸਾਮਾਨ ਹੋਵੇਗਾ। ਯੂਕਰੇਨ ਤੱਕ ਇਹ ਸਾਰਾ ਸਮਾਨ ਪਹੁੰਚਾਉਣ ਲਈ ਕੈਨੇਡਾ ਪੋਲੈਂਡ ਨਾਲ ਗੱਲ ਕਰ ਰਿਹਾ ਹੈ। ਜੋਲੀ ਨੇ ਆਖਿਆ ਕਿ ਇਸ ਤੋਂ ਇਲਾਵਾ ਕੈਨੇਡਾ ਹੋਰ ਸਮਾਨ ਵੀ ਭੇਜੇਗਾ।

# ਯੂਕਰੇਨ ਦੇ ਸਮਰਥਨ ਵਿੱਚ ਮੁਜ਼ਾਹਰਾਕਾਰੀਆਂ ਨੇ ਡਾਊਨਟਾਊਨ ਵਿੱਚ ਕੀਤਾ ਮਾਰਚ




ਟੋਰਾਂਟੋ, 3 ਮਾਰਚ (ਪੋਸਟ ਬਿਊਰੋ) : ਬੀਤੇ ਦਿਨੀਂ ਰੂਸ ਵੱਲੋਂ ਯੂਕਰੇਨ ਉੱਤੇ ਹਮਲੇ ਤੇਜ਼ ਕੀਤੇ ਜਾਣ ਦੇ ਨਾਲ ਨਾਲ ਕੈਨੇਡਾ ਦੇ ਦਰਜਨਾਂ ਵੱਡੇ ਸ਼ਹਿਰਾਂ ਵਿੱਚ ਯੂਕਰੇਨ ਦੇ ਲੋਕਾਂ ਦੇ ਸਮਰਥਨ ਵਿੱਚ ਕੈਨੇਡੀਅਨਜ਼ ਵੱਲੋਂ ਰੈਲੀਆਂ ਕੀਤੀਆਂ ਜਾ ਰਹੀਆਂ ਹਨ।

ਟੋਰਾਂਟੋ ਵਿੱਚ ਐਤਵਾਰ ਨੂੰ ਹਜ਼ਾਰਾਂ ਦੀ ਗਿਣਤੀ ਵਿੱਚ ਲੋਕਾਂ ਨੇ ਇਸ ਆਸ ਨਾਲ ਮਾਰਚ ਕੀਤਾ ਕਿ ਇਸ ਨਾਲ ਯੂਕਰੇਨ ਵਾਸੀਆਂ ਨੂੰ ਥੋੜ੍ਹਾ ਹੁਲਾਰਾ ਮਿਲੇਗਾ। ਰੈਲੀ ਵਿੱਚ ਸ਼ਾਮਲ ਇੱਕ ਮਹਿਲਾ ਨੇ ਆਖਿਆ ਕਿ ਇਸ ਸਮੇਂ ਯੂਕਰੇਨ ਵਾਸੀ ਬੜੀ ਬਹਾਦਰੀ ਨਾਲ ਨਾ ਸਿਰਫ ਆਪਣੇ ਦੇਸ਼ ਦੀ ਰਾਖੀ ਲਈ ਲੜ ਰਹੇ ਹਨ ਸਗੋਂ ਉਨ੍ਹਾਂ ਦੇ ਆਜ਼ਾਦੀ ਤੇ ਜਮਹੂਰੀਅਤ ਦੇ ਹੱਕ ਲਈ ਵੀ ਲੜ ਰਹੇ ਹਨ। ਇਹ ਮਹਿਲਾ ਉਨ੍ਹਾਂ 1·4 ਮਿਲੀਅਨ ਲੋਕਾਂ ਵਿੱਚੋਂ ਇੱਕ ਸੀ ਜਿਹੜੇ ਯੂਕਰੇਨ ਤੋਂ ਕੈਨੇਡਾ ਰੋਜ਼ੀ ਰੋਟੀ ਕਮਾਉਣ ਲਈ ਆਏ ਹਨ। ਇਨ੍ਹਾਂ ਮੁਜ਼ਾਹਰਿਆਂ ਨਾਲ ਲੋਕਾਂ ਵੱਲੋਂ ਇਹ ਵੀ ਦਰਸਾਇਆ ਗਿਆ ਕਿ ਹਾਲਾਤ ਭਾਵੇਂ ਕਿਹੋ ਜਿਹੇ ਵੀ ਹੋਣ ਯੂਕਰੇਨ ਦੀ ਕਮਿਊਨਿਟੀ ਕਿੰਨੀ ਮਜ਼ਬੂਤ ਹੈ।

ਰੈਲੀਆਂ ਤੇ ਮੁਜ਼ਾਹਰੇ ਕਰਨ ਵਾਲਿਆਂ ਨੇ ਪੀਲੇ ਤੇ ਨੀਲੇ ਰੰਗ ਦੇ ਕੱਪੜੇ ਪਾਏ ਹੋਏ ਸਨ ਤੇ ਉਹ ਰੂਸ ਤੱਕ ਇਹ ਸੁਨੇਹਾ ਪਹੁੰਚਾਉਣਾ ਚਾਹੁੰਦੇ ਸਨ ਕਿ ਉਹ ਕਿਤੇ ਵੀ ਰਹਿਣ ਪਰ ਉਹ ਇੱਕਜੁੱਟ ਹਨ। ਇਸ ਮਾਰਚ ਵਿੱਚ ਸੱਭ ਤੋਂ ਅੱਗੇ ਮੇਅਰ ਜੌਹਨ ਟੋਰੀ ਤੇ ਡਿਪਟੀ ਪ੍ਰਧਾਨ ਮੰਤਰੀ ਕ੍ਰਿਸਟੀਆ ਫਰੀਲੈਂਡ ਸਨ, ਇਨ੍ਹਾਂ ਦੋਵਾਂ ਦਾ ਸਬੰਧ ਯੂਕਰੇਨ ਨਾਲ ਹੈ। ਫਰੀਲੈਂਡ ਨੇ ਆਖਿਆ ਕਿ ਯੂਕਰੇਨ ਦੇ ਲੋਕਾਂ ਦੇ ਹੌਸਲੇ ਤੇ ਜਜ਼ਬੇ ਉੱਤੇ ਯੂਕਰੇਨੀ ਕੈਨੇਡੀਅਨ ਹੋਣ ਨਾਤੇ ਸਾਨੂੰ ਮਾਣ ਹੈ। ਉਹ ਜਮਹੂਰੀਅਤ ਲਈ, ਸਾਡੇ ਲਈ ਲੜ ਰਹੇ ਹਨ ਤੇ ਉਹ ਕਮਾਲ ਦਾ ਕੰਮ ਕਰ ਰਹੇ ਹਨ ਅਤੇ ਅਸੀਂ ਉਨ੍ਹਾਂ ਦਾ ਸਮਰਥਨ ਕਰਦੇ ਹਾਂ।

ਲੋਕਾਂ ਦੇ ਭਾਰੀ ਇੱਕਠ ਨੂੰ ਵੇਖ ਕੇ ਟੋਰੀ ਨੇ ਆਖਿਆ ਕਿ ਟੋਰਾਂਟੋ ਕੀਵ ਦੀ ਸਿਸਟਰ ਸਿਟੀ ਨਹੀਂ ਹੈ ਸਗੋਂ ਇਹ ਯੂਕਰੇਨ ਹੈ, ਟੋਰਾਂਟੋ ਕੀਵ ਹੈ। ਰੂਸ ਵੱਲੋਂ ਕੀਤੇ ਗਏ ਇਸ ਤਰ੍ਹਾਂ ਦੇ ਹਮਲੇ ਤੇ ਹੋਰਨਾਂ ਵਧੀਕੀਆਂ, ਗੈਰਕਾਨੂੰਨੀ ਗਤੀਵਿਧੀਆਂ ਦੀ ਅਸੀਂ ਨਿਖੇਧੀ ਕਰਦੇ ਹਾਂ। ਸਮਰਥਨ ਦਰਸਾਉਣ ਦੇ ਨਾਲ ਨਾਲ ਫੰਡਜ਼ ਵੀ ਇੱਕਠੇ ਕੀਤੇ ਜਾ ਰਹੇ ਹਨ ਤੇ ਯੂਕਰੇਨ ਦੇ ਲੋਕਾਂ ਦੇ ਸਮਰਥਨ ਲਈ ਕੈਨੇਡਾ ਦੇ ਕਈ ਹਿੱਸਿਆਂ ਵਿੱਚ ਆਵਾਜ਼ ਬੁਲੰਦ ਕੀਤੀ ਜਾ ਰਹੀ ਹੈ। ਰੈੱਡ ਕਰੌਸ ਦੇ ਰਾਹਤ ਕਾਰਜਾਂ ਲਈ ਆਉਣ ਵਾਲੀ ਰਕਮ ਦੇ ਬਰਾਬਰ ਫੈਡਰਲ ਸਰਕਾਰ ਵੱਲੋਂ ਡੋਨੇਸ਼ਨ ਦਿੱਤੀ ਜਾ ਰਹੀ ਹੈ।






## ਅੱਜ ਨਾਮਾ

ਆਉਂਦੀ ਖਬਰ ਹੈ ਨਵੀਂ ਤੋਂ ਨਵੀਂ ਮਾੜੀ,
ਹੋਇਆ ਜੰਗ ਤੋਂ ਸੌਖਾ ਨਹੀਂ ਸਾਹ ਬੇਲੀ।
ਹਰ ਕੋਈ ਦੂਜੇ ਨੂੰ ਰਿਹਾ ਈ ਘੱਤ ਘੇਰਾ,
ਦੇਵੇ ਦੂਜੇ ਲਈ ਕੋਈ ਨਹੀਂ ਰਾਹ ਬੇਲੀ।
ਹਰ ਕੋਈ ਆਪਣੇ ਹਿੱਤ ਦੀ ਗੱਲ ਕਰਦਾ,
ਕੋਈ ਨਾਦੁਨੀਆ ਦਾ ਖੈਰ-ਖਵਾਹ ਬੇਲੀ।
ਹਰ ਕੋਈ ਦੂਜੇ ਨੂੰ ਕਹੇ ਜੀ ਕਰੋ ਇੱਦਾਂ,
ਮੰਨਦਾ ਆਪ ਨਹੀਂ ਕੋਈ ਸਲਾਹ ਬੇਲੀ।
ਮਰਦੇ ਲੋਕਾਂ ਦਾ ਤਰਸ ਨਾ ਕਰੇ ਕੋਈ,
ਸਾਰੇ ਈ ਲੱਭਦੇ ਲਾਭ ਜਾਂ ਹਾਣ ਬੇਲੀ।
ਤਿਨਕੇ ਦੂਜੇ ਦੀ ਦਾੜ੍ਹੀ ਦੇ ਗਿਣ ਦੇਂਦੇ,
ਆਪਣੀ ਮੰਨਦਾ ਕੋਈ ਨਾ ਕਾਣ ਬੇਲੀ।

**ਤੀਸ ਮਾਰ ਖਾਂ**

# ਰੂਸ ਵਿਰੁੱਧ ਵੋਟਿੰਗ ਲਈ ਭਾਰਤ ਦੇ ਵਾਰ-ਵਾਰ ਗਾਇਬ ਹੋਣ ਕਾਰਨ ਅਮਰੀਕਾ ਨਾਰਾਜ਼

## * ਯੂਕਰੇਨ ਉੱਤੇ ਰੂਸ ਦੇ ਹਮਲੇ ਬਾਰੇ ਚੀਨ ਵੱਲੋਂ ਸਫ਼ਾਈ

ਵਾਸ਼ਿੰਗਟਨ, 3 ਮਾਰਚ, (ਪੋਸਟ ਬਿਊਰੋ)- ਅਮਰੀਕਾ ਦੇ ਰਾਸ਼ਟਰਪਤੀ ਜੋਅ ਬਾਈਡੇਨ ਸਰਕਾਰ ਦੇ ਪ੍ਰਸ਼ਾਸਨ ਦੇ ਇੱਕ ਸੀਨੀਅਰ ਅਧਿਕਾਰੀ ਨੇ ਅਮਰੀਕੀ ਪਾਰਲੀਮੈਂਟ ਮੈਂਬਰਾਂ ਨੂੰ ਕਿਹਾ ਹੈ ਕਿ ਰੂਸ ਦੇ ਸੰਬੰਧ ਵਿੱਚ ਕੁਝ ਗੱਲਾਂ ਬਾਰੇਭਾਰਤ ਦੇ ਜਨਤਕ ਰੁਖ਼ ਵਿੱਚ ਬਦਲਾਅ ਆਇਆ ਹੈ ਤੇ ਆਸ ਹੈ ਕਿ ਯੂਕਰੇਨ ਉੱਤੇਰੂਸੀ ਹਮਲਿਆਂ ਪਿੱਛੋਂ ਭਾਰਤਖੁਦ ਰੂਸ ਤੋਂ ਹੋਰ ਦੂਰ ਹੋ ਜਾਵੇਗਾ ਅਤੇ ਅੱਜ ਵਾਲੇ ਹਾਲਾਤ ਨਹੀਂ ਰਹਿਣਗੇ।

ਦੂਸਰੇ ਪਾਸੇ ਰੂਸਅਤੇ ਯੂਕਰੇਨ ਨੇ ਅੱਜਬੁੱਧਵਾਰ ਨੂੰ ਕਿਹਾ ਹੈ ਕਿ ਉਹ ਜੰਗ ਦੌਰਾਨ ਗੱਲਬਾਤ ਦੇ ਦੂਸਰੇ ਗੇੜ ਦੇ ਲਈ ਤਿਆਰ ਹਨ। ਦੱਖਣੀ ਅਤੇ ਮੱਧ ਏਸ਼ੀਆ ਮਾਮਲਿਆਂ ਲਈ ਅਮਰੀਕਾ ਦੇ ਸਹਾਇਕ ਵਿਦੇਸ਼ ਮੰਤਰੀ ਡੋਨਾਲਡ ਲੂ ਨੇ ਨੇੜਲੇ ਪੂਰਬ, ਦੱਖਣੀ ਏਸ਼ੀਆ, ਮੱਧ ਏਸ਼ੀਆ ਤੇ ਅੱਤਵਾਦ ਵਿਰੋਧੀ ਮਾਮਲਿਆਂ ਉੱਤੇਅਮਰੀਕੀ ਸੈਨੇਟ ਦੀ ਵਿਦੇਸ਼ ਮਾਮਲਿਆਂ ਦੀ ਸਬ ਕਮੇਟੀ ਨੂੰ ਕਿਹਾ ਕਿ ਅਸੀਂ ਕੁਝ ਗੱਲਾਂ ਬਾਰੇ ਭਾਰਤ ਦੇ ਰੁਖ਼ਦਾ ਬਦਲਾਅ ਦੇਖ ਸਕਦੇ ਹਾਂ।ਯੂ ਐੱਨ ਸਕਿਓਰਟੀ ਕੌਂਸਲ ਵਿੱਚ ਵੋਟਿੰਗ ਵੇਲੇ ਭਾਰਤ ਦੀ ਗੈਰ ਹਾਜ਼ਰੀ



ਦੱਸ ਕੇ ਡੋਨਾਲਡ ਲੈ ਨੇ ਯੂ ਐੱਨ ਵਿੱਚਸਥਾਈ ਭਾਰਤੀ ਪ੍ਰਤੀਨਿਧ ਦੇ ਬਿਆਨ ਦਾ ਹਵਾਲੇ ਨਾਲ ਕਿਹਾ ਕਿ ਅਸੀਂ ਦੋ ਦਿਨਾਂ ਵਿੱਚ ਦਿਲਚਸਪ ਬਦਲਾਅ ਦੇਖਿਆ ਹੈ, ਤੁਸੀਂ ਕੱਲ੍ਹ ਦੇਖਿਆ ਕਿ ਭਾਰਤ ਸਰਕਾਰ ਨੇ ਕਿਹਾ ਕਿ ਉਹ ਯੂਕਰੇਨਨੂੰਮਨੁੱਖੀ ਸਹਾਇਤਾ ਭੇਜੇਗੀ। ਇਹ ਬਦਲਾਅ ਮਹੱਤਵਪੂਰਨ ਹੈ।ਯੂਕਰੇਨ ਸਰਕਾਰਏਦਾਂ ਦੀ ਮਦਦ ਲਈ ਹਰ ਪਾਸੇ ਬੇਨਤੀ ਕਰ ਰਹੀ ਹੈ ਤੇ ਭਾਰਤ ਮਦਦ ਕਰਨ ਨੂੰ ਤਿਆਰ ਹੈ।

ਓਧਰ ਚੀਨ ਨੇ ਯੂਕਰੇਨ ਉੱਤੇਰੂਸ ਦੇ ਹਮਲੇ ਬਾਰੇ ਅਫ਼ਵਾਹਾਂ ਨੂੰ ਰੱਦ ਕਰ ਕੇ ਸਫ਼ਾਈ ਦਿੱਤੀ ਤੇ ਉਸ ਖ਼ਬਰ ਨੂੰ ਰੱਦ ਕੀਤਾ ਹੈ, ਜਿਸ ਵਿੱਚ ਕਿਹਾ ਗਿਆ ਹੈ ਕਿ ਉਸ ਨੇ ਰੂਸ ਨੂੰ ਵਿੰਟਰ ਓਲੰਪਿਕ ਹੋਣ ਤੱਕਯੂਕਰੇਨਵਿਰੁੱਧ ਹਮਲਾ ਨਾ ਕਰਨ ਲਈ ਕਿਹਾ ਸੀ। ਚੀਨ ਨੇ ਇਸ ਖਬਰ ਨੂੰ ਮੁੱਦਿਆਂ ਤੋਂ ਧਿਆਨ ਹਟਾਉਣ ਤੇ ਸੰਘਰਸ਼ ਲਈ ਉਸ ਉੱਤੇਝੂਠੇ ਦੋਸ਼ ਲਾਉਣ ਦੀ ਕੋਸ਼ਿਸ਼ਦੱਸ ਕੇ ਇਸ ਨੂੰ 'ਫਰਜ਼ੀ ਖਬਰ'ਅਤੇ 'ਬਹੁਤ ਨਿੰਦਣਯੋਗ'ਦੱਸਿਆ ਹੈ। ਚੀਨ ਦੇ ਵਿਦੇਸ਼ ਮੰਤਰਾਲੇ ਦੇ ਬੁਲਾਰੇ ਵਾਂਗ ਨੇ ਕਿਹਾ ਕਿ ਸਾਨੂੰ ਆਸ ਹੈ ਕਿ ਸੰਕਟ ਦੇ ਦੋਸ਼ੀ ਲੋਕ ਯੂਕਰੇਨ ਸੰਕਟ ਵਿੱਚ ਆਪਣੀ ਭੂਮਿਕਾਬਾਰੇਸੋਚ ਕੇ ਆਪਣੀ ਜ਼ਿੰਮੇਵਾਰੀ ਨਿਭਾਉਣਗੇ ਤੇ ਸਮੱਸਿਆ ਦੇ ਹੱਲ ਲਈ ਕਾਰਵਾਈ ਕਰਨਗੇ। ਉਨ੍ਹਾਂ ਕਿਹਾ ਕਿ ਨਿਊਯਾਰਕ ਟਾਈਮਜ਼ ਦੀ ਖਬਰ ਪੂਰੀ ਤਰ੍ਹਾਂ ਫਰਜ਼ੀ ਤੇ ਮੁੱਦਿਆਂ ਤੋਂ ਧਿਆਨ ਹਟਾਉਣ ਅਤੇ ਦੂਸਰਿਆਂ ਉੱਤੇ ਦੋਸ਼ ਲਾਉਣ ਦੀ ਨਿੰਦਾ ਯੋਗ ਕੋਸ਼ਿਸ਼ ਹੈ।'ਦਿ ਨਿਊਯਾਰਕ ਟਾਈਮਜ਼' ਨੇ ਇਸ ਖ਼ਬਰ ਵਿੱਚ ਅਧਿਕਾਰੀਆਂ ਦੇ ਭਰੋਸੇਯੋਗ ਮੰਨੀ ਜਾਂਦੀ 'ਪੱਛਮੀ ਖੁਫ਼ੀਆ ਰਿਪੋਰਟ' ਦਾ ਹਵਾਲਾ ਦੇ ਕੇ ਕਿਹਾ ਸੀ ਕਿ ਸੀਨੀਅਰ ਚੀਨੀ ਅਫਸਰਾਂ ਨੂੰ ਹਮਲੇ ਸ਼ੁਰੂ ਹੋਣ ਤੋਂ ਪਹਿਲਾਂ ਰੂਸ ਦੀ ਯੁੱਧ ਯੋਜਨ ਜਾਂ ਰੂਸ ਸਰਕਾਰ ਦੇ ਇਰਾਦਿਆਂ ਬਾਰੇਕੁਝ ਪੱਧਰ ਉੱਤੇ ਜਾਣਕਾਰੀ ਸੀ।

# ਉੱਤਰ ਪ੍ਰਦੇਸ਼ ਵਿਧਾਨਸਭਾ ਚੋਣਾਂ: 6ਵੇਂ ਪੜਾਅ ਲਈ 57 ਸੀਟਾਂ ਉੱਤੇ ਵੋਟਿੰਗ ਮੱਧਮ ਰਹੀ

ਲਖਨਊ, 3 ਮਾਰਚ, (ਪੋਸਟ ਬਿਊਰੋ)- ਉੱਤਰ ਪ੍ਰਦੇਸ਼ ਵਿਧਾਨ ਸਭਾ ਚੋਣਾਂ ਦੇ 6ਵੇਂ ਪੜਾਅ ਵਿੱਚ 10 ਜ਼ਿਲ੍ਹਿਆਂ ਦੀਆਂ 57 ਵਿਧਾਨ ਸਭਾ ਸੀਟਾਂ ਲਈ ਵੋਟਿੰਗ ਅੱਜ ਖ਼ਤਮ ਹੋ ਗਈ ਹੈ। ਇਸ ਪੜਾਅ ਵਿੱਚ 66 ਔਰਤਾਂ ਸਣੇ 676 ਉਮੀਦਵਾਰਾਂ ਦੀ ਕਿਸਮਤ ਵੋਟਿੰਗ ਮਸ਼ੀਨਾਂ (ਈਵੀਐੱਮ) ਵਿੱਚ ਕੈਦ ਹੋ ਗਈ ਹੈ। ਇਨ੍ਹਾਂ ਚੋਣਾਂ ਵਿੱਚ ਸਭ ਤੋਂ ਹੌਟ ਸੀਟ ਗੋਰਖਪੁਰ ਹੈ, ਜਿੱਥੋਂ ਮੁੱਖ ਮੰਤਰੀ ਯੋਗੀ ਆਦਿੱਤਿਨਾਥ ਚੋਣ ਲੜ ਰਹੇ ਹਨ।ਵਿਧਾਨ ਸਭਾ ਚੋਣਾਂ ਦੇ ਇਸ ਛੇਵੇਂ ਗੇੜ ਦੌਰਾਨ ਸ਼ਾਮ ਦੇ 5 ਵਜੇ ਤਕ ਸਿਰਫ 53.31 ਫ਼ੀਸਦੀ ਲੋਕਾਂ ਨੇ ਵੋਟ ਪਾਈ ਅਤੇ ਵੋਟਿੰਗ ਕਾਫੀ ਘੱਟ ਰਹੀ ਹੈ।



ਮਿਲੀਆਂ ਖਬਰਾਂ ਅਨੁਸਾਰ ਅੱਜ ਯੂ ਪੀ ਵਿਧਾਨ ਸਭਾ ਚੋਣਾਂ ਦੇ 6ਵੇਂ ਪੜਾਅ ਲਈ ਗੋਰਖਪੁਰ, ਅੰਬੇਡਕਰਨਗਰ, ਬਲੀਆ, ਬਲਰਾਮ-ਪੁਰ, ਬਸਤੀ, ਦੇਵਰੀਆ, ਕੁਸ਼ੀਨਗਰ, ਮਹਾਰਾਜਗੰਜ, ਸੰਤਕਬੀਰ ਨਗਰ ਤੇ ਸਿਧਾਰਥਨਗਰ ਦੇ 10 ਜ਼ਿਲ੍ਹਿਆਂ ਦੀਆਂ 57 ਅਸੈਂਬਲੀ ਸੀਟਾਂ ਉੱਤੇ ਵੋਟਾਂ ਪਈਆਂ। ਇਸ ਗੇੜਦੀਆਂ 57 ਸੀਟਾਂ ਵਿੱਚੋਂ 11 ਸੀਟਾਂ ਅਨੁਸੂਚਿਤ ਜਾਤੀ ਉਮੀਦਵਾਰਾਂ ਲਈ ਰਿਜ਼ਰਵ ਹਨ।ਉੱਤਰ ਪ੍ਰਦੇਸ਼ ਵਿਧਾਨ ਸਭਾ ਦੀਆਂ ਕੁੱਲ 403 ਸੀਟਾਂ ਉੱਤੇ7 ਪੜਾਵਾਂ ਵਿੱਚ ਚੋਣਾਂ ਹੋਣੀਆਂ ਹਨ ਅਤੇ ਅੱਜ ਤੋਂ ਪਹਿਲੇ ਪੜਾਵਾਂ ਵਿੱਚ 292 ਸੀਟਾਂ ਉੱਤੇ ਵੋਟਾਂ ਪੈ ਚੁੱਕੀਆਂ ਹਨ, ਜਦ ਕਿ ਅੱਜ ਵਾਲੇ ਛੇਵੇਂ ਪੜਾਅ ਦੀਆਂ 57 ਸੀਟਾਂ ਦੇ ਬਾਅਦ ਆਖਰੀ ਪੜਾਅ 7 ਮਾਰਚ ਨੂੰ ਹੋਣਾ ਬਾਕੀ ਹੈ।

ਜਿਹੜੀਆਂ 57 ਸੀਟਾਂ ਲਈ ਅੱਜ ਵੋਟਾਂ ਪਈਆਂ, ਸਾਲ 2017 ਦੀਆਂ ਚੋਣਾਂ ਵਿਚ ਉਨ੍ਹਾ ਜ਼ਿਲ੍ਹਿਆਂ ਵਿੱਚ ਔਸਤ 56.52 ਫੀਸਦੀ ਵੋਟਾਂ ਪਈਆਂ ਸਨ ਅਤੇ 2012 ਦੀਆਂ ਚੋਣਾਂ ਵਿੱਚ 55.19 ਫੀਸਦੀ ਰਹੀ ਸੀ।ਇਸ ਵਾਰੀ ਚੋਣਾਂ ਵਿੱਚ ਵੋਟ ਫ਼ੀਸਦੀ 2017 ਦੇ ਮੁਕਾਬਲੇ ਘੱਟ ਰਹੀ ਹੈ, ਜਿਸ ਬਾਰੇ ਮਾਹਰਾਂ ਦਾ ਕਹਿਣਾ ਹੈ ਕਿ ਇਸ ਤਰ੍ਹਾਂ ਘੱਟ ਲੋਕਾਂ ਦੇ ਵੋਟਾਂ ਪਾਉਣ ਨਾਲ ਵੱਧ ਨੁਕਸਾਨ ਰਾਜ ਕਰਦੀ ਭਾਜਪਾ ਦਾ ਹੋ ਸਕਦਾ ਹੈ।

# ਟਰੰਪ ਉੱਤੇ ਕੈਪੀਟਲ ਹਿੱਲ ਦੰਗੇ ਦੀ ਸਾਜ਼ਿਸ਼ ਰਚਣ ਦਾ ਦੋਸ਼

## * ਪਾਰਲੀਮੈਂਟਰੀ ਕਮੇਟੀ ਵੱਲੋਂ ਅਦਾਲਤ ਵਿੱਚ ਐਫੀਡੇਵਿਟ ਪੇਸ਼

ਵਾਸ਼ਿੰਗਟਨ, 3 ਮਾਰਚ, (ਪੋਸਟ ਬਿਊਰੋ)- ਅਮਰੀਕਾ ਦੇ ਪਾਰਲੀਮੈਂਟ ਵਾਲੇ ਖੇਤਰ'ਕੈਪੀਟਲ ਹਿੱਲ' ਵਿੱਚ ਬੀਤੇ ਸਾਲ ਹੋਏ ਦੰਗਿਆਂ ਦੀ ਜਾਂਚ ਕਰ ਰਹੀ ਪਾਰਲੀਮੈਂਟ ਦੀ ਸਾਂਝੀ ਕਮੇਟੀ ਨੇ ਕਿਹਾ ਹੈ ਕਿ ਸਾਰੇ ਸਬੂਤਾਂ ਤੋਂ ਪਤਾ ਲੱਗਦਾ ਹੈ ਕਿ ਸਾਬਕਾ ਰਾਸ਼ਟਰਪਤੀ ਡੋਨਾਲਡ ਟਰੰਪ ਤੇ ਉਨ੍ਹਾਂ ਦੇ ਸਹਿਯੋਗੀਆਂ ਨੇ ਕਾਂਗਰਸ (ਪਾਰਲੀਮੈਂਟ) ਨੂੰ ਰਾਸ਼ਟਰਪਤੀ ਚੋਣ ਦੇ ਨਤੀਜਿਆਂ ਦੀ ਪੁਸ਼ਟੀ ਕਰਨ ਤੋਂ ਰੋਕਣ ਦੇ ਲਈਸਾਜ਼ਿਸ਼ ਰਚੀ ਤੇ ਅਜਿਹਾ ਕਰਨ ਲਈ ਉਸ ਨੇ ਅਫ਼ਵਾਹਾਂ ਦਾ ਸਹਾਰਾ ਲਿਆ ਅਤੇ ਸਰਕਾਰੀ ਮੁਲਾਜ਼ਮਾਂ ਉੱਤੇ ਚੋਣਾਂ ਦੇ ਨਤੀਜੇ ਬਦਲਣ ਦਾ ਦਬਾਅ ਪਾਇਆ ਸੀ।



ਪਾਰਲੀਮੈਂਟਰੀ ਕਮੇਟੀ ਨੇ ਬਾਰੇਐਫੀਡੇਵਿਟ ਪੇਸ਼ ਕਰਕੇ ਦਾਅਵਾ ਕੀਤਾ ਕਿ ਟਰੰਪ ਅਤੇ ਉਨ੍ਹਾਂ ਦੇ ਸਲਾਹਕਾਰ ਅਤੇ ਵਕੀਲ ਜੌਹਨ ਈਸਟਮੈਨ ਨੇ ਚੋਣ ਨਤੀਜੇ ਉਲਟਾਉਣ ਲਈ ਅਸਫਲ ਕੋਸ਼ਿਸ਼ ਕੀਤੀ ਸੀ, ਇਸ ਕਰ ਕੇ ਉਹ 6 ਜਨਵਰੀ 2021 ਦੇ ਦੰਗਿਆਂ ਨਾਲ ਸਬੰਧਤ ਦਸਤਾਵੇਜ਼ ਕਮੇਟੀ ਤੋਂ ਛੁਪਾਉਣ ਦੀ ਕੋਸ਼ਿਸ਼ ਕਰ ਰਿਹਾ ਹੈ।ਇਹੀ ਨਹੀਂ, ਪਾਰਲੀਮੈਂਟਰੀ ਕਮੇਟੀ ਨੇ ਇਹ ਵੀ ਕਿਹਾ ਕਿ ਇਹ ਕੇਸ ਮੌਜੂਦਾ ਅਤੇ ਭਵਿੱਖ ਦੇ ਅਪਰਾਧਾਂ ਦੇ ਸਬੰਧ ਵਿੱਚ ਦਸਤਾਵੇਜ਼ਾਂ ਦੇ ਖੁਲਾਸੇ ਲਈ ਇੱਕਨਿਵੇਕਲੀ ਮਿਸਾਲ ਸਾਬਤ ਹੋ ਸਕਦਾ ਹੈ।

ਕੈਲੀਫੋਰਨੀਆ ਵਿੱਚ ਅਮਰੀਕੀ ਜ਼ਿਲਾ ਅਦਾਲਤ ਵਿੱਚਪੇਸ਼ਐਫੀਡੇਵਿਟਵਿੱਚ ਪਾਰਲੀਮੈਂਟਰੀ ਕਮੇਟੀ ਨੇ ਕਿਹਾ ਕਿ ਉਨ੍ਹਾਂ ਦਾ ਮੰਨਣਾ ਹੈ ਕਿ ਓਦੋਂ ਦੇ ਰਾਸ਼ਟਰਪਤੀ ਤੇ ਉਨ੍ਹਾਂ ਦੇ ਸਹਿਯੋਗੀਆਂ ਨੇ ਅਮਰੀਕੀ ਚੋਣਾਂ ਵਿਗਾੜਨ ਲਈ ਇੱਕ ਅਪਰਾਧਿਕ ਸਾਜ਼ਿਸ਼ ਰਚੀ ਸੀ। ਕੁੱਲ 221 ਸਫੇ ਦੇ ਐਫੀਡੇਵਿਟਵਿੱਚਪਾਰਲੀਮੈਂਟਰੀ ਕਮੇਟੀ ਨੇ ਰਸਮੀ ਯਤਨਾਂ ਰਾਹੀਂ ਕਿਹਾ ਹੈ ਕਿ ਸਾਬਕਾ ਰਾਸ਼ਟਰਪਤੀ ਡੋਨਾਲਡ ਟਰੰਪ ਅਸਲ ਵਿੱਚ ਫੈਡਰਲ ਅਪਰਾਧ ਵਿੱਚ ਸ਼ਾਮਲ ਹੈ। ਇਸ ਕਮੇਟੀ ਦੇ ਐਫੀਡੇਵਿਟ ਨੂੰ ਸਾਬਕਾ ਰਾਸ਼ਟਰਪਤੀ ਡੋਨਾਲਡ ਟਰੰਪ ਦੇ ਖਿਲਾਫ਼ ਰਸਮੀ ਤੌਰ ਉੱਤੇ ਦਰਜ਼ ਕੀਤਾ ਕੇਸ ਨਹੀਂ ਮੰਨਿਆ ਜਾ ਸਕਦਾ, ਕਿਉਂਕਿ ਪਾਰਲੀਮੈਂਟ ਦੇ ਮੈਂਬਰਾਂ ਨੂੰ ਆਪਣੇ ਤੌਰ ਉੱਤੇ ਰਾਸ਼ਟਰਪਤੀ ਵਿਰੁੱਧ ਦੋਸ਼ ਲਾਉਣ ਦਾ ਅਧਿਕਾਰ ਨਹੀਂ। ਉਹ ਇਹ ਕਹਿ ਕੇ ਨਿਆਂ ਵਿਭਾਗ ਕੋਲ ਉਠਾ ਸਕਦੇ ਹਨ। ਵਿਭਾਗ ਨੇ ਇਨ੍ਹਾਂ ਦੰਗਿਆਂ ਦੀ ਜਾਂਚ ਸ਼ੁਰੂ ਕਰ ਦਿੱਤੀ ਹੈ, ਪਰ ਅਜੇ ਤੱਕ ਅਜਿਹਾ ਸੰਕੇਤ ਨਹੀਂ ਮਿਲਿਆ ਕਿ ਟਰੰਪ ਦੇ ਖਿਲਾਫ ਵੀ ਦੋਸ਼ ਲਾਏ ਜਾਣਗੇ।

# ਜੱਸੀ ਕਤਲ ਕੇਸ ਵਿੱਚ ਮਾਮੇ ਨੂੰ ਹਾਈ ਕੋਰਟ ਤੋਂ ਜ਼ਮਾਨਤ ਮਿਲੀ

ਸੰਗਰੂਰ, 3 ਮਾਰਚ (ਪੋਸਟ ਬਿਊਰੋ)- ਕਰੀਬ 22 ਸਾਲ ਪਹਿਲਾਂ 8 ਜੂਨ 2000 ਨੂੰ ਜ਼ਿਲ੍ਹਾ ਸੰਗਰੂਰ ਵਿੱਚ ਕੈਨੇਡੀਅਨ ਕੁੜੀ ਜਸਵਿੰਦਰ ਕੌਰ ਜੱਸੀ (24) ਦੇ ਕਤਲ ਬਾਰੇ ਥਾਣਾ ਅਮਰਗੜ੍ਹ (ਸੰਗਰੂਰ) ਵਿਖੇ 9 ਜੂਨ 2000 ਨੂੰ ਦਰਜ ਹੋਏ ਕੇਸ ਵਿੱਚ ਜੇਲ੍ਹ ਵਿੱਚ ਬੰਦ ਜੱਸੀ ਦੇ ਮਾਮਾ ਸੁਰਜੀਤ ਸਿੰਘ ਬਦੇਸ਼ਾਂ ਨੂੰ ਪੰਜਾਬ ਹਰਿਆਣਾ ਹਾਈ ਕੋਰਟ ਨੇ ਜ਼ਮਾਨਤ ਦੇ ਦਿੱਤੀ ਹੈ, ਜਦਕਿ ਉਸ ਦੀ ਮਾਂ ਮਲਕੀਤ ਕੌਰ ਨੂੰ ਹਾਈ ਕੋਰਟ ਨੇ ਪਹਿਲਾਂ ਹੀ ਜ਼ਮਾਨਤ ਦਿੱਤੀ ਹੋਈ ਹੈ।

ਵਰਨਣ ਯੋਗ ਹੈ ਕਿ ਸੁਖਵਿੰਦਰ ਸਿੰਘ ਮਿੱਠੂ ਅਤੇ ਭਾਰਤੀ ਮੂਲ ਦੀ ਕੈਨੇਡੀਅਨ ਨਾਗਰਿਕ ਉਸ ਦੀ ਪਤਨੀ ਜਸਵਿੰਦਰ ਜੱਸੀ ਉੱਤੇ 8 ਜੂਨ 2000 ਨੂੰ ਓਦੋਂ ਕਾਤਲਾਨਾ ਹਮਲਾ ਹੋਇਆ ਸੀ, ਜਦੋਂ ਉਹ ਸਕੂਟਰ ਉੱਤੇਜਾ ਰਹੇ ਸਨ। ਇਸ ਹਮਲੇ ਵਿੱਚ ਜੱਸੀ ਦੀ ਮੌਤ ਹੋ ਗਈ ਅਤੇ ਸੁਖਵਿੰਦਰ ਸਿੰਘ ਗੰਭੀਰ ਜ਼ਖ਼ਮੀ ਹੋਇਆ ਸੀ।ਇਸਕੇਸ ਦੀ ਸੰਗਰੂਰ ਦੀ ਅਦਾਲਤ ਵਿੱਚ ਚੱਲਦੀ ਸੁਣਵਾਈ ਮੁਕੰਮਲ ਕਰਨ ਲਈ ਪੁਲਸ ਵੱਲੋਂ 22 ਜੂਨ 2019 ਨੂੰ ਜੱਸੀ ਦੀ ਮਾਂ ਤੇ ਮਾਮੇ ਨੂੰ ਕੈਨੇਡਾ ਤੋਂ ਭਾਰਤ ਲਿਆਂਦਾ ਸੀ। ਮ੍ਰਿਤਕ ਜੱਸੀ ਦੇ ਪਤੀ ਮਿੱਠੂ ਵੱਲੋਂ ਕੇਸ ਦੀ ਪੈਰਵੀਂ ਕਰਦੇ ਵਕੀਲ ਨੇ ਕਿਹਾ ਕਿ ਕੇਸ ਦੀ ਸੁਣਵਾਈ ਅਡੀਸ਼ਨਲ ਸੈਸ਼ਨ ਜੱਜ ਸਮਿਰਤੀ ਧੀਰ ਦੀ ਅਦਾਲਤ ਵਿੱਚ ਹੋ ਰਹੀ ਹੈ, ਕਈ ਗਵਾਹੀਆਂ ਹੋ ਚੁੱਕੀਆਂ ਹਨ, ਇਸ ਦੀ ਅਗਲੀ ਸੁਣਵਾਈ 4 ਅਪ੍ਰੈਲ ਨੂੰ ਹੋਣੀ ਹੈ।

# ਰੂਸੀ ਹਮਲੇ ਤੋਂ ਬਾਅਦ ਯੂਰਪ ਦੇ ਸੱਭ ਤੋਂ ਵੱਡੇ ਪਾਵਰ ਪਲਾਂਟ ਨੂੰ ਲੱਗੀ ਅੱਗ

ਕੀਵ, ਯੂਕਰੇਨ, 3 ਮਾਰਚ (ਪੋਸਟ ਬਿਊਰੋ) : ਰੂਸੀ ਸੈਨਾਵਾਂ ਵੱਲੋਂ ਸ਼ੁੱਕਰਵਾਰ ਸਵੇਰੇ ਐਨਰਜੀ ਦਾ ਉਤਪਾਦਨ ਕਰਨ ਵਾਲੇ ਯੂਕਰੇਨ ਦੇ ਸ਼ਹਿਰ ਨੂੰ ਆਪਣਾ ਨਿਸ਼ਾਨਾ ਬਣਾਇਆ ਗਿਆ। ਇਸ ਹਮਲੇ ਵਿੱਚ ਯੂਰਪ ਦੇ ਸੱਭ ਤੋਂ ਵੱਡੇ ਨਿਊਕਲੀਅਰ ਪਲਾਂਟ ਨੂੰ ਅੱਗ ਲੱਗ ਗਈ ਤੇ ਨੁਕਸਾਨੇ ਗਏ ਪਾਵਰ ਸਟੇਸ਼ਨ ਕਾਰਨ ਰੇਡੀਏਸ਼ਨ ਲੀਕ ਹੋਣ ਦਾ ਖਤਰਾ ਖੜ੍ਹਾ ਹੋ ਗਿਆ।



ਪਲਾਂਟ ਦੇ ਬੁਲਾਰੇ ਐਂਡਰੀਏ ਤੁਜ਼ ਨੇ ਦੱਸਿਆ ਕਿ ਐਨਰਹੋਡਰ ਸਿਟੀ ਵਿੱਚ ਸਥਿਤ ਜ਼ੈਪਰੀਜ਼ੀਆ ਪਲਾਂਟ ਉੱਤੇ ਸਿੱਧੇ ਤੌਰ ਉੱਤੇ ਕੀਤੀ ਗਈ ਬੰਬਾਰੀ ਕਾਰਨ ਫੈਸਿਲਿਟੀ ਵਿੱਚ ਮੌਜੂਦ ਛੇ ਰਿਐਕਟਰਾਂ ਵਿੱਚੋਂ ਇੱਕ ਨੂੰ ਅੱਗ ਲੱਗ ਗਈ। ਉਨ੍ਹਾਂ ਆਖਿਆ ਕਿ ਰਿਐਕਟਰ ਦੀ ਮੁਰੰਮਤ ਚੱਲ ਰਹੀ ਹੈ ਤੇ ਇਹ ਆਪਰੇਟ ਨਹੀਂ ਸੀ ਕੀਤਾ ਜਾ ਰਿਹਾ ਪਰ ਉਸ ਦੇ ਅੰਦਰ ਫਿਊਲ ਮੌਜੂਦ ਸੀ। ਇੱਕ ਸਰਕਾਰੀ ਅਧਿਕਾਰੀ ਨੇ ਦੱਸਿਆ ਕਿ ਪਲਾਂਟ ਦੇ ਨੇੜੇ ਰੇਡੀਏਸ਼ਨ ਦਾ ਪੱਧਰ ਵੱਧ ਚੁੱਕਿਆ ਹੈ ਤੇ ਇਹ ਪਲਾਂਟ ਯੂਕਰੇਨ ਲਈ 25 ਫੀ ਸਦੀ ਪਾਵਰ ਜੈਨਰੇਟ ਕਰਦਾ ਹੈ।

ਤੁਜ਼ ਨੇ ਆਖਿਆ ਕਿ ਫਾਇਰਫਾਈਟਰਜ਼ ਵੀ ਅੱਗ ਬੁਝਾਉਣ ਲਈ ਪਲਾਂਟ ਦੇ ਬਹੁਤਾ ਨੇੜੇ ਨਹੀਂ ਜਾ ਰਹੇ ਕਿਉਂਕਿ ਉਨ੍ਹਾਂ ਨੂੰ ਵੀ ਗੋਲੀ ਲੱਗਣ ਦਾ ਡਰ ਹੈ। ਯੂਕਰੇਨ ਦੇ ਵਿਦੇਸ਼ ਮੰਤਰੀ ਦਮਿੱਤਰੋ ਕੁਲੇਬਾ ਨੇ ਟਵੀਟ ਕਰਕੇ ਰੂਸ ਨੂੰ ਇਸ ਹਮਲੇ ਨੂੰ ਰੋਕਣ ਦੀ ਅਪੀਲ ਕੀਤੀ ਹੈ ਤਾਂ ਕਿ ਫਾਇਰ ਫਾਈਟਰਜ਼ ਨੂੰ ਅੱਗ ਬੁਝਾਉਣ ਲਈ ਅੰਦਰ ਜਾਣ ਦਿੱਤਾ ਜਾ ਸਕੇ। ਇਸ ਹਮਲੇ ਕਾਰਨ ਯੂਕਰੇਨ ਦੇ 15 ਨਿਊਕਲੀਅਰ ਰਿਐਕਟਰਜ਼ ਵਿੱਚੋਂ ਇੱਕ ਨੂੰ ਨੁਕਸਾਨ ਪਹੁੰਚਣ ਦੀ ਸੰਭਾਵਨਾਂ ਤੋਂ ਵੀ ਇਨਕਾਰ ਨਹੀਂ ਕੀਤਾ ਜਾ ਸਕਦਾ। ਇਸ ਨਾਲ 1986 ਵਿੱਚ ਵਾਪਰੀ ਸ਼ਰਨੋਬਿਲ ਘਟਨਾ ਵਰਗੀ ਐਮਰਜੰਸੀ ਪੈਦਾ ਹਣ ਦਾ ਖਤਰਾ ਵੀ ਖੜ੍ਹਾ ਹੋ ਗਿਆ ਹੈ।

## ਗਰੀਬ ਹੋਣਾ ਕਿਸੇ ਕੇਸ ਦੀ ਸਜ਼ਾ ਵਿੱਚ ਰਿਆਇਤ ਦਾ ਆਧਾਰ ਨਹੀਂ : ਹਾਈ ਕੋਰਟ

ਚੰਡੀਗੜ੍ਹ, 3 ਮਾਰਚ (ਪੋਸਟ ਬਿਊਰੋ)- ਟਰਾਇਲ ਕੋਰਟ ਵੱਲੋਂ ਇੱਕ ਕੇਸ ਵਿੱਚ ਸੁਣਾਈ ਗਈ ਉਮਰ ਕੈਦ ਦੀ ਸਜ਼ਾ ਹਾਈ ਕੋਰਟ ਨੇ ਕਾਇਮ ਰੱਖੀ ਅਤੇ ਸਾਫ ਕਿਹਾ ਹੈ ਕਿ ਗਰੀਬ ਜਾਂ ਮਜ਼ਦੂਰ ਹੋਣਾ ਦੋਸ਼ੀ ਦੀ ਸਜ਼ਾ ਵਿੱਚ ਰਿਆਇਤ ਲਈ ਆਧਾਰ ਨਹੀਂ ਹੋ ਸਕਦਾ ਅਤੇ ਇਸ ਦਾ ਕੋਈ ਲਾਭ ਨਹੀਂ ਮਿਲ ਸਕਦਾ। ਵਰਨਣ ਯੋਗ ਹੈ ਕਿ ਸ਼ੰਭੂ ਨਾਂਅ ਦੇ ਆਦਮੀ ਨੇ ਤਿੰਨ ਸਾਲਾ ਬੱਚੀ ਨਾਲ ਬਲਾਤਕਾਰ ਕੀਤਾ ਸੀ। ਇਸ ਕੇਸ ਵਿੱਚ ਚੰਡੀਗੜ੍ਹ ਦੀ ਟਰਾਇਲ ਕੋਰਲ ਨੇ ਉਸ ਨੂੰ ਉਮਰ ਕੈਦ ਦੀ ਸਜ਼ਾ ਕੀਤੀ ਸੀ। ਸ਼ੰਭੂ ਨੇ ਪਟੀਸ਼ਨ ਦਾਇਰ ਕਰ ਕੇ ਅਪੀਲ ਕੀਤੀ ਕਿ ਉਹ ਗਰੀਬ ਹੈ ਤੇ ਉਸ ਦੀ ਸਜ਼ਾ ਘੱਟ ਕੀਤੀ ਜਾਵੇ। ਹਾਈ ਕੋਰਟ ਨੇ ਸਖਤ ਰੌਂਅ ਵਿੱਚ ਕਿਹਾ, "ਦੋਸ਼ੀ ਸ਼ੰਭੂ ਕਿਸੇ ਵੀ ਹਾਲਤ ਵਿੱਚ ਰਾਹਤ ਦਾ ਹੱਕਦ-ਾਰ ਨਹੀਂ।" ਕੇਸ ਦੀ ਸ਼ਿਕਾਇਤ ਮੁਤਾਬਕ 14 ਜਨਵਰੀ 2010 ਨੂੰ ਪੀੜਤ ਬੱਚੀ ਘਰੋਂ ਨਿਕਲੀ ਸੀ। ਇਸ ਦੌਰਾਨ ਮਜ਼ਦੂਰ ਸ਼ੰਭੂ ਉਸ ਨੂੰ ਖੇਡਣ ਬਹਾਨੇ ਨਾਲ ਲੈ ਗਿਆ। ਪੀੜਤਾ ਦੀ ਮਾਂ ਇਹੀ ਸਮਝਦੀ ਸੀ ਕਿ ਸ਼ੰਭੂ ਸ਼ਾਇਦ ਬੱਚੀ ਨੂੰ ਖਿਡਾਉਣ ਲਈ ਲੈ ਗਿਆ ਹੈ। ਇਹ ਦੋਸ਼ੀ ਬੱਚੀ ਦੇ ਘਰ ਅਕਸਰ ਜਾਂਦਾ ਸੀ। ਜਦੋਂ ਬੱਚੀ ਦੇਰ ਤਕ ਨਾ ਪਰਤੀ ਤਾਂ ਉਨ੍ਹਾਂ ਨੇ ਲੱਭਣਾ ਸ਼ੁਰੂ ਕਰ ਦਿੱਤਾ। ਬਾਅਦ ਵਿੱਚ ਬੱਚੀ ਨਿਰਵਸਤਰ ਹਾਲਤ ਵਿੱਚ ਮਿਲੀ ਅਤੇ ਸ਼ੰਭੂ ਉਥੇ ਪੈਂਟ ਦੀ ਜਿਪ ਬੰਦ ਕਰਦਾ ਮਿਲਿਆ ਸੀ। ਬੱਚੀ ਨੂੰ ਚੁੱਕਿਆ ਤਾਂ ਉਹ ਖੂਨ ਨਾਲ ਲਥਪਥ ਸੀ। ਇਸ ਮਗਰੋਂ ਪੁਲਸ ਸੱਦੀ ਗਈ ਸੀ। ਪੁਲਸ ਨੇ ਬੱਚੀ ਨੂੰ ਹਸਪਤਾਲ ਪਹੁੰਚਾ ਦਿੱਤਾ ਸੀ ਤੇ ਸ਼ੰਭੂ ਨੂੰ ਕਾਬੂ ਕਰ ਲਿਆ ਸੀ।

# ਭਾਖੜੇ-ਬਿਆਸ ਦੀ ਇੱਕ ਪੋਸਟ ਦਾ ਰੌਲਾ, ਪਰ 1100 ਉਤੇ ਚਰਚਾ ਹੀ ਨਹੀਂ

ਚੰਡੀਗੜ੍ਹ, 3 ਮਾਰਚ (ਪੋਸਟ ਬਿਊਰੋ)- ਭਾਖੜਾ ਬਿਆਸ ਮੈਨੇਜਮੈਂਟ ਬੋਰਡ (ਬੀ ਬੀ ਐਮ ਬੀ) ਵਿੱਚ ਪੰਜਾਬ ਦੀਪੱਕੀ ਮੈਂਬਰੀ ਖਤਮ ਕਰਨ ਉੱਤੇ ਕਾਂਗਰਸ ਸਮੇਤ ਸਭ ਪਾਰਟੀਆਂ ਹੰਗਾਮਾ ਕਰ ਰਹੀਆਂ ਹਨ। ਉਨ੍ਹਾਂ ਦਾ ਕਹਿਣਾ ਹੈ ਕਿ ਇਸ ਨਾਲ ਪੰਜਾਬ ਦੀ ਹਿੱਸੇਦਾਰੀ ਖਤਰੇ ਵਿੱਚ ਪੈ ਜਾਏਗੀ।

ਵਰਨਣ ਯੋਗ ਹੈ ਕਿ ਪੰਜਾਬ ਪੁਨਰਗਠਨ ਐਕਟ 1966 ਤੋਂ ਪਹਿਲਾਂ ਇਸ ਡੈਮ ਦਾ ਕੰਟਰੋਲ ਪੰਜਾਬ ਕੋਲ ਸੀ, ਪਰ ਹਰਿਆਣਾ ਤੇ ਹਿਮਾਚਲ ਦੇ ਵੱਖ ਹੋਣ ਦੇ ਬਾਅਦ ਭਾਰਤ ਸਰਕਾਰ ਨੇ ਰਾਜਾਂ ਦੀ ਹਿੱਸੇਦਾਰੀ ਤੈਅ ਕਰ ਕੇ ਭਾਖੜਾ-ਬਿਆਸ ਮੈਨੇਜਮੈਂਟ ਬੋਰਡ ਬਣਾ ਦਿੱਤਾ। ਇਸ ਵਿੱਚੋਂ ਚੇਅਰਮੈਨ ਭਾਰਤ ਸਰਕਾਰ ਲਾਉਂਦੀ ਸੀ ਜਿਹੜਾ ਦੇਸ਼ ਦੇ ਕਿਸੇ ਵੀ ਹਿੱਸੇ ਤੋਂ ਹੋ ਸਕਦਾ ਸੀ, ਪਰ ਉਸ ਨਾਲ ਲਾਏ ਦੋ ਮੈਂਬਰਾਂ ਵਿੱਚ ਮੈਂਬਰ ਪਾਵਰ ਪੰਜਾਬ ਦਾ ਅਤੇ ਮੈਂਬਰ ਇਰੀਗੇਸ਼ਨ ਹਰਿਆਣਾ ਦਾ ਲਾਇਆ ਜਾਂਦਾ ਸੀ। ਦੋਵੇਂ ਸੂਬੇ ਆਪੋ-ਆਪਣੇ ਇੰਜੀਨੀਅਰਾਂ ਦਾ ਪੈਨਲ ਭੇਜਦੇ ਸਨ ਜਿਨ੍ਹਾਂ ਵਿੱਚੋਂ ਇੱਕ-ਇੱਕ ਨੂੰ ਮੈਂਬਰ ਪਾਵਰ ਤੇ ਮੈਂਬਰ ਇਰੀਗੇਸ਼ਨ ਲਾਇਆ ਜਾਂਦਾ ਸੀ। ਅੱਗੇ ਤੋਂ ਭਾਰਤ ਸਰਕਾਰ ਨੇ ਮੈਂਬਰਾਂ ਦੀ ਚੋਣ ਲਈਬਦਲਾਅ ਕਰ ਕੇ ਕਿਹਾ ਹੈ ਕਿ ਇਨ੍ਹਾਂ ਦੀ ਚੋਣ ਪੂਰੇ ਦੇਸ਼ ਦੇ ਇੰਜੀਨੀਅਰਾਂ ਤੋਂ ਕੀਤੀ ਜਾਏਗੀ। ਮੈਂਬਰ ਪਾਵਰ ਅਤੇ ਮੈਂਬਰ ਇਰੀਗੇਸ਼ਨ ਵਾਂਗ ਮੁਲਾਜ਼ਮਾਂ ਨੂੰ ਵੀ ਉਨ੍ਹਾਂ ਦੇ ਕੋਟੇ ਦੇ ਮੁਤਾਬਕ ਵੰਡਿਆ ਗਿਆ ਹੈ। ਦੋਵੇਂ ਸੂਬੇ ਪੰਜਾਬ ਤੇ ਹਰਿਆਣਾ ਨੇ ਬੀ ਬੀ ਐਮ ਬੀ ਵਿੱਚ ਆਪਣੇ ਕੋਟੇ ਦੇ ਹਿਸਾਬ ਨਾਲ ਮੁਲਾਜ਼ਮ ਭੇਜਣੇ ਹੁੰਦੇ ਹਨ। ਇਸੇ ਅਨੁਪਾਤ ਵਿੱਚ ਇਨ੍ਹਾਂ ਰਾਜਾਂ ਨੂੰ ਬਿਜਲੀ ਮਿਲਦੀ ਤੇ ਇਸ ਉੱਤੇ ਆਉਂਦੇ ਖਰਚ ਨੂੰ ਉਸੇ ਅਨੁਪਾਤ ਵਿੱਚ ਵੰਡਿਆ ਜਾਂਦਾ ਹੈ, ਪਰ ਪਿਛਲੇ ਡੇਢ ਦਹਾਕੇ ਤੋਂ ਬੀ ਬੀ ਐਮ ਬੀ ਵਿੱਚ ਪੰਜਾਬ ਆਪਣੇ ਕੋਟੇ ਤੋਂ ਨਾ ਬਿਜਲੀ ਸੈਕਸ਼ਨ ਵਿੱਚ ਤੇ ਨਾ ਇਰੀਗੇਸ਼ਨ ਸੈਕਸ਼ਨ ਵਿੱਚ ਆਪਣੇ ਮੁਲਾਜ਼ਮਾਂ ਨੂੰ ਭੇਜ ਰਿਹਾ ਹੈ। ਇਹ ਮੁੱਦਾ ਕਈ ਵਾਰੀ ਉਠਿਆ ਹੈ। ਇਸ ਸਮੇਂ ਪੰਜਾਬ ਦੇ ਕੋਟੇ ਦੀਆਂ 1100 ਪੋਸਟਾਂ ਖਾਲੀ ਹਨ। ਲਗਭਗ ਇਹੀ ਹਾਲ ਹਰਿਆਣਾ ਦਾ ਹੈ। ਖਾਲੀ ਪੋਸਟਾਂ ਨੂੰ ਭਰਨ ਲਈ ਬੀ ਬੀ ਐਮ ਬੀ ਕਈ ਵਾਰੀ ਪੰਜਾਬ ਤੇ ਹਰਿਆਣਾ ਸਰਕਾਰਾਂ ਨੂੰ ਲਿਖ ਚੁੱਕਾ ਹੈ। ਹਰ ਮਹੀਨੇ ਹੋਣ ਵਾਲੀ ਟੈਕਨੀਕਲ ਕਮੇਟੀ ਦੀ ਮੀਟਿੰਗ ਵਿੱਚ ਵੀ ਇਹ ਮਾਮਲਾ ਕਈ ਵਾਰੀ ਉਠਿਆ ਹੈ। ਇਸਦਾ ਪੰਜਾਬ ਨੂੰ ਦੋਹਰਾ ਨੁਕਸਾਨ ਹੁੰਦਾਹੈ। ਇੱਕ ਪਾਸੇ ਨਵੇਂ ਨੌਜਵਾਨਾਂ ਨੂੰ ਭਰਤੀ ਨਹੀਂ ਕੀਤਾ ਜਾ ਰਿਹਾ ਤੇ ਦੂਜੇ ਪਾਸੇ ਬੀ ਬੀ ਐਮ ਬੀ ਆਪਣਾ ਕੰਮ ਚਲਾਉਣ ਲਈ ਹਿਮਾਚਲ ਜਾਂ ਹੋਰ ਕੇਡਰਾਂ ਤੋਂ ਇਸ ਨੂੰ ਭਰ ਰਹੀ ਹੈ ਜਿਸ ਦੀ ਤਨਖਾਹ ਪੰਜਾਬ ਨੂੰ ਆਪਣੇ ਹਿੱਸੇ ਵਿੱਚੋਂ ਦੇਣੀ ਪੈ ਰਹੀ ਹੈ।

## ਚਾਰ ਸਾਲ ਪਹਿਲਾਂ ਯੂਕਰੇਨ ਗਏ ਨੌਜਵਾਨ ਦੀ ਬੀਮਾਰੀ ਨਾਲ ਮੌਤ

ਬਰਨਾਲਾ, 3 ਮਾਰਚ (ਪੋਸਟ ਬਿਊਰੋ)- ਯੂਕਰੇਨ-ਰੂਸ ਦਰਮਿਆਨ ਚੱਲਦੇ ਯੁੱਧ ਵਿੱਚ ਬਰਨਾਲੇ ਦੇ ਇੱਕ ਨੌਜਵਾਨ ਦੀ ਮੌਤ ਹੋ ਗਈ ਹੈ। ਮ੍ਰਿਤਕ ਨੌਜਵਾਨ ਚੰਦਨ ਜਿੰਦਲ ਚਾਰ ਸਾਲ ਪਹਿਲਾਂ ਯੂਕਰੇਨ ਦੀ ਵਿਨੀਸੀਆ ਸਟੇਟ ਵਿੱਚ ਐਮ ਬੀ ਬੀ ਐਸ ਦੀ ਪੜ੍ਹਾਈ ਕਰਨ ਗਿਆ ਹੋਇਆ ਸੀ, ਜਿੱਥੇ 2 ਫਰਵਰੀ ਨੂੰ ਗੰਭੀਰ ਬੀਮਾਰ ਹੋ ਗਿਆ ਅਤੇ ਉਸ ਦੇ ਦਿਮਾਗ਼ ਵਿੱਚ ਖ਼ੂਨ ਦੇ ਧੱਬੇ ਬਣ ਗਏ ਅਤੇ ਉਸ ਨੂੰ ਆਈ ਸੀ ਯੂ ਵਿੱਚ ਦਾਖ਼ਲ ਕਰਵਾਉਣਾ ਪਿਆ ਸੀ। ਭਾਰਤ ਰਹਿੰਦੇ ਪਰਵਾਰ ਦੀ ਪ੍ਰਵਾਨਗੀ ਨਾਲ ਚੰਦਨ ਦਾ ਆਪਰੇਸ਼ਨ ਕੀਤਾ ਗਿਆ ਸੀ ਜਿਸ ਤੋਂ ਬਾਅਦ ਚੰਦਨ ਦੀ ਸੰਭਾਲ ਲਈ ਪਿਛਲੇ ਮਹੀਨੇ ਉਸ ਦਾ ਪਿਤਾ ਸ਼ੀਸ਼ਨ ਕੁਮਾਰ ਅਤੇ ਤਾਇਆ ਕ੍ਰਿਸ਼ਨ ਕੁਮਾਰ ਯੂਕਰੇਨ ਗਏ ਸਨ ਜਿਸ ਦੇ ਬਾਅਦ ਰੂਸ ਅਤੇ ਯੂਕਰੇਨ ਦੀ ਲੜਾਈ ਲੱਗ ਗਈ।

NEED A LAWYER ??
Red Seal NOTARY
KAUR LAW OFFICE

MANJEET KAUR
LL.B., (London UK)
Barrister, Solicitor & Notary Public
REAL ESTATE LAWYER
- Residential & Commercial
- Sale/Purchase of House
- Mortgage & Refinancing
- Drafting/Reviewing Agreements
- Title Transfer
- 2nd Mortgage
IMMIGRATION
- Skilled Worker Category
- Spousal & Family Sponsorship
- Student Permits Visa & Renewals
- PR Renewal/ Citizenship Application
FAMILY LAWYER
- Child & Spousal support
- Custody & Access
- Divorce
- Equalization
BUSINESS LAW
- Incorporation & Shareholder agreements
- Sales & Purchase of Assets & Shares
- Notarization & Affidavits
WILLS & ESTATE
- Wills
- Certificate of Estate Trustee with/without Will
- Power of attorney for Property & Personal Care
Tel : 905-454-0099
Fax: 905-454-2234
2575 Steeles Ave. E., Unit 1,Brampton, ON L6T 5T1

ਆਓ ਸੱਤ ਸਮੁੰਦਰੋ ਪਾਰ ਵਾਲਿਆਂ ਦਾ ਵੀ ਸੋਚੀਏ
Super Visa

- How your spouse can join you within 4-6 months
- How your parents can join you
- How students & skilled people can come to Canada
- How international Students & Foreign workers can get their immigration
We do appeal for Refusal cases also
Sponsor Your Family
MacroGlobal Immigration Services Ltd.
Seema Bhayana

iccrc
Ph: 905 452 0000, 905 452 9999
180 Wilkinson Road, Unit 18 Brampton, ON L6T 4M3
Fax: 905 452 9996 Email: macroglobal@rogers.com
www.macroimmigration.com



# ਸੰਪਾਦਕੀ

## ਸਿੱਖਾਂ ਹਿੰਦੂਆਂ ਵਾਸਤੇ ਦੋਹਰੇ ਮਾਪਦੰਡ ਕਿਉਂ?

ਇੱਕ ਲਿਮਿਸਾਲ ਕਦਮ ਪੁੱਟਦੇ ਹੋਏ ਕੈਨੇਡਾ ਸਰਕਾਰ ਨੇ ਐਲਾਨ ਕੀਤਾ ਹੈ ਕਿ ਯੂਕਰੇਨੀਅਨ ਸਿਟੀਜ਼ਨਾਂ ਦੀਆਂ ਟੈਂਪਰੇਰੀ ਅਤੇ ਪਰਮਾਨੈਂਟ ਰੈਜ਼ੀਡੈਂਸ, ਸਟੱਡੀ ਪਰਮਿਟ ਅਰਜ਼ੀਆਂ ਦਾ ਜਲਦੀ ਤੋਂ ਜਲਦੀ ਨਿਪਟਾਰਾ ਕੀਤਾ ਜਾਵੇਗਾ। ਯੂਕਰੇਨ ਵਿੱਚ ਜੰਗ ਕਾਰਣ ਭੱਜਣ ਵਾਲਿਆਂ ਵਿੱਚੋਂ ਕਿੰਨੇ ਲੋਕਾਂ ਨੂੰ ਪੱਕੇ ਕੀਤਾ ਜਾਵੇਗਾ, ਇਸ ਬਾਰੇ ਕੋਈ ਸੀਮਾ ਨਹੀਂ ਹੋਵੇਗੀ ਭਾਵ ਜਿੰਨੇ ਲੋਕ ਅਪਲਾਈ ਕਰਨਗੇ, ਉਹਨਾਂ ਨੂੰ ਕਬੂਲ ਕਰ ਲਿਆ ਜਾਵੇਗਾ। ਅਸਥਾਈ ਸਟੈਟਸ ਵਾਲਿਆਂ ਨੂੰ ਵਰਕ ਪਰਮਿਟ ਦੀ ਤੁਰੰਤ ਸਹੂਲਤ ਦਿੱਤੀ ਜਾਵੇਗੀ। ਜੋ ਯੂਕਰੇਨੀਅਨ ਅਸਥਾਈ ਰੂਪ ਵਿੱਚ ਕੈਨੇਡਾ ਆਉਣਾ ਚਾਹੁੰਦੇ ਹਨ, ਉਹਨਾਂ ਵਾਸਤੇ ਇੱਕ 'ਕੈਨੇਡਾ-ਯੂਕਰੇਨ ਐਥੋਰਾਈਜ਼ੇਸ਼ਨ ਫਾਰ ਐਮਰਜੰਸੀ' ਟਰੈਵਲ (Canada-Ukraine Authorization for Emergency Travel) ਕਾਇਮ ਕੀਤੀ ਜਾਵੇਗੀ। ਇੰਮੀਗਰੇਸ਼ਨ ਮੰਤਰੀ ਸ਼ਾਨ ਫਰੇਜ਼ਰ ਅਨੁਸਾਰ ਰੂਸ ਦੇ ਵਲਾਦੀਮੀਰ ਪੁਤੀਨ ਵੱਲੋਂ ਆਰੰਭੀ ਗਈ ਜੰਗ ਤੋਂ ਤੰਗ ਆਏ ਯੂਕਰੇਨੀਅਨਾਂ ਨੂੰ 'ਜੀਅ ਆਇਆਂ ਨੂੰ' ਆਖਣ ਲਈ ਕੈਨੇਡਾ ਤਿਆਰ ਹੈ। ਇਹ ਨਾਜ਼ੁਕ ਸਮੇਂ ਵਿੱਚ ਜਦੋਂ ਯੂਕਰੇਨ ਉੱਤੇ ਰੂਸ ਵੱਲੋਂ ਅੰਤਾਂ ਦੀਆਂ ਔਖੀਆਂ ਘੜੀਆਂ ਲਿਆ ਦਿੱਤੀਆਂ ਗਈਆਂ ਹਨ, ਕੈਨੇਡਾ ਦੀ ਦਰਿਆ ਦਿਲੀ ਦਾ ਸੁਆਗਤ ਕਰਨਾ ਬਣਦਾ ਹੈ। ਹੁਣ ਤੱਕ ਇਸ ਜੰਗ ਵਿੱਚ 1500 ਤੋਂ 2000 ਲੋਕ ਮਾਰੇ ਜਾ ਚੁੱਕੇ ਹਨ ਜਿਹਨਾਂ ਵਿੱਚ ਦੋ ਭਾਰਤੀ ਮੂਲ ਦੇ ਵਿਅਕਤੀ ਸ਼ਾਮਲ ਹਨ।

ਕੈਨੇਡਾ ਵਿੱਚ ਯੂਕਰੇਨੀਅਨ ਮੂਲ ਦੇ 1 ਮਿਲੀਅਨ ਤੋਂ ਵੱਧ ਲੋਕ ਵੱਸਦੇ ਹਨ ਜਿਹਨਾਂ ਵਿੱਚੋਂ ਬਹੁਤ ਸਾਰੇ ਉੱਚ ਪਦਵੀਆਂ ਅਤੇ ਪ੍ਰਭਾਵਸ਼ਾਲੀ ਅਹੁਦਿਆਂ ਉੱਤੇ ਹਨ। ਮਿਸਾਲ ਵਜੋਂ ਸਾਡੀ ਡਿਪਟੀ ਪ੍ਰਧਾਨ ਮੰਤਰੀ ਕ੍ਰਿਸਟੀਆ ਫਰੀਲੈਂਡ ਯੂਕਰੇਨੀਅਨ ਮੂਲ ਦੀ ਹਨ। ਇਸ ਪ੍ਰਭਾਵਸ਼ਾਲੀ ਕਮਿਉਨਿਟੀ ਦੇ ਮੈਂਬਰਾਂ ਵਿੱਚ ਆਪਣੇ ਜੱਦੀ ਮੁਲਕ ਦੀ ਸਥਿਤੀ ਬਾਰੇ ਚਿੰਤਾ ਦਾ ਪਾਇਆ ਜਾਣਾ ਸੁਭਾਵਿਕ ਹੈ। ਹਰ ਸੰਵੇਦਨਸ਼ੀਲ ਮਨੁੱਖ ਇਸ ਵਕਤ ਯੂਕਰੇਨ ਦੀ ਮਦਦ ਕਰਨ ਲਈ ਰਾਜ਼ੀ ਹੈ ਕਿਉਂਕਿ ਉੱਥੇ ਹਾਲਾਤ ਹੀ ਐਨੇ ਖਤਰਨਾਕ ਬਣ ਚੁੱਕੇ ਹਨ। ਯੂਕਰੇਨ ਮੂਲ ਦੇ ਕੈਨੇਡੀਅਨ ਸਿਆਸਤਦਾਨਾਂ ਨੂੰ ਸ਼ਾਬਾਸ਼ ਹੈ ਕਿ ਉਹਨਾਂ ਨੇ ਆਪਣੇ ਹਮਸਾਇਆਂ ਲਈ ਬਣਦੇ ਸ੍ਰੋਤ ਪੈਦਾ ਕਰਨ ਲਈ ਜਦੋਜਹਿਦ ਕੀਤੀ ਹੈ। ਪਰ ਕਮਿਉਨਿਟੀ ਵਿੱਚ ਇਹ ਗੱਲ ਆਮ ਸੁਣੀ ਜਾ ਰਹੀ ਹੈ ਕਿ ਯੂਕਰੇਨ ਵਿੱਚ ਮੌਤ ਦੇ ਮੂੰਹ ਵਿੱਚ ਫਸੇ ਲੋਕਾਂ ਨੂੰ ਬਚਾਉਣ ਲਈ ਜੋ ਹੰਭਲੇ ਹੁਣ ਮਾਰੇ ਜਾ ਰਹੇ ਹਨ, ਉਹ ਅਫਗਾਨਸਤਾਨ ਵਿੱਚ ਨਰਕੀ ਜੀਵਨ ਜਿਉਣ ਲਈ ਮਜਬੂਰ ਹੋਏ ਸਿੱਖਾਂ ਹਿੰਦੂਆਂ ਬਾਬਤ ਗਾਇਬ ਕਿਉਂ ਸਨ?

ਤਾਲੀਬਾਨੀ ਹਮਲੇ ਤੋਂ ਬਾਅਦ ਅਫਗਾਨਸਤਾਨ ਵਿੱਚ ਆਟੇ ਵਿੱਚ ਲੂਣ ਬਰਾਬਰ ਸਿੱਖਾਂ ਹਿੰਦੂਆਂ ਨੂੰ ਮੈਕਸੀਕੋ ਨੇ ਤਾਂ ਮਦਦ ਦੇਣ ਵਿੱਚ ਪਹਿਲ ਕੀਤੀ ਸੀ ਜਿੱਥੇ 141 ਲੋਕਾਂ ਨੂੰ ਸ਼ਰਣ ਦਿੱਤੀ ਗਈ। ਕੈਨੇਡਾ ਸਰਕਾਰ ਨੇ ਅਫਗਾਨਸਤਾਨ ਵਿੱਚੋਂ 40 ਹਜ਼ਾਰ ਲੋਕਾਂ ਨੂੰ ਕੈਨੇਡਾ ਵਿੱਚ ਰਿਫਿਊਜੀ ਬਣਾ ਕੇ ਲਿਆਉਣ ਦਾ ਫੈਸਲਾ ਕੀਤਾ ਹੈ ਪਰ ਇਹਨਾਂ ਘੱਟ ਗਿਣਤੀਆਂ ਬਾਰੇ ਕੋਈ ਵਿਸ਼ੇਸ਼ ਉੱਦਮ ਨਹੀਂ ਕੀਤਾ ਗਿਆ। ਕੀ ਮਨੁੱਖੀ ਅਧਿਕਾਰਾਂ ਨੂੰ ਸਿਰਫ਼ ਅਤੇ ਸਿਰਫ਼ ਰਾਜਨੀਤਕ ਦ੍ਰਿਸ਼ਟੀਕੋਣ ਤੋਂ ਵੇਖਿਆ ਜਾਣਾ ਦਰੁਸਤ ਹੈ?

ਕੈਨੇਡਾ ਦੀ ਸਿਟੀਜ਼ਨਸ਼ਿੱਪ ਅਤੇ ਇੰਮੀਗਰੇਸ਼ਨ ਦੀ ਪਾਰਲੀਮਾਨੀ ਕਮੈਟੀ ਨੂੰ ਪੇਸ਼ ਇੱਕ ਰਿਪੋਰਟ ਵਿੱਚ ਵਰਲਡ ਸਿੱਖ ਆਰਗੇਨਾਈਜੇਸ਼ਨ ਮੁਤਾਬਕ 1992 ਤੋਂ ਪਹਿਲਾਂ ਅਫਗਾਨਸਤਾਨ ਵਿੱਚ 2 ਲੱਖ ਤੋਂ ਵੱਧ ਸਿੱਖ ਹਿੰਦੂ ਵੱਸਦੇ ਸਨ ਤਾਲੀਬਾਨੀ ਹਮਲੇ ਤੋਂ ਪਹਿਲਾਂ ਘੱਟ ਕੇ 395 ਪਰਿਵਾਰ ਰਹਿ ਗਏ ਸਨ। ਸੁਆਲ ਉੱਠਦਾ ਹੈ ਕਿ ਸਿੱਖ ਹਿੰਦੂ ਭਾਈਚਾਰੇ ਨਾਲ ਸਬੰਧਿਤ ਐਮ ਪੀਆਂ ਨੇ ਕੋਈ ਬਣਦੀ ਅਸਰਦਾਰ ਚਾਰਾਜੋਈ ਕਿਉਂ ਨਹੀਂ ਕੀਤੀ? ਹਰਜੀਤ ਸਿੰਘ ਸੱਜਣ, ਨਵਦੀਪ ਸਿੰਘ ਬੈਂਸ ਅਤੇ ਹੋਰ ਸਿੱਖ ਐਮ ਪੀ ਸੀਨੀਅਰ ਪੁਜੀਸ਼ਨਾਂ ਉੱਤੇ ਰਹੇ ਹਨ ਅਤੇ ਅੱਜ ਵੀ ਹਨ। ਇਹਨਾਂ ਦਾ ਆਪਣੇ ਭੈਣ ਭਰਾਵਾਂ ਲਈ 'ਹਾਅ ਦਾ ਨਾਅਰਾ' ਨਾ ਮਾਰਨਾ ਕਈ ਸੁਆਲ ਖੜੇ ਕਰਦਾ ਹੈ।

# ਸੜਕ ਹਾਦਸੇ ਵਿੱਚ ਪੰਜਾਬੀ ਮੂਲ ਦੇ 3 ਨੌਜਵਾਨਾਂ ਦੀ ਹੋਈ ਮੌਤ

...ਪੰਨਾ 1 ਦਾ ਬਾਕੀ

2 ਮਾਰਚ ਨੂੰ ਰਾਤੀਂ 8:30 ਵਜੇ ਆਰਥਰ ਪਿੰਡ ਦੇ ਪੱਛਮ ਵੱਲ ਸਾਈਡਰੋਡ 12 ਉੱਤੇ ਵੈਲਿੰਗਟਨ ਰੋਡ 109 ਉੱਤੇ ਕਈ ਗੱਡੀਆਂ ਦੇ ਆਪਸ ਵਿੱਚ ਟਕਰਾਉਣ ਦੀ ਵੈਲਿੰਗਟਨ ਕਾਊਂਟੀ ਪੁਲਿਸ ਨੂੰ ਜਾਣਕਾਰੀ ਮਿਲੀ। ਸ਼ੁਰੂਆਤੀ ਰਿਪੋਰਟਾਂ ਅਨੁਸਾਰ ਇਹ ਹਾਦਸਾ ਇੱਕ ਪੈਸੰਜਰ ਗੱਡੀ ਤੇ ਕਮਰਸ਼ੀਅਲ ਗੱਡੀ ਦਰਮਿਆਨ ਹੋਈ ਟੱਕਰ ਕਾਰਨ ਵਾਪਰਿਆ। ਇਹ ਵੀ ਦੱਸਿਆ ਗਿਆ ਕਿ ਕਈ ਲੋਕ ਗੰਭੀਰ ਰੂਪ ਵਿੱਚ ਜ਼ਖ਼ਮੀ ਹੋਏ।

ਓਪੀਪੀ, ਗੁਐਲਫ-ਵੈਲਿੰਗਟਨ ਤੋਂ ਪੈਰਾਮੈਡੀਕਲ ਸਰਵਿਸਿਜ਼ ਤੇ ਮੇਪਲਟਨ ਫਾਇਰ/ਰੈਸਕਿਊ ਹਾਦਸੇ ਵਾਲੀ ਥਾਂ ਉੱਤੇ ਪਹੁੰਚੇ। ਉੱਥੇ ਜਾ ਕੇ ਪਤਾ ਲੱਗਿਆ ਕਿ ਹਾਦਸਾ ਇੱਕ ਵਰਕ ਵੈਨ ਤੇ ਸੈਮੀ ਟਰੈਕਟਰ ਟਰੇਲਰ ਵਿੱਚ ਟੱਕਰ ਕਾਰਨ ਵਾਪਰਿਆ। ਦੋ ਵਿਅਕਤੀਆਂ ਨੂੰ ਤਾਂ ਮੌਕੇ ਉੱਤੇ ਹੀ ਮ੍ਰਿਤਕ ਐਲਾਨ ਦਿੱਤਾ ਗਿਆ ਜਦਕਿ ਦੋ ਨੂੰ ਲੋਕਲ ਹਸਪਤਾਲ ਲਿਜਾਇਆ ਗਿਆ। ਇਨ੍ਹਾਂ ਵਿੱਚੋਂ ਇੱਕ ਵਿਅਕਤੀ ਜ਼ਖ਼ਮਾਂ ਦੀ ਤਾਬ ਨਾ ਸਹਾਰਦਾ ਹੋਇਆ ਦਮ ਤੋੜ ਗਿਆ।

# ਰੂਸੀ ਫੌਜ ਦੇ ਮੇਜਰ ਜਨਰਲ ਦੀ ਮੌਤ ਦਾ ਦਾਅਵਾ

...ਪੰਨਾ 1 ਦਾ ਬਾਕੀ

ਦੂਸਰੇ ਪਾਸੇ ਰੂਸ ਨੇ ਵੀਰਵਾਰ ਨੂੰ ਦਾਅਵਾ ਕੀਤਾ ਹੈ ਕਿ ਉਸ ਦੀਆਂ ਹਥਿਆਰਬੰਦ ਫੌਜਾਂ ਨੇ ਅੱਜ ਯੂਕਰੇਨ ਵਿੱਚ 1,600 ਤੋਂ ਵੱਧ ਫ਼ੌਜੀ ਟਿਕਾਣੇ ਤਬਾਹ ਕਰ ਦਿੱਤੇ ਹਨ।ਰੂਸ ਦੇ ਰੱਖਿਆ ਮੰਤਰਾਲੇ ਦੇ ਬੁਲਾਰੇ ਇਗੋਰ ਕੋਨਾ-ਸ਼ੇਨਕੋਵ ਨੇ ਦਾਅਵਾ ਕੀਤਾ ਕਿ ਰੂਸੀ ਫੌਜਾਂ ਨੇ ਯੂਕਰੇਨਵਿੱਚ 1,600 ਤੋਂ ਵੱਧ ਫ਼ੌਜੀ ਟਿਕਾਣੇ ਪੂਰੀ ਤਰ੍ਹਾਂ ਤਬਾਹ ਕਰ ਦਿੱਤੇ ਹਨ।ਉਨ੍ਹਾ ਕਿਹਾ ਕਿ ਆਪਰੇਸ਼ਨ ਵੇਲੇ ਕੁੱਲ 1,612 ਟੀਚਿਆਂ ਨੂੰ ਨਿਸ਼ਾਨਾ ਬਣਾਇਆ ਸੀ, ਜਿਨ੍ਹਾਂਵਿੱਚਯੂਕਰੇਨੀ ਫ਼ੌਜ ਦੀਆਂ 62 ਕਮਾਂਡ ਪੋਸਟਾਂ ਤੇ ਸੰਚਾਰ ਕੇਂਦਰ, 39 ਐਸ-300, ਬੁਕ ਐਮ-1 ਅਤੇ ਓਸਾ ਹਵਾਈ ਰੱਖਿਆ ਮਿਜ਼ਾਈਲ ਸਿਸਟਮ ਤੇ 52 ਰਾਡਾਰ ਸ਼ਾਮਲ ਹਨ। ਉਨ੍ਹਾਂ ਕਿਹਾ ਕਿ ਜ਼ਮੀਨ ਉੱਤੇ 49 ਅਤੇ ਹਵਾ ਵਿੱਚ 13, 606 ਟੈਂਕ ਤੇ ਹੋਰ ਬਖਤਰਬੰਦ ਲੜਾਕੂ ਵਾਹਨ, 67 ਮਲਟੀਪਲ ਰਾਕੇਟ ਲਾਂਚਰ, 277 ਫੀਲਡ ਆਰਟਿਲਰੀ ਪੀਸ ਅਤੇ ਮੋਰਟਾਰ, 405 ਵਿਸ਼ੇਸ਼ ਫ਼ੌਜੀ ਵਾਹਨ ਅਤੇ 53 ਮਾਨਵ ਰਹਿਤ ਹਵਾਈ ਵਾਹਨ ਨਸ਼ਟ ਕੀਤੇ ਗਏ ਹਨ।

ਕੈਨੇਡੀਅਨ ਪੰਜਾਬੀ ਪੋਸਟ
Award winning news paper | Canadian Punjabi Post
Punjabipost.ca
905-793-2202
27 Armthorpe Rd #3,
Brampton, L6T 5M4

| | |
|---|---|
| **Founder Editor** | Jagdish Singh Grewal |
| **Managing Director** | Parminder Kaur Grewal |
| **Contributing Editors** | Gyan Singh, |
| **Office Admin** | Sajandeep Singh |
| **Graphic Designer** | Angrez Singh |
| **Photographer** | Kanwaljit Singh Kanwal |
| **Distributer**<br>Marketing: | Aman Warraich<br>Sajandeep Singh |

Punjabi Post is a daily newspaper, published *Monday to Friday*. Advertiser is solely responsible for the ads content, releasing Punjabi post from any and all liability arising from Advertiser's use of the ads/advertising materials as permitted in an Agreement or IO. The opinions expressed in the articles & columns are those of the writers, editors or any other staff member at Punjabi post assume no responsibility of any kind. Thank you.

# 19 ਮਾਰਚ ਨੂੰ ਮਿਸੀਸਾਗਾ ਵਿੱਚ ਲਾਇਆ ਜਾ ਰਿਹਾ ਹੈ ਕਾਉਂਸਲਰ ਕੈਂਪ

ਟੋਰਾਂਟੋ, 3 ਮਾਰਚ (ਪੋਸਟ ਬਿਊਰੋ) : ਕਾਉਂਸਲੇਟ ਜਨਰਲ ਆਫ ਇੰਡੀਆ, ਟੋਰਾਂਟੋ ਵੱਲੋਂ ਸ਼ਨਿੱਚਰਵਾਰ 19 ਮਾਰਚ ਨੂੰ ਮਿਸੀਸਾਗਾ ਵਿੱਚ ਕਾਉਂਸਲਰ ਕੈਂਪ ਲਾਇਆ ਜਾ ਰਿਹਾ ਹੈ। ਇਸ ਦੌਰਾਨ ਕਾਉਂਸਲਰ ਸਬੰਧਤ ਕਈ ਤਰ੍ਹਾਂ ਦੇ ਮੁੱਦੇ ਜਿਵੇਂ ਕਿ ਪਾਸਪੋਰਟ, ਵੀਜ਼ਾ, ਓਸੀਆਈ, ਅਟੈਸਟੇਸ਼ਨ, ਪੀਸੀਸੀ, ਸਰੈਂਡਰ ਸਰਟੀਫਿਕੇਟ ਤੇ ਲਾਈਫ ਸਰਟੀਫਿਕੇਟ ਆਦਿ ਹੱਲ ਕੀਤੇ ਜਾਣਗੇ। ਇਨ੍ਹਾਂ ਦੇ ਵੇਰਵੇ ਦਿੱਤੇ ਗਏ ਹਨ:

| ਕਾਊਂਸਲਰ ਕੈਂਪ ਦੀ ਥਾਂ | ਮਿਤੀ | ਸਮਾਂ |
|---|---|---|
| ਹਿੰਦੂ ਹੈਰੀਟੇਜ ਸੈਂਟਰ, 6300 ਮਿਸੀਸਾਗਾ ਰੋਡ, ਮਿਸੀਸਾਗਾ, ਓਨਟਾਰੀਓ, ਐਲ 5 ਐਨ ਆਈ ਈ7 | ਸ਼ਨਿੱਚਰਵਾਰ 19 ਮਾਰਚ, 2022 | ਸਵੇਰੇ 10:00 ਵਜੇ ਤੋਂ ਦੁਪਹਿਰ ਦੇ 1:30 ਵਜੇ ਤੱਕ |

2. ਕਾਉਂਸਲਰ ਕੈਂਪ ਲੰਮੇਂ ਸਮੇਂ ਤੋਂ ਪੈਂਡਿੰਗ ਮੁੱਦਿਆਂ ਨੂੰ ਹੱਲ ਕਰਨ ਲਈ ਲਾਇਆ ਜਾ ਰਿਹਾ ਹੈ ਤੇ ਇਹ ਕਾਉਂਸਲਰ ਸੇਵਾਵਾਂ ਦੇਣ ਲਈ ਨਹੀਂ ਲਾਇਆ ਜਾ ਰਿਹਾ। ਫਿਰ ਵੀ, ਜੇ ਸਰੈਂਡਰ ਸਰਟੀਫਿਕੇਟ, ਅਟੈਸਟੇਸ਼ਨ ਤੇ ਲਾਈਫ ਸਰਟੀਫਿਕੇਟ ਲਈ ਅਰਜ਼ੀਆਂ ਸਹੀ ਤਰਤੀਬ ਵਿੱਚ ਪਾਈਆਂ ਜਾਂਦੀਆਂ ਹਨ ਤਾਂ ਉਨ੍ਹਾਂ ਨੂੰ ਸਵੀਕਾਰਿਆ ਜਾਵੇਗਾ।

3. ਸਰੈਂਡਰ ਸਰਟੀਫਿਕੇਟ ਲਈ ਫੀਸ ਬੀਐਲਐਸ ਇੰਟਰਨੈਸ਼ਨਲ ਸਰਵਿਸਿਜ਼ ਕੈਨੇਡਾ ਦੇ ਫੇਵਰ ਵਿੱਚ ਡੈਬਿਟ ਕਾਰਡ/ਡਿਮਾਂਡ ਡਰਾਫਟ ਰਾਹੀਂ ਹੀ ਸਵੀਕਾਰੀ ਜਾਵੇਗੀ। ਅਟੈਸਟੇਸ਼ਨ ਸਰਵਿਸਿਜ਼ ਲਈ ਫੀਸ ਕਾਉਂਸਲੇਟ ਜਨਰਲ ਆਫ ਇੰਡੀਆ, ਟੋਰਾਂਟੋ ਦੇ ਫੇਵਰ ਵਿੱਚ ਸਿਰਫ ਡਿਮਾਂਡ ਡਰਾਫਟ ਰਾਹੀਂ ਹੀ ਸਵੀਕਾਰੀ ਜਾਵੇਗੀ। ਅਟੈਸਟੇਸ਼ਨ ਸਰਵਿਸ ਲਈ ਬਿਨੈਕਾਰ ਦਸਤਾਵੇਜ਼ ਮੁੜ ਹਾਸਲ ਕਰਨ ਲਈ ਆਪਣੀ ਅਰਜ਼ੀ ਦੇ ਨਾਲ ਆਪਣੇ ਪਤੇ ਵਾਲਾ ਪ੍ਰੀਪੇਡ ਐਨਵੈਲਪ ਜ਼ਰੂਰ ਨੱਥੀ ਕਰਨ। ਬਿਨੈਕਾਰਾਂ ਨੂੰ ਬੇਨਤੀ ਕੀਤੀ ਜਾਂਦੀ ਹੈ ਕਿ ਉਹ ਇਨ੍ਹਾਂ ਕੰਮਾਂ ਲਈ ਲੋੜੀਂਦੇ ਦਸਤਾਵੇਜ਼ਾਂ ਅਤੇ ਉਨ੍ਹਾਂ ਉੱਤੇ ਲੱਗਣ ਵਾਲੀ ਫੀਸ ਸਬੰਧੀ ਜਾਣਕਾਰੀ ਹਾਸਲ ਕਰਨ ਲਈ ਹੇਠ ਦਿੱਤੇ ਲਿੰਕਸ ਉੱਤੇ ਜਾਣ :

ਲਿੰਕ 1 : https://www.cgi-toronto.gov.in/

ਲਿੰਕ 2 : https://www.blsindia-canada.com/toronto-jurisdiction/index.php

4. ਅਰਜ਼ੀਆਂ ਉਸ ਸੂਰਤ ਵਿੱਚ ਹੀ ਸਵੀਕਾਰੀਆਂ ਜਾਣਗੀਆਂ ਜੇ ਉਨ੍ਹਾਂ ਨਾਲ ਸਾਰੇ ਦਸਤਾਵੇਜ਼ ਤੇ ਫਾਰਮ ਜਮ੍ਹਾਂ ਕਰਵਾਏ ਜਾਣਗੇ। ਬਿਨੈਕਾਰਾਂ ਨੂੰ ਸਾਰੇ ਦਸਤਾਵੇਜ਼ਾਂ ਦੀਆਂ ਅਸਲ ਤੇ ਫੋਟੋਕਾਪੀਆਂ ਅਤੇ ਫਾਰਮ ਉੱਤੇ ਦੱਸੇ ਗਏ ਲਿੰਕਸ ਅਨੁਸਾਰ ਜਮ੍ਹਾਂ ਕਰਵਾਉਣੇ ਹੋਣਗੇ। ਕਿਸੇ ਵੀ ਦਸਤਾਵੇਜ਼ ਦੀ ਸੌਫਟ ਕਾਪੀ ਸਵੀਕਾਰੀ ਨਹੀਂ ਜਾਵੇਗੀ।

5. ਕੈਂਪ ਉੱਤੇ ਕੋਵਿਡ-19 ਸਬੰਧੀ ਸਾਰੀਆਂ ਗਾਈਡਲਾਈਨਜ਼ ਦੀ ਸਖ਼ਤੀ ਨਾਲ ਪਾਲਣਾ ਕੀਤੀ ਜਾਵੇ।

# ਨੇਕ ਦਿਲ ਇਨਸਾਨ ਡਾ. ਸੀ.ਵੀ. ਰਮਨ



ਵਿਜੇ ਗਰਗ

"ਜ਼ਿੰਦਗੀ ਦਾ ਹਰ ਚੰਗਾ ਕੰਮ ਧਰਮ ਵਾਂਗ ਪਵਿੱਤਰ ਜਾਣ ਕੇ ਕਰਨਾ ਚਾਹੀਦਾ ਹੈ।" ਇਹ ਵਿਚਾਰ ਨੋਬਲ ਪੁਰਸਕਾਰ ਵਿਜੇਤਾ ਡਾ. ਸੀ.ਵੀ. ਰਮਨ ਦੇ ਹਨ ਜਿਨ੍ਹਾਂ ਨੇ ਅਪਣਾ ਸਾਰਾ ਜੀਵਨ ਇਕ ਨਿਸ਼ਕਾਮ ਸੇਵਕ ਦੀ ਤਰ੍ਹਾਂ ਲਗਾਤਾਰ ਵਿਗਿਆਨਕ ਖੋਜਾਂ ਵਿਚ ਲਾ ਕੇ ਬੁਲੰਦੀਆਂ ਨੂੰ ਛੋਹਿਆ। ਖਾਹਿਸ਼, ਸਾਹਸ ਅਤੇ ਘਾਲ ਨੂੰ ਉਹ ਅਪਣਾ ਆਦਰਸ਼ ਮੰਨਦੇ ਸਨ। ਉਹ ਨੌਜਵਾਨਾਂ ਨੂੰ ਹਮੇਸ਼ਾ ਹੀ ਇਹੀ ਕਹਿੰਦੇ ਸਨ ਕਿ ਖੋਜ ਨੂੰ ਕਦੇ ਵੀ ਸਵੈ ਪ੍ਰਚਾਰ ਤੇ ਸਵੈ ਉਪਮਾ ਲਈ ਨਾ ਵਰਤੋ।

ਉਨ੍ਹਾਂ ਦੇ ਵਿਚਾਰਾਂ ਅਨੁਸਾਰ ਵਿਗਿਆਨ ਸੱਚ ਦੀ ਤਲਾਸ਼ ਦਾ ਦੂਜਾ ਨਾਂ ਹੈ। ਇਹ ਸੱਚ ਕੇਵਲ ਭੌਤਿਕ ਵਸਤੂਆਂ ਦੀ ਦੁਨੀਆਂ ਦਾ ਸੱਚ ਹੀ ਨਹੀਂ ਸਗੋਂ ਤਰਕ ਦੀ ਦੁਨੀਆਂ, ਮਨੋ ਵਿਗਿਆਨ ਦੀ ਦੁਨੀਆਂ ਅਤੇ ਰੋਜ਼ਾਨਾ ਜ਼ਿੰਦਗੀ ਜਿਉਣ ਦਾ ਸੱਚ ਵੀ ਹੈ। ਸੱਚਾ ਵਿਗਿਆਨੀ ਹਮੇਸ਼ਾ ਗਲਤ ਅਤੇ ਝੂਠ ਨੂੰ ਤਿਆਗਦਾ ਹੈ। ਵਿਸ਼ਵ ਵਿਦਿਆਲਾ ਬਾਰੇ ਅਪਣੇ ਵਿਚਾਰ ਪ੍ਰਗਟ ਕਰਦੇ ਹੋਏ ਉਹ ਕਹਿੰਦੇ ਸਨ ਕਿ ਉਹ ਵਿਸ਼ਵ ਵਿਦਿਆਲਾ ਹੀ ਨਹੀਂ ਜੋ ਸੱਚ ਦੀ ਭਾਲ ਕਰਨਾ ਨਾ ਸਿਖਾਵੇ। ਸੱਚ ਦੀ ਭਾਲ ਨੂੰ ਹੀ ਖੋਜ ਕਿਹਾ ਜਾਂਦਾ ਹੈ। ਖੋਜ ਰਾਹੀਂ ਹੀ ਗਿਆਨ ਦੇ ਨਵੇਂ ਤੇ ਵਿਕਾਸਮਈ ਭੰਡਾਰ ਪ੍ਰਾਪਤ ਹੁੰਦੇ ਹਨ। ਵਿਦਿਆਰਥੀ ਨੂੰ ਇਕ ਜਗਿਆਸੂ ਦੀ ਤਰ੍ਹਾਂ ਹੋਣਾ ਚਾਹੀਦਾ ਹੈ ਨਹੀਂ ਤਾਂ ਉਹ ਗਿਆਨ ਪ੍ਰਾਪਤੀ ਵਿਚ ਪਛੜ ਜਾਵੇਗਾ।

ਇਸ ਮਹਾਨ ਵਿਗਿਆਨੀ ਦਾ ਜਨਮ 7 ਨਵੰਬਰ 1888 ਨੂੰ ਦੱਖਣੀ ਭਾਰਤ ਦੇ ਸ਼ਹਿਰ ਤ੍ਰਿਚਨਾਪਲੀ ਨੇੜੇ ਥੀਰੂਵਾਨੈਕਵਨ ਪਿੰਡ ਵਿਚ ਪਿਤਾ ਚੰਦਰ ਸ਼ੇਖ਼ਰ ਆਇਰ ਅਤੇ ਮਾਤਾ ਪਾਰਵਤੀ ਆਮੇਲ ਦੇ ਘਰ ਹੋਇਆ। ਰਮਨ ਦੇ ਪਿਤਾ ਵਿਸ਼ਾਖ਼ਾਪਟਨਮ ਦੇ ਗਿਰਜਾ ਘਰ ਕਾਲਜ ਵਿਚ ਗਣਿਤ ਅਤੇ ਭੌਤਿਕ ਵਿਗਿਆਨ ਦੇ ਅਧਿਆਪਕ ਸਨ। ਉਨ੍ਹਾਂ ਦੀ ਦਿਲਚਸਪੀ ਤਾਰਾ ਵਿਗਿਆਨ ਤੇ ਸੰਗੀਤ ਵਿਚ ਵੀ ਸੀ। ਵੀਨਾ ਅਤੇ ਮ੍ਰਿਦੰਗ ਵਜਾਉਣ ਵਿਚ ਉਹ ਮਾਹਰ ਸਨ, ਜਿਸ ਦਾ ਪ੍ਰਭਾਵ ਸੀ.ਵੀ. ਰਮਨ 'ਤੇ ਵੀ ਪਿਆ।

ਰਮਨ ਨੇ ਦਸਵੀਂ ਵਿਚ ਮੈਰਿਟ ਲਿਸਟ 'ਚ ਪਹਿਲਾ ਅਸਥਾਨ ਪ੍ਰਾਪਤ ਕੀਤਾ। ਉਸ ਨੇ ਮੈਡਮ ਐਨੀ ਬੀਸੈਂਟ ਦਾ ਇਕ ਭਾਸ਼ਣ ਸੁਣਿਆ ਜਿਸ ਤੋਂ ਪ੍ਰਭਾਵਤ ਹੋ ਕੇ ਉਸ ਨੇ ਉਸ ਦੀਆਂ ਹੋਰ ਪੁਸਤਕਾਂ ਲੈ ਕੇ ਪੜ੍ਹੀਆਂ ਅਤੇ ਕਈ ਧਾਰਮਕ ਗ੍ਰੰਥਾਂ ਦਾ ਅਧਿਅਨ ਵੀ ਕੀਤਾ। ਬਚਪਨ ਤੋਂ ਹੀ ਰਮਨ ਦੀ ਰੁਚੀ ਭੌਤਿਕ ਵਿਗਿਆਨ ਵਿਚ ਹੀ ਸੀ ਅਤੇ ਉਸ ਨੇ ਸਕੂਲ ਪੜ੍ਹਦਿਆਂ ਹੀ ਇਕ ਡਾਇਨਮੋ ਬਣਾ ਲਈ ਸੀ। ਸਕੂਲ ਪੜ੍ਹਦਿਆਂ ਹੀ ਉਸ ਨੂੰ ਜੋਹਨ ਟਿੰਡਲ ਦੀ ਪੁਸਤਕ ਨਿਊ ਫ਼ਰੈਗਮੈਂਟਸ ਪੜ੍ਹਨ ਲਈ ਮਿਲ ਗਈ। ਇਸ ਪੁਸਤਕ ਵਿਚ ਇਕ ਲੇਖ ਪਾਣੀ ਬਾਰੇ ਸੀ ਜਿਸ ਨੂੰ ਉਸ ਨੇ ਸੱਭ ਤੋਂ ਵੱਧ ਪ੍ਰਭਾਵਤ ਕੀਤਾ।

ਇਹੀ ਲੇਖ ਅਖ਼ੀਰ ਜਾ ਕੇ ਉਸ ਦੀ ਖੋਜ ਦਾ ਸਾਧਨ ਬਣਿਆ। ਸਮੁੰਦਰ ਦੇ ਪਾਣੀ ਦੇ ਨੀਲੇ ਰੰਗ ਨੇ ਵੀ ਉਸ ਨੂੰ ਖੋਜ ਲਈ ਪ੍ਰੇਰਿਤ ਕੀਤਾ। ਬੀ.ਏ. ਦੀ ਪੜ੍ਹਾਈ ਲਈ ਰਮਨ ਨੇ ਪ੍ਰੈਜ਼ੀਡੈਂਸੀ ਕਾਲਜ ਮਦਰਾਸ ਵਿਚ ਦਾਖ਼ਲਾ ਲਿਆ। ਰਮਨ ਅਪਣੀ ਕਲਾਸ ਵਿਚ ਸੱਭ ਤੋਂ ਛੋਟੀ ਉਮਰ ਦਾ ਵਿਦਿਆਰਥੀ ਸੀ। ਪ੍ਰੋ. ਈ.ਐਚ. ਈਲੀਅਟ ਰਮਨ ਦੀ ਛੋਟੀ ਉਮਰ ਵੇਖ ਕੇ ਬਹੁਤ ਹੈਰਾਨ ਹੋਏ ਅਤੇ ਜਿਸ ਸਵੈ ਵਿਸ਼ਵਾਸ ਨਾਲ ਰਮਨ ਨੇ ਪ੍ਰੋਫ਼ੈਸਰ ਦੀਆਂ ਗੱਲਾਂ ਦਾ ਜੁਆਬ ਦਿਤਾ ਉਸ ਤੋਂ ਉਹ ਬਹੁਤ ਪ੍ਰਭਾਵਤ ਹੋਏ। ਸੰਨ 1904 ਵਿਚ ਰਮਨ ਨੇ ਬੀ.ਏ. ਵਿਚੋਂ ਪਹਿਲਾ ਸਥਾਨ ਪ੍ਰਾਪਤ ਕੀਤਾ।

ਉਹ ਉੱਚ ਵਿਦਿਆ ਪ੍ਰਾਪਤੀ ਲਈ ਇੰਗਲੈਂਡ ਜਾਣਾ ਚਾਹੁੰਦੇ ਸਨ ਪਰ ਸਿਹਤ ਪੱਖੋਂ ਕਮਜ਼ੋਰ ਹੋਣ ਕਾਰਨ ਉਹ ਨਾ ਜਾ ਸਕੇ ਅਤੇ ਉਨ੍ਹਾਂ ਨੇ ਐਮ.ਏ. ਕਲਾਸ ਵਿਚ ਪ੍ਰੈਜ਼ੀਡੈਂਸੀ ਕਾਲਜ ਵਿਚ ਦਾਖ਼ਲਾ ਲੈ ਲਿਆ ਅਤੇ ਭੌਤਿਕ ਵਿਗਿਆਨ ਵਿਸ਼ੇ ਦੀ ਚੋਣ ਕੀਤੀ। ਐਮ.ਏ. ਕਰਨ ਤੋਂ ਬਾਅਦ ਰਮਨ ਦਾ ਵਿਆਹ ਲੌਕਾ ਸੁੰਦਰੀ ਨਾਲ ਹੋ ਗਿਆ ਜੋ ਸੰਗੀਤ ਵਿਚ ਖ਼ਾਸ ਰੁਚੀ ਰਖਦੀ ਸੀ। ਇਹ ਵਿਆਹ ਅੰਤਰਜਾਤੀ ਸੀ ਜਿਸ ਨੂੰ ਰਚਾ ਕੇ ਰਮਨ ਨੇ ਅਪਣੇ ਸਮੇਂ ਦੀ ਇਕ ਵਿਲੱਖਣ ਗੱਲ ਕੀਤੀ।

1907 ਵਿਚ ਰਮਨ ਦੀ ਨਿਯੁਕਤੀ ਭਾਰਤ ਸਰਕਾਰ ਦੇ ਅਰਥ ਵਿਭਾਗ ਵਿਚ ਬਤੌਰ ਸਹਾਇਕ ਅਕਾਊਂਟੈਂਟ ਦੇ ਕਲਕੱਤੇ ਵਿਖੇ ਹੋ ਗਈ। ਸਰਕਾਰੀ ਨੌਕਰੀ ਦੀਆਂ ਉਲਝਣਾਂ ਦੇ ਬਾਵਜੂਦ ਵੀ ਉਸ ਨੇ ਭੌਤਿਕ ਵਿਗਿਆਨ ਵਿਚ ਖੋਜ-ਕਾਰਜ ਜਾਰੀ ਰੱਖੇ। ਇਕ ਦਿਨ ਰਮਨ ਦਫ਼ਤਰੋਂ ਛੁੱਟੀ ਤੋਂ ਬਾਅਦ ਟ੍ਰਾਮ ਰਾਹੀਂ ਘਰ ਵਾਪਸ ਆ ਰਿਹਾ ਸੀ ਕਿ ਉਸ ਦੀ ਨਜ਼ਰ ਇਕ ਬੋਰਡ 'ਤੇ ਪਈ ਜਿਸ ਉਤੇ ਲਿਖਿਆ ਸੀ "ਇੰਡੀਅਨ ਐਸੋਸੀਏਸ਼ਨ ਫ਼ਾਰ ਦਾ ਕਲਟੀਵੇਸ਼ਨ ਆਫ਼ ਸਾਇੰਸ।"

ਉਹ ਟ੍ਰਾਮ ਰੁਕਦਿਆਂ ਉਥੇ ਹੀ ਉਤਰ ਗਿਆ ਤੇ ਉਸ ਦਫ਼ਤਰ ਅੰਦਰ ਚਲਾ ਗਿਆ। ਦਫ਼ਤਰ ਦੇ ਬਾਨੀ ਸ਼੍ਰੀ ਅੰਮ੍ਰਿਤ ਲਾਲ ਸਿਰਕਾਰ ਨੂੰ ਮਿਲ ਕੇ ਭੌਤਿਕ ਵਿਗਿਆਨ ਦੇ ਵਿਸ਼ੇ ਵਿਚ ਖੋਜ ਕਰਨ ਦੀ ਇਜ਼ਾਜਤ ਮੰਗੀ ਜੋ ਉਸ ਨੂੰ ਉਸੇ ਵੇਲੇ ਮਿਲ ਗਈ। ਇਸ ਤਰ੍ਹਾਂ ਉਹ ਦਫ਼ਤਰੋਂ ਛੁੱਟੀ ਤੋਂ ਬਾਅਦ ਖੋਜ ਕਾਰਜਾਂ ਵਿਚ ਰੁਝ ਗਿਆ। ਖੋਜ ਕਾਰਜਾਂ ਕਾਰਨ ਉਸ ਦੀ ਪ੍ਰਸਿਧੀ ਦੂਰ ਦੂਰ ਤਕ ਫੈਲ ਗਈ ਅਤੇ ਦੁਨੀਆਂ ਭਰ ਤੋਂ ਪ੍ਰੋਫ਼ੈਸਰ ਅਤੇ ਨੌਜਵਾਨ ਵਿਦਿਆਰਥੀ ਉਸ ਦੇ ਸੰਪਰਕ ਵਿਚ ਆਉਣ ਲੱਗੇ।

ਕੁੱਝ ਸਮੇਂ ਬਾਅਦ ਰਮਨ ਦੀ ਬਦਲੀ ਨਾਗਪੁਰ ਵਿਖੇ ਹੋ ਗਈ। ਜਦੋਂ ਉਹ ਉਥੇ ਪਹੁੰਚੇ ਤਾਂ ਕੁੱਝ ਦਿਨਾਂ ਬਾਅਦ ਹੀ ਪਲੇਗ ਦੀ ਮਹਾਂਮਾਰੀ ਫੈਲ ਗਈ। ਇਥੇ ਰਮਨ ਨੇ ਆਪ, ਅਪਣੇ ਸਰਕਾਰੀ ਕਰਮਚਾਰੀਆਂ ਅਤੇ ਬਿਮਾਰਾਂ ਦੀ ਸਹਾਇਤਾ ਲਈ ਦਿਨ ਰਾਤ ਇਕ ਕਰ ਦਿਤਾ। ਉਸ ਨੇ ਤਨ ਮਨ ਧਨ ਨਾਲ ਬਿਮਾਰ ਲੋਕਾਂ ਦੀ ਮਦਦ ਕੀਤੀ ਤੇ ਬਹੁਤ ਸਾਰੇ ਲੋਕਾਂ ਨੂੰ ਮਰਨ ਤੋਂ ਬਚਾ ਲਿਆ। ਪੂਰੇ ਨਾਗਪੁਰ ਵਿਚ ਇਸ ਨਵੇਂ ਆਏ ਅਫ਼ਸਰ ਦੀ ਚਰਚਾ ਘਰ-ਘਰ ਹੋਣ ਲੱਗੀ।

1911 ਵਿਚ ਉਨ੍ਹਾਂ ਦੀ ਬਦਲੀ ਡਾਕ ਤਾਰ ਵਿਭਾਗ ਕਲਕੱਤੇ ਵਿਖੇ ਬਤੌਰ ਅਕਾਊਂਟੈਂਟ ਜਨਰਲ (ਏ.ਜੀ.) ਵਜੋਂ ਹੋ ਗਈ ਅਤੇ ਫਿਰ ਉਹ ਕਲਕੱਤੇ ਵਿਖੇ ਖੋਜ ਕਾਰਜਾਂ ਵਿਚ ਜੁਟ ਗਏ। 1914 ਵਿਚ ਕਲਕੱਤੇ ਵਿਖੇ ਹੀ ਸਾਇੰਸ ਕਾਲਜ ਦੀ ਸਥਾਪਨਾ ਸ਼ੁਰੂ ਹੋਈ। ਜਿਸ ਵਿਚ ਭੌਤਿਕ ਵਿਗਿਆਨ ਦੀ ਪੜ੍ਹਾਈ ਲਈ ਇਕ ਪ੍ਰੋਫ਼ੈਸਰ ਦੀ ਲੋੜ ਸੀ। ਕਾਫ਼ੀ ਖੋਜ ਤੋਂ ਬਾਅਦ ਵਾਈਸ ਚਾਂਸਲਰ ਸਰ ਆਸ਼ੂਤੋਸ਼ ਮੁਖਰਜੀ ਨਾਲ ਗੱਲ ਕੀਤੀ।

ਰਮਨ ਸੋਚਾਂ ਵਿਚ ਪੈ ਗਿਆ। ਇਕ ਪਾਸੇ ਸਰਕਾਰੀ ਗਜ਼ਟਡ ਨੌਕਰੀ ਤੇ ਦੂਜੇ ਪਾਸੇ ਪ੍ਰਾਈਵੇਟ ਕਾਲਜ? ਖੋਜ ਕਾਰਜਾਂ ਕਾਰਨ ਰਮਨ ਦੀ ਪ੍ਰਸਿਧੀ ਦੂਰ ਦੂਰ ਤਕ ਫੈਲ ਚੁਕੀ ਸੀ। ਅਖ਼ੀਰ ਰਮਨ ਨੇ ਨੌਕਰੀ ਲਈ ਹਾਂ ਕਰ ਦਿਤੀ ਹਾਲਾਂਕਿ ਉਸ ਦੀ ਤਨਖ਼ਾਹ ਵੀ ਪਹਿਲਾਂ ਨਾਲੋਂ ਅੱਧੀ ਰਹਿ ਜਾਣੀ ਸੀ। ਜੁਲਾਈ 1917 ਵਿਚ ਕਾਲਜ ਬਣ ਕੇ ਤਿਆਰ ਹੋ ਗਿਆ ਤੇ ਰਮਨ ਸਰਕਾਰੀ ਨੌਕਰੀ ਛੱਡ ਕੇ ਪ੍ਰੋਫ਼ੈਸਰ ਦੀ ਨੌਕਰੀ ਤੇ ਹਾਜ਼ਰ ਹੋ ਗਿਆ। ਇਹ ਨੌਕਰੀ ਉਸ ਦੇ ਮਨ ਪਸੰਦ ਦੀ ਸੀ ਅਤੇ ਉਸ ਨੂੰ ਭੌਤਿਕ ਵਿਗਿਆਨ ਵਿਚ ਖੋਜ ਕਰਨ ਦਾ ਮੌਕਾ ਵੀ ਮਿਲਦੇ ਰਹਿਣਾ ਸੀ।

ਪ੍ਰੋ: ਰਮਨ ਨੇ ਭਾਰਤੀ ਵਿਗਿਆਨ ਵਿਕਾਸ ਸੰਸਥਾ ਨੂੰ ਉੱਚਾ ਚੁੱਕਣ ਵਿਚ ਅਪਣਾ ਬਹੁਮੁੱਲਾ ਯੋਗਦਾਨ ਪਾਇਆ। ਉਹਨਾਂ ਦੀ ਕੋਸ਼ਿਸ਼ ਸਦਕਾ 'ਭਾਰਤੀ ਵਿਗਿਆਨ ਕਾਂਗਰਸ' ਹੋਂਦ ਵਿਚ ਆਈ ਅਤੇ ਉਨ੍ਹਾਂ ਨੇ ਇਸ ਸੰਸਥਾ ਦੇ ਮੁਖੀ ਵਜੋਂ ਅਹੁਦਾ ਸੰਭਾਲਿਆ। ਇਨ੍ਹਾਂ ਦਿਨਾਂ ਵਿਚ ਹੀ ਬੰਗਲੌਰ ਵਿਖੇ ਇੰਡੀਅਨ ਇੰਸਟੀਚਿਊਟ ਆਫ਼ ਸਾਇੰਸ ਦੀ ਸਥਾਪਨਾ ਹੋਈ ਤੇ ਪ੍ਰੋ: ਰਮਨ ਇਸ ਦੇ ਸੰਚਾਲਕ ਬਣੇ।

1921 ਵਿਚ ਪ੍ਰੋ: ਰਮਨ ਇੰਗਲੈਂਡ ਦੀ ਆਕਸਫ਼ੋਰਡ ਯੂਨੀਵਰਸਿਟੀ ਵਿਚ ਭਾਸ਼ਨ ਦੇਣ ਸਮੁੰਦਰੀ ਰਸਤੇ ਪਹੁੰਚੇ। ਇਸ ਯਾਤਰਾ ਦੌਰਾਨ ਭੂ-ਮੱਧ ਸਾਗਰ ਦੇ ਗਹਿਰੇ ਨੀਲੇ ਪਾਣੀ ਨੇ ਉਨ੍ਹਾਂ ਦਾ ਧਿਆਨ ਅਪਣੇ ਵੱਲ ਖਿਚਿਆ। ਉਹ ਨੀਲੇ ਰੰਗ ਦੇ ਭੇਦ ਨੂੰ ਜਾਣਨ ਲਈ ਵਾਪਸ ਆ ਕੇ ਰੁੱਝ ਗਏ। 1922 ਵਿਚ ਉਨ੍ਹਾਂ ਨੇ ਇਸ ਸਬੰਧੀ ਖੋਜ ਭਰਪੂਰ ਲੇਖ ਲਿਖੇ ਜੋ ਬਹੁਤ ਪਸੰਦ ਕੀਤੇ ਗਏ। 1922 ਵਿਚ ਹੀ ਕਲਕੱਤਾ ਯੂਨੀਵਰਸਿਟੀ ਨੇ ਆਪ ਨੂੰ ਡੀ.ਐਸ.ਸੀ. ਦੀ ਡਿਗਰੀ ਨਾਲ ਸਨਮਾਨਤ ਕੀਤਾ। 1924 ਵਿਚ ਉਨ੍ਹਾਂ ਦੀਆਂ ਖੋਜਾਂ ਤੋਂ ਪ੍ਰਭਾਵਤ ਹੋ ਕੇ ਰਾਇਲ ਸੁਸਾਇਟੀ ਨੇ ਅਪਣਾ ਫ਼ੈਲੋ ਬਣਾ ਲਿਆ

1924 ਵਿਚ ਬ੍ਰਿਟਿਸ਼ ਐਸੋਸੀਏਸ਼ਨ ਨੇ ਟਰਾਂਟੋ ਮੀਟਿੰਗ ਦੌਰਾਨ ਪ੍ਰਕਾਸ਼ ਵਿਗਿਆਨ ਨਾਲ ਸਬੰਧਤ ਇਕ ਕਾਨਫ਼ਰੰਸ ਦੇ ਉਦਘਾਟਨ ਲਈ ਆਪ ਨੂੰ ਸੱਦਾ ਦਿਤਾ। ਇਸ ਤਰ੍ਹਾਂ ਲਗਭਗ ਦਸ ਮਹੀਨੇ ਇੰਗਲੈਂਡ, ਕੈਨੇਡਾ, ਅਮਰੀਕਾ ਅਤੇ ਨਾਰਵੇ ਦੀਆਂ ਵੱਖ ਵੱਖ ਯੂਨੀਵਰਸਿਟੀਆਂ ਵਿਚ ਰਮਨ ਨੇ ਖੋਜ ਪੱਤਰ ਪੜ੍ਹੇ।

ਅਗਲੇ ਤਿੰਨ ਸਾਲ ਲਗਾਤਾਰ ਅਪਣੇ ਸਹਿਯੋਗੀਆਂ ਨਾਲ ਪ੍ਰੋ: ਰਮਨ ਨੇ ਹਵਾ, ਬਰਫ਼ ਤੇ ਹੋਰ ਦ੍ਰਵਾਂ ਅਤੇ ਠੋਸ ਪਦਾਰਥਾਂ ਤੇ ਰੋਸ਼ਨੀ ਦੇ ਖਿੰਡਰਾਉ ਕਾਰਨ ਪੈਦਾ ਹੋਈਆਂ





ਕਿਰਨਾਂ ਦਾ ਅਧਿਐਨ ਕੀਤਾ ਅਤੇ 28 ਫ਼ਰਵਰੀ 1928 ਨੂੰ ਇਕ ਵਿਲੱਖਣ ਪ੍ਰਭਾਵ ਦੀ ਖੋਜ ਕੀਤੀ ਜਿਸ ਦਾ ਨਾਂ ਉਸ ਨੇ "ਰਮਨ ਪ੍ਰਭਾਵ" ਰਖਿਆ ਜੋ ਵਿਸ਼ਵ ਭਰ ਵਿਚ ਪ੍ਰਸਿਧ ਹੋਇਆ।

ਇਸ ਖੋਜ ਸਦਕਾ 1928 ਵਿਚ ਇਟਲੀ ਦੀ ਵਿਗਿਆਨ ਪਰੀਸ਼ਦ ਨੇ "ਮੈਂਟਊਸ਼ੀ ਮੈਡਲ' ਨਾਲ ਸਨਮਾਨਤ ਕੀਤਾ। 3 ਜੂਨ 1929 ਨੂੰ ਭਾਰਤ ਸਰਕਾਰ ਨੇ ਸਰ ਦੀ ਉਪਾਧੀ ਦਿਤੀ। 1930 ਵਿਚ ਲੰਡਨ ਦੀ ਰਾਇਲ ਸੁਸਾਇਟੀ ਨੇ ਸੱਭ ਤੋਂ ਵੱਡੇ ਇਨਾਮ "ਹਿਊਜਜ਼ ਮੈਡਲ" ਨਾਲ ਸਨਮਾਨਤ ਕੀਤਾ। ਇਸੇ ਖੋਜ ਕਾਰਨ ਉਨ੍ਹਾਂ ਨੂੰ 10 ਦਸੰਬਰ 1930 ਨੂੰ ਸਵੀਡਨ ਦੀ ਰਾਜਧਾਨੀ ਸਟਾਕਹੋਮ ਵਿਖੇ "ਨੋਬਲ ਇਨਾਮ" ਨਾਲ ਸਨਮਾਨਤ ਕੀਤਾ ਗਿਆ। ਇਥੋਂ ਹੀ ਆਪ ਨੂੰ ਸਵੀਡਨ, ਨਾਰਵੇ, ਡੈਨਮਾਰਕ, ਜਰਮਨੀ ਵਿਖੇ ਭਾਸ਼ਨ ਦੇਣ ਲਈ ਸੱਦੇ ਮਿਲੇ ਤੇ ਸਨਮਾਨ ਦੇਣ ਵਾਲਿਆਂ ਦੀ ਇਕ ਤਰ੍ਹਾਂ ਨਾਲ ਝੜੀ ਲੱਗ ਗਈ। ਅਗਲੇ ਸਾਲ 1931 ਵਿਚ ਬੰਬਈ, ਕਾਂਸ਼ੀ, ਮਦਰਾਸ ਤੇ ਢਾਕਾ ਦੀਆਂ ਯੂਨੀਵਰਸਿਟੀਆਂ ਨੇ ਸਨਮਾਨਤ ਕੀਤਾ।

1933 ਵਿਚ ਉਹ ਅਪਣੇ ਅਹੁਦੇ ਤੋਂ ਸੇਵਾ ਮੁਕਤ ਹੋਏ। 1934 ਵਿਚ ਉਨ੍ਹਾਂ ਨੂੰ ਭਾਰਤੀ ਵਿਗਿਆਨ ਅਕੈਡਮੀ ਦਾ ਪ੍ਰਧਾਨ ਚੁਣਿਆ ਗਿਆ। 1943 ਤਕ ਡਾ. ਰਮਨ ਇੰਡੀਅਨ ਇੰਸਟੀਚਿਊਟ ਆਫ਼ ਬੰਗਲੌਰ ਦੇ ਡਾਇਰੈਕਟਰ ਰਹੇ। ਅਜ਼ਾਦ ਭਾਰਤ ਵਿਚ ਉਹ ਭਾਰਤ ਦੇ ਪਹਿਲੇ ਰਾਸ਼ਟਰੀ ਪ੍ਰੋਫ਼ੈਸਰ ਘੋਸ਼ਿਤ ਕੀਤੇ ਗਏ। 15 ਅਗੱਸਤ 1954 ਨੂੰ ਉਨ੍ਹਾਂ ਨੂੰ ਭਾਰਤ ਰਤਨ ਨਾਲ ਸਨਮਾਨਿਆ ਗਿਆ। 1957 ਵਿਚ ਰੂਸ ਦੁਆਰਾ ਡਾ. ਰਮਨ ਨੂੰ ਅੰਤਰ ਰਾਸ਼ਟਰੀ ਲੈਨਿਨ ਪੁਰਸਕਾਰ ਨਾਲ ਸਨਮਾਨਤ ਕੀਤਾ ਗਿਆ। ਡਾ. ਰਮਨ ਨੇ 360 ਖੋਜ ਪੱਤਰ ਅਤੇ ਚਾਰ ਪੁਸਤਕਾਂ ਲਿਖੀਆਂ। 21 ਨਵੰਬਰ 1970 ਨੂੰ 82 ਸਾਲ ਦੀ ਉਮਰ ਵਿਚ ਡਾ: ਰਮਨ ਅਕਾਲ ਚਲਾਣਾ ਕਰ ਗਏ।

ਅਖੀਰ ਵਿੱਚ ਅਸੀ ਇਹ ਕਹਿ ਸਕਦੇ ਹਾਂ ਕਿ ਪ੍ਰੋ: ਰਮਨ ਇਕ ਮਹਾਨ ਵਿਗਿਆਨੀ ਜਾਂ ਖੋਜਕਾਰ ਹੀ ਨਹੀਂ ਸਨ ਸਗੋਂ ਸੱਭ ਤੋਂ ਉਪਰ ਨੇਕ ਦਿਲ, ਗ਼ਰੀਬਾਂ ਦਾ ਹਮਦਰਦ ਤੇ ਉਚ ਕੋਟੀ ਦੇ ਮਹਾਨ ਇਨਸਾਨ ਵੀ ਸਨ। ਡਾ: ਰਮਨ ਦੀ ਖੋਜ ਜਿਸ ਦਿਨ ਪੂਰੀ ਹੋਈ ਸੀ ਉਸ ਦਿਨ ਨੂੰ ਸਮੁੱਚੇ ਭਾਰਤ ਵਿਚ ਰਾਸ਼ਟਰੀ ਵਿਗਿਆਨ ਦਿਵਸ ਵਜੋਂ ਹਰ ਸਾਲ ਮਨਾਇਆ ਜਾਂਦਾ ਹੈ। ਇਸ ਤਰ੍ਹਾਂ 28 ਫ਼ਰਵਰੀ ਦਾ ਦਿਨ ਉਨ੍ਹਾਂ ਦੀ ਖੋਜ ਨੂੰ ਸਮਰਪਤ ਹੈ ਜਿਸ ਨੂੰ ਰਾਸ਼ਟਰੀ ਵਿਗਿਆਨ ਦਿਵਸ ਨਾਲ ਯਾਦ ਕੀਤਾ ਜਾਂਦਾ ਹੈ।

ਖਿੜਕੀਆਂ ਅਤੇ ਦਰਵਾਜੇ ਲਗਵਾਓ Free Estimates



ਵਨਾਈਲ ਅਤੇ ਐਲੂਮੀਨੀਅਮ ਵਿੰਡੋਜ਼,
ਸਟੋਰਮ ਡੋਰ, ਕਲੋਸੈਟ ਡੋਰ ਮਿਰਰਜ਼,
ਪੋਰਚ ਐਨਕਲੋਜ਼ਡ, ਮੇਨ ਐਂਟਰੈਂਸ ਡੋਰ,
ਹਰ ਤਰਾਂ ਦਾ ਗਲਾਸ ਰਿਪਲੇਸਮੈਂਟ
ਅਸੀਂ ਪੇਂਟ ਵੀ ਕਰਦੇ ਹਾਂ
24 ਘੰਟੇ ਤੁਹਾਡੀ ਸੇਵਾ ਵਿੱਚ
SINGH (TOCHI)
416-454-3031
647-784-8240
Email: tochisangha1@hotmail.com
CANADIAN
GLASS AND WINDOW

# ਰੂਸ ਨਾਟੋ ਨੂੰ ਨਫ਼ਰਤ ਕਿਉਂ ਕਰਦਾ ਹੈ, ਅਤੇ ਯੂਕਰੇਨ ਤੇ ਹਮਲਾ ਕਿਉਂ ਕੀਤਾ



ਸੁਰਜੀਤ ਸਿੰਘ ਫਲੋਰਾ

ਵਲਾਦੀਮੀਰ ਪੁਤਿਨ ਦੁਆਰਾ ਯੂਕਰੇਨ 'ਤੇ ਯੁੱਧ ਦਾ ਐਲਾਨ ਘਿਣਾਉਣਾ ਅਤੇ ਹਾਸੋਹੀਣਾ ਹੈ, ਜਿਵੇਂ ਕਿ ਉਸਦਾ ਇਹ ਦਾਅਵਾ ਹੈ ਕਿ ਉਹ ਯੂਕਰੇਨ ਨੂੰ "ਖ਼ਤਮ" ਕਰਨਾ ਚਾਹੁੰਦਾ ਹੈ।

ਵਿਸ਼ਵ ਮੰਚ 'ਤੇ ਪੁਤਿਨ ਹਿਟਲਰ ਵਾਂਗ ਕੰਮ ਕਰ ਰਹੇ ਹਨ। ਕਿਉਂਕਿ ਪੁਤਿਨ ਰੂਸੀ ਖੇਤਰ ਨੂੰ ਵਧਾਉਣਾ ਚਾਹੁੰਦਾ ਹੈ, ਉਸਨੇ ਇੱਕ ਸੁਤੰਤਰ, ਪ੍ਰਭੂਸੱਤਾ ਸੰਪੰਨ ਰਾਸ਼ਟਰ ਉੱਤੇ ਹਮਲਾ ਕੀਤਾ ਹੈ।

ਕੀ ਪੁਤਿਨ ਸਿਰਫ ਯੂਕਰੇਨ 'ਤੇ ਹਮਲਾ ਕਰਕੇ ਰੂਸੀ ਖੇਤਰ ਨੂੰ ਵਧਾਉਣਾ ਚਾਹੁੰਦਾ ਹੈ, ਜਾਂ ਹੋਰ ਕਈ ਕਾਰਨ ਹਨ? ਪਹਿਲਾਂ, ਪੁਤਿਨ ਅਮਰੀਕਾ ਦੇ ਨਕਸ਼ੇ-ਕਦਮਾਂ 'ਤੇ ਚੱਲਣਾ ਚਾਹੁੰਦਾ ਹੈ ਅਤੇ ਇੱਕ ਉੱਭਰ ਰਹੇ ਰਾਸ਼ਟਰ ਨੂੰ ਆਪਣੀ ਸਮਰੱਥਾ ਅਤੇ ਵਿਕਾਸ ਨਹੀਂ ਹੋਣ ਦੇਣਾ ਚਾਹੁੰਦਾ। ਜਿਵੇਂ ਅਮਰੀਕਾ ਨੇ ਵੀਅਤਨਾਮ 'ਤੇ ਹਮਲਾ ਕੀਤਾ ਸੀ, ਇਕ ਕਮਿਊਨਿਸਟ ਦੇਸ਼ ਪੂਰੀ ਦੁਨੀਆ ਲਈ ਖ਼ਤਰਾ ਹੈ।

ਪਰ ਅਸਲ ਵਿੱਚ, ਉਹਨਾਂ ਨੇ ਇਸਨੂੰ ਇੱਕ ਭਵਿੱਖ ਦੇ ਸ਼ਕਤੀਸ਼ਾਲੀ ਦੇਸ਼ ਦੇ ਰੂਪ ਵਿੱਚ ਦੇਖਿਆ ਜੋ ਇੱਕ ਤਾਕਤ ਤੋਂ ਮਜ਼ਬੂਤੀ ਤੱਕ ਜਾ ਸਕਦਾ ਹੈ ਅਤੇ ਏਸ਼ੀਆ ਪ੍ਰਾਇਦੀਪ ਵਿੱਚ ਦਬਦਬਾ ਹਾਸਲ ਕਰ ਸਕਦਾ ਹੈ, ਜਿਵੇਂ ਕਿ ਵਿਸ਼ਵ ਯੁੱਧ 2 ਤੋਂ ਪਹਿਲਾਂ ਜਾਪਾਨ। ਉਹਨਾਂ ਨੇ ਉਸ ਸਮੇਂ ਚੀਨ ਦੇ ਉਭਾਰ ਨੂੰ ਨਹੀਂ ਦੇਖਿਆ ਜਾਂ ਇਸ ਬਾਰੇ ਵਿਚਾਰ ਨਹੀਂ ਕੀਤਾ। ਜੋ ਹੁਣ ਦੁਨੀਆਂ ਭਰ ਲਈ ਖ਼ਤਰਾਂ ਬਣ ਚੁਕਾ ਹੈ ਜੇਕਰ ਉਸ ਸਮੇਂ ਚੀਨ ਦੇ ਨਾਪਾਕ ਸੋਚ ਤੇ ਵਿਚਾਰ ਕੀਤੀ ਹੁੰਦੀ ਤਾਂ ਇਹ ਵੀਅਤਨਾਮ ਜਾਂ ਦੋਵਾਂ ਦੀ ਬਜਾਏ ਜਪਾਨ ਇਕ ਹੁੰਦਾ।

ਯੂਕਰੇਨ ਨਾਲ ਵੀ ਅਜਿਹਾ ਹੀ ਹੋ ਰਿਹਾ ਹੈ। ਕਾਰਨ ਵੱਖੋ-ਵੱਖਰੇ ਲੱਗ ਹੋ ਸਕਦੇ ਹਨ, ਪਰ ਸੋਚਣ ਦੀ ਪ੍ਰਕਿਰਿਆ ਇੱਕੋ ਹੈ। ਪੁਤਿਨ ਯੂਕਰੇਨ ਨੂੰ ਰੂਸ ਦਾ ਹਿੱਸਾ ਮੰਨਦਾ ਹੈ, ਭਾਵੇਂ ਇਹ ਇੱਕ ਸੁਤੰਤਰ ਲੋਕਤੰਤਰ ਹੈ। ਉਹ ਸਾਂਝੇ ਸੱਭਿਆਚਾਰ ਅਤੇ ਯੂਕਰੇਨ ਵਿੱਚ ਰਹਿ ਰਹੇ ਰੂਸੀਆਂ ਉੱਤੇ ਸਮੂਹਿਕ ਅੱਤਿਆਚਾਰਾਂ ਨੂੰ ਉਨ੍ਹਾਂ ਦੇ ਹਮਲੇ ਦੇ ਕਾਰਨਾਂ ਵਜੋਂ ਦੱਸ ਰਿਹਾ ਹੈ।

ਹਾਲਾਂਕਿ, ਉਸਨੂੰ ਡਰ ਹੈ ਕਿ ਯੂਕਰੇਨ ਆਪਣੇ ਆਪ ਨੂੰ ਨਾਟੋ ਨਾਲ ਜੋੜ ਦੇਵੇਗਾ, ਜਿਸ ਨੇ ਪਹਿਲਾਂ ਹੀ ਪੂਰਬੀ ਅਤੇ ਮੱਧ ਯੂਰਪ ਦੇ ਬਹੁਤ ਸਾਰੇ ਸਹਿਯੋਗੀ ਲੱਭ ਲਏ ਹਨ। ਹੁਣ, ਨਾਟੋ ਆਪਣੇ ਸਾਰੇ ਸਹਿਯੋਗੀਆਂ ਲਈ ਸੁਰੱਖਿਆ ਦੀ ਹਾਮੀ ਭਰਦਾ ਹੈ ਅਤੇ ਯੂਕਰੇਨ ਚਾਹੁੰਦਾ ਹੈ ਕਿ ਰੂਸ ਤੋਂ ਵੱਡੇ ਪੱਧਰ 'ਤੇ ਹਮਲਿਆਂ ਨੂੰ ਰੋਕਿਆ ਜਾਵੇ, ਜਿਵੇਂ ਕਿ ਹੁਣ ਕੀ ਹੋ ਰਿਹਾ ਹੈ। ਅਸਲ ਵਿੱਚ, ਨਾਟੋ ਵਿੱਚ ਸ਼ਾਮਲ ਹੋਣ ਦਾ ਮਤਲਬ ਹੈ ਅਮਰੀਕਾ ਦਾ ਸਮਰਥਨ, ਅਤੇ ਰੂਸ ਜਾਣਦਾ ਹੈ ਕਿ ਉਸ ਤੋਂ ਬਾਅਦ ਯੂਕਰੇਨ 'ਤੇ ਹਮਲਾ ਕਰਨਾ ਅਮਰੀਕਾ 'ਤੇ ਹਮਲਾ ਕਰਨ ਦੇ ਬਰਾਬਰ ਹੋਵੇਗਾ, ਜੋ ਉਨ੍ਹਾਂ ਲਈ ਅਤੇ ਪੂਰੀ ਦੁਨੀਆ ਲਈ ਕਿਤੇ ਜ਼ਿਆਦਾ ਘਾਤਕ ਹੋਵੇਗਾ।

ਰੂਸ ਦਾ ਮੰਨਣਾ ਹੈ ਕਿ ਜੇਕਰ ਯੂਕਰੇਨ ਨਾਟੋ ਵਿੱਚ ਸ਼ਾਮਲ ਹੁੰਦਾ ਹੈ ਤਾਂ ਨਾਟੋ ਦੀਆਂ ਫੌਜਾਂ ਯੂਕਰੇਨ ਦੀ ਮਦਦ ਕਰਨਗੀਆਂ। ਪਰ ਸਵਾਲ ਇਹ ਹੈ ਕਿ ਰੂਸ ਨਾਟੋ ਨੂੰ ਇੰਨੀ ਨਫ਼ਰਤ ਕਿਉਂ ਕਰਦਾ ਹੈ? ਇਸ ਨੂੰ ਸਮਝਣ ਲਈ, ਸਾਨੂੰ ਪਹਿਲਾਂ ਇਹ ਸਮਝਣਾ ਪਵੇਗਾ ਕਿ ਨਾਟੋ ਕੀ ਹੈ।



ਇਸ ਦੌਰਾਨ, ਦੂਜਾ ਵਿਸ਼ਵ ਯੁੱਧ 1939 ਅਤੇ 1945 ਦੇ ਵਿਚਕਾਰ ਹੋਇਆ। ਸੋਵੀਅਤ ਸੰਘ ਨੇ ਫਿਰ ਪੂਰਬੀ ਯੂਰਪ ਦੇ ਕੁਝ ਹਿੱਸਿਆਂ ਤੋਂ ਆਪਣੀਆਂ ਫੌਜਾਂ ਨੂੰ ਵਾਪਸ ਲੈਣ ਤੋਂ ਇਨਕਾਰ ਕਰ ਦਿੱਤਾ। 1948 ਵਿੱਚ ਬਰਲਿਨ ਨੂੰ ਵੀ ਘੇਰ ਲਿਆ ਗਿਆ ਸੀ। ਫਿਰ ਸੰਯੁਕਤ ਰਾਜ ਨੇ ਸੋਵੀਅਤ ਯੂਨੀਅਨ ਦੀ ਵਿਸਤਾਰਵਾਦੀ ਨੀਤੀ ਨੂੰ ਰੋਕਣ ਲਈ 1949 ਵਿੱਚ ਨਾਟੋ ਦੀ ਸਥਾਪਨਾ ਕੀਤੀ। ਜਦੋਂ ਨਾਟੋ ਦਾ ਗਠਨ ਕੀਤਾ ਗਿਆ ਸੀ, ਇਸ ਵਿੱਚ ਸੰਯੁਕਤ ਰਾਜ, ਬ੍ਰਿਟੇਨ, ਫਰਾਂਸ, ਕੈਨੇਡਾ, ਇਟਲੀ, ਨੀਦਰਲੈਂਡ, ਆਈਸਲੈਂਡ, ਬੈਲਜੀਅਮ, ਲਕਸਮਬਰਗ, ਨਾਰਵੇ, ਪੁਰਤਗਾਲ ਅਤੇ ਡੈਨਮਾਰਕ ਸਮੇਤ 12 ਦੇਸ਼ ਸ਼ਾਮਲ ਸਨ। ਅੱਜ, ਨਾਟੋ ਵਿੱਚ 30 ਦੇਸ਼ ਸ਼ਾਮਲ ਹਨ।

ਨਾਟੋ ਇੱਕ ਫੌਜੀ ਗਠਜੋੜ ਹੈ। ਜਿਸਦਾ ਉਦੇਸ਼ ਇੱਕ ਸਾਂਝੀ ਸੁਰੱਖਿਆ ਨੀਤੀ 'ਤੇ ਕੰਮ ਕਰਨਾ ਹੈ। ਜੇ ਕੋਈ ਵਿਦੇਸ਼ੀ ਦੇਸ਼ ਨਾਟੋ 'ਤੇ ਹਮਲਾ ਕਰਦਾ ਹੈ, ਤਾਂ ਇਸ ਨੂੰ ਬਾਕੀ ਮੈਂਬਰ ਦੇਸ਼ਾਂ 'ਤੇ ਹਮਲਾ ਮੰਨਿਆ ਜਾਵੇਗਾ, ਅਤੇ ਸਾਰੇ ਨਾਟੋ ਦੇਸ਼ਾਂ ਦੇ ਮੈਂਬਰ ਉਸ ਦੇਸ਼ ਦੀ ਸੁਰੱਖਿਆ ਵਿਚ ਮਦਦ ਕਰਨਗੇ।

ਰੂਸ ਨਾਟੋ ਨੂੰ ਨਫ਼ਰਤ ਕਿਉਂ ਕਰਦਾ ਹੈ?

ਦੂਜੇ ਵਿਸ਼ਵ ਯੁੱਧ ਤੋਂ ਬਾਅਦ ਸੰਸਾਰ ਦੋ ਧੜਿਆਂ ਵਿੱਚ ਵੰਡਿਆ ਗਿਆ। ਦੋ ਮਹਾਂਸ਼ਕਤੀਸ਼ਾਲੀ ਸਨ। ਇੱਕ ਸੰਯੁਕਤ ਰਾਜ ਅਮਰੀਕਾ ਸੀ, ਅਤੇ ਦੂਜਾ ਸੋਵੀਅਤ ਯੂਨੀਅਨ ਸੀ। ਇਸ ਨੂੰ ਸ਼ੀਤ ਯੁੱਧ ਦੀ ਸ਼ੁਰੂਆਤ ਵੀ ਮੰਨਿਆ ਜਾਂਦਾ ਹੈ। 25 ਦਸੰਬਰ 1991 ਨੂੰ ਸੋਵੀਅਤ ਸੰਘ ਟੁੱਟ ਗਿਆ। ਫਿਰ 15 ਨਵੇਂ ਦੇਸ਼ ਬਣਾਏ ਗਏ। ਇਹ 15 ਦੇਸ਼ ਅਰਮੀਨੀਆ, ਅਜ਼ਰਬਾਈਜਾਨ, ਬੇਲਾਰੂਸ, ਐਸਟੋਨੀਆ, ਜਾਰਜੀਆ, ਕਜ਼ਾਕਿਸਤਾਨ, ਕਿਰਗਿਸਤਾਨ, ਲਾਤਵੀਆ, ਲਿਥੁਆਨੀਆ, ਮੋਲਡੋਵਾ, ਰੂਸ, ਤਜ਼ਾਕਿਸਤਾਨ, ਤੁਰਕਮੇਨ, ਯੂਕਰੇਨ ਅਤੇ ਉਜ਼ਬੇਕਿਸਤਾਨ ਹਨ। ਸੋਵੀਅਤ ਯੂਨੀਅਨ ਦੇ ਟੁੱਟਣ ਤੋਂ ਬਾਅਦ ਦੁਨੀਆ ਵਿੱਚ ਇੱਕੋ ਇੱਕ ਮਹਾਂਸ਼ਕਤੀ ਬਚੀ ਸੀ ਸੰਯੁਕਤ ਰਾਜ ਅਮਰੀਕਾ। ਉਦੋਂ ਤੋਂ, ਅਮਰੀਕਾ ਦੀ ਅਗਵਾਈ ਵਾਲੇ ਨਾਟੋ ਦਾ ਦਾਇਰਾ ਵਧਿਆ ਹੈ। ਸੋਵੀਅਤ ਸੰਘ ਤੋਂ ਵੱਖ ਹੋਏ ਦੇਸ਼ ਨਾਟੋ ਵਿੱਚ ਸ਼ਾਮਲ ਹੋ ਗਏ। ਐਸਟੋਨੀਆ, ਲਾਤਵੀਆ ਅਤੇ ਲਿਥੁਆਨੀਆ 2004 ਵਿੱਚ ਨਾਟੋ ਵਿੱਚ ਸ਼ਾਮਲ ਹੋਏ। 2008 ਵਿੱਚ ਜਾਰਜੀਆ ਅਤੇ ਯੂਕਰੇਨ ਨੂੰ ਵੀ ਨਾਟੋ ਵਿੱਚ ਸ਼ਾਮਲ ਹੋਣ ਦਾ ਸੱਦਾ ਦਿੱਤਾ ਗਿਆ। ਹਾਲਾਂਕਿ, ਕੋਈ ਵੀ ਦੇਸ਼ ਨਾਟੋ ਵਿੱਚ ਸ਼ਾਮਲ ਨਹੀਂ ਹੋ ਸਕਿਆ ਹੈ।

ਰੂਸੀ ਰਾਸ਼ਟਰਪਤੀ ਪੁਤਿਨ ਨੇ ਨਾਟੋ ਦੇ ਵਿਸਥਾਰ 'ਤੇ ਇਤਰਾਜ਼ ਜਤਾਇਆ ਹੈ। ਪਿਛਲੇ ਸਾਲ ਦਸੰਬਰ 'ਚ ਪੁਤਿਨ ਨੇ ਕਿਹਾ ਸੀ, "ਅਸੀਂ ਸਪੱਸ਼ਟ ਕਰ ਦਿੱਤਾ ਹੈ ਕਿ ਪੂਰਬ 'ਚ ਨਾਟੋ ਦਾ ਵਿਸਥਾਰ ਸਵੀਕਾਰ ਨਹੀਂ ਹੈ। ਅਮਰੀਕਾ ਮਿਜ਼ਾਈਲਾਂ ਨਾਲ ਸਾਡੇ ਦਰਵਾਜ਼ੇ 'ਤੇ ਖੜ੍ਹਾ ਹੈ। ਜੇਕਰ ਉਹ ਕੈਨੇਡਾ ਨਾਲ ਲੱਗਦੀ ਸਰਹੱਦ 'ਤੇ ਮਿਜ਼ਾਈਲਾਂ ਤਾਇਨਾਤ ਕਰਦਾ ਹੈ ਤਾਂ ਅਮਰੀਕਾ ਨੂੰ ਕਿਹੋ ਜਿਹਾ ਲੱਗੇਗਾ। ਜਾਂ ਮੈਕਸੀਕੋ ਨੂੰ ?"

ਇਸ ਦੌਰਾਨ ਕਿਹਾ ਜਾਂਦਾ ਹੈ ਕਿ ਇੱਕ ਸਮਾਂ ਸੀ ਜਦੋਂ ਪੁਤਿਨ ਰੂਸ ਨੂੰ ਨਾਟੋ ਵਿੱਚ ਸ਼ਾਮਲ ਕਰਨਾ ਚਾਹੁੰਦੇ ਸਨ। ਪਰ ਹੁਣ ਪੁਤਿਨ ਨਾਟੋ ਨੂੰ ਨਫ਼ਰਤ ਕਰ ਰਿਹਾ ਹੈ। ਤੁਰਕੀ ਐਸਟੋਨੀਆ, ਲਾਤਵੀਆ, ਲਿਥੁਆਨੀਆ ਅਤੇ ਰੂਸ ਦੀ ਸਰਹੱਦ ਨਾਲ ਲੱਗਦੇ ਨਾਟੋ ਦਾ ਮੈਂਬਰ ਹੈ। ਜੇਕਰ ਯੂਕਰੇਨ ਨਾਟੋ ਵਿੱਚ ਸ਼ਾਮਲ ਹੁੰਦਾ ਹੈ, ਤਾਂ ਰੂਸ ਦੀਆਂ ਸਰਹੱਦਾਂ ਨੂੰ ਪੂਰੀ ਤਰ੍ਹਾਂ ਨਾਲ ਘੇਰ ਲਿਆ ਜਾਵੇਗਾ। ਜੇਕਰ ਯੂਕਰੇਨ ਨਾਟੋ ਵਿੱਚ ਸ਼ਾਮਲ ਹੋ ਜਾਂਦਾ ਹੈ, ਤਾਂ ਭਵਿੱਖ ਵਿੱਚ, ਨਾਟੋ ਦੀਆਂ ਮਿਜ਼ਾਈਲਾਂ ਕੁਝ ਹੀ ਮਿੰਟਾਂ ਵਿੱਚ ਯੂਕਰੇਨ ਦੀ ਧਰਤੀ 'ਤੇ ਉਤਰ ਜਾਣਗੀਆਂ। ਪੁਤਿਨ ਨੇ ਦਲੀਲ ਦਿੱਤੀ ਹੈ ਕਿ ਰੂਸ ਲਈ ਇਹ ਵੱਡੀ ਚੁਣੌਤੀ ਹੈ।

ਇਸ ਤੋਂ ਇਲਾਵਾ, ਨਾਟੋ ਨੂੰ ਰੂਸ ਵਿਚ ਅਤੇ ਉਸ ਦੇ ਆਲੇ-ਦੁਆਲੇ ਸਹਿਯੋਗੀ ਲੱਭਣਾ ਅਮਰੀਕਾ ਵਾਂਗ ਹੈ ਜੋ ਉਨ੍ਹਾਂ ਨੂੰ ਹਰ ਪਾਸਿਓਂ ਘੇਰ ਰਿਹਾ ਹੈ। ਦੋਵਾਂ ਦੇਸ਼ਾਂ ਵਿਚਕਾਰ "ਠੰਡੇ" ਇਤਿਹਾਸ ਨੂੰ ਦੇਖਦੇ ਹੋਏ, ਅਤੇ ਇਸ ਤੱਥ ਦੇ ਮੱਦੇਨਜ਼ਰ ਕਿ ਪੁਤਿਨ ਸ਼ੀਤ ਯੁੱਧ ਦੇ ਸਮੇਂ ਵਿੱਚ ਇੱਕ ਜਾਸੂਸ ਸੀ, ਉਹ ਅਜਿਹਾ ਨਹੀਂ ਹੋਣ ਦੇ ਸਕਦਾ। ਇਹ ਉਸ ਲਈ ਆਪਣੇ ਸਭ ਤੋਂ ਵੱਡੇ ਵਿਰੋਧੀਆਂ ਵਿਰੁੱਧ ਹਾਰ ਵਾਂਗ ਹੋਵੇਗਾ। ਅਤੇ ਇਸ ਤੱਥ ਦੇ ਮੱਦੇਨਜ਼ਰ ਕਿ ਯੂਕਰੇਨ ਵੀ ਨਾਟੋ ਵਿੱਚ ਸ਼ਾਮਲ ਹੋਣ ਦੀ ਯੋਜਨਾ ਬਣਾ ਰਿਹਾ ਹੈ, ਉਸ ਦੇ ਅਨੁਸ-ਾਰ, ਅਜਿਹਾ ਹੋਣ ਤੋਂ ਰੋਕਣ ਲਈ, ਦੇਸ਼ ਉੱਤੇ ਹਮਲਾ ਕਰਨਾ ਹੀ ਇੱਕੋ ਇੱਕ ਵਿਕਲਪ ਬਚਿਆ ਸੀ। ਉਹ ਨਾਟੋ ਵਿੱਚ ਸ਼ਾਮਲ ਹੋਣ ਵਿੱਚ ਯੂਕਰੇਨ ਦੀ ਦਿਲਚਸਪੀ ਨੂੰ ਰੂਸ ਲਈ ਸਿੱਧਾ ਖ਼ਤਰਾ ਮੰਨਦਾ ਹੈ ਅਤੇ ਅਜਿਹਾ ਹੋਣ ਤੋਂ ਰੋਕਣ ਲਈ ਕੁਝ ਵੀ ਕਰੇਗਾ ਤੇ ਕਰ ਰਿਹਾ ਹੈ।

ਜੇਕਰ ਤੁਸੀਂ ਉਸ ਦੇ ਹਮਲੇ ਤੋਂ ਪਹਿਲਾਂ ਦੀ ਪ੍ਰੈਸ ਕਾਨਫਰੰਸ ਦਾ ਵਿਸ਼ਲੇਸ਼ਣ ਕਰਦੇ ਹੋ, ਤਾਂ ਉਹ ਸਪੱਸ਼ਟ ਤੌਰ 'ਤੇ ਕਹਿ ਰਿਹਾ ਹੈ ਕਿ ਦੇਸ਼ ਰੂਸ ਨੂੰ ਕਮਜ਼ੋਰ ਨਹੀਂ ਸਮਝਦੇ। ਉਨ੍ਹਾਂ 'ਤੇ ਕੋਈ ਵੀ ਪਾਬੰਦੀਆਂ ਲਾਈਆਂ ਜਾਣ, ਉਹ ਉਸ ਲਈ ਲੜਨ ਲਈ ਤਿਆਰ ਹਨ ਜੋ ਉਨ੍ਹਾਂ ਨੂੰ ਸਹੀ ਲੱਗਦਾ ਹੈ। ਇਹ ਰਵੱਈਆ ਉਨ੍ਹਾਂ ਤੋਂ ਗਾਇਬ ਸੀ ਕਿਉਂਕਿ ਯੂਐਸਐਸਆਰ ਦੀ ਹੋਂਦ ਖ਼ਤਮ ਹੋ ਗਈ ਸੀ, ਪਰ ਪੁਤਿਨ ਉਸ ਡਰਾਉਣੇ ਕਾਰਕ ਨੂੰ ਦੁਬਾਰਾ ਲਿਆਉਣ ਦੀ ਕੋਸ਼ਿਸ਼ ਕਰ ਰਿਹਾ ਹੈ, ਅਤੇ ਯੂਕਰੇਨ 'ਤੇ ਹਮਲਾ ਕਰਨਾ ਉਸ ਲਈ ਅਜਿਹਾ ਕਰਨ ਦਾ ਸਭ ਤੋਂ ਤੇਜ਼ ਅਤੇ ਸ਼ਾਇਦ ਸਭ ਤੋਂ ਸਸਤਾ ਤਰੀਕਾ ਹੈ।

ਦੂਜੇ ਪਾਸੇ, ਪੁਤਿਨ ਜਾਣਦਾ ਹੈ ਕਿ ਯੂਰਪ ਰੂਸ ਦੇ ਤੇਲ ਅਤੇ ਕੁਦਰਤੀ ਗੈਸ ਦੀ ਸਪਲਾਈ 'ਤੇ ਬਹੁਤ ਜ਼ਿਆਦਾ ਨਿਰਭਰ ਹੈ। ਇਸ ਲਈ, ਭਾਵੇਂ ਅਮਰੀਕਾ ਕੁਝ ਵੀ ਕਹੇ, ਉਹ ਉਨ੍ਹਾਂ 'ਤੇ ਲੰਬੇ ਸਮੇਂ ਲਈ ਪਾਬੰਦੀਆਂ ਨਹੀਂ ਲਗਾ ਸਕਦੇ ਹਨ। ਇਹ ਉਨ੍ਹਾਂ ਦੀ ਆਰਥਿਕਤਾ ਨੂੰ ਰੂਸ ਨਾਲੋਂ ਤੇਜ਼ੀ ਨਾਲ ਅਪੰਗ ਕਰ ਦੇਵੇਗਾ! ਇਸ ਲਈ, ਉਹ ਯੂਕਰੇਨ ਵਿੱਚ ਗਿਆ ਹੈ ਅਤੇ ਉਹਨਾਂ ਵਿੱਚੋਂ ਇੱਕ ਉਦਾਹਰਣ ਬਣਾਉਣ ਦੀ ਕੋਸ਼ਿਸ਼ ਕਰ ਰਿਹਾ ਹੈ, ਇਹ ਜਾਣਦੇ ਹੋਏ ਕਿ ਬਾਅਦ ਦੇ ਪ੍ਰਭਾਵਾਂ ਨੂੰ ਘੱਟ ਤੋਂ ਘੱਟ ਰੱਖਿਆ ਜਾ ਸਕਦਾ ਹੈ।

ਇਸ ਤੋਂ ਇਲਾਵਾ, ਇਕ ਹੋਰ ਕਾਰਨ 'ਕੌੜੀ ਸੱਚਾਈ ਇਹ ਹੈ ਕਿ ਪੁਤਿਨ ਦੀ ਪ੍ਰਸਿੱਧੀ ਨੇ ਮਹਾਂਮਾਰੀ ਤੋਂ ਬਾਅਦ ਵੱਡੇ ਪੱਧਰ 'ਤੇ ਗਿਰਾਵਟ ਲਿਆਂਦੀ ਹੈ, ਅਤੇ ਉਸ ਦੇ ਖਿਲਾਫ ਪ੍ਰਦਰਸ਼ਨ ਹੋ ਰਹੇ ਹਨ, ਜਿਸ ਦਾ ਉਦੇਸ਼ ਉਸ ਨੂੰ ਗੱਦੀ ਤੋਂ ਲਾਹ ਦੇਣਾ ਅਤੇ ਉਸ ਦੇ ਗਲਤ ਕੰਮਾਂ ਦੀ ਜਾਂਚ ਲਈ ਇਕ ਕੁਮੇਟੀ ਦਾ ਗੰਠਣ ਕਰਨਾਹੈ। ਇਸ ਲਈ, ਉਹ ਅਸਲ ਚਿੰਤਾਵਾਂ ਤੋਂ ਲੋਕਾਂ ਦਾ ਧਿਆਨ ਭਟਕਾਉਣ ਦੀ ਕੋਸ਼ਿਸ਼ ਕਰ ਰਿਹਾ ਹੈ। ਹਾਲਾਂਕਿ, ਹਮਲਾ ਉੱਥੋਂ ਦੇ ਲੋਕਾਂ ਨੂੰ ਇਹ ਦੇਖਣ ਦਾ ਮੌਕਾ ਦਿੰਦਾ ਹੈ ਕਿ ਉਹ ਕਿੰਨਾ ਕ੍ਰਾਂਤੀਕਾਰੀ ਨੇਤਾ ਹੈ, ਕਿਉਂਕਿ ਉਹ ਯੂਕਰੇਨ 'ਤੇ ਹਮਲਾ ਕਰਕੇ ਅਤੇ ਇਸਨੂੰ ਦੁਬਾਰਾ ਆਪਣੇ ਦੇਸ਼ ਦਾ ਹਿੱਸਾ ਬਣਾ ਕੇ ਰੂਸ ਨੂੰ ਮਹਾਨ ਯੂਐਸਐਸਆਰ ਬਣਾਉਣ ਲਈ ਕੰਮ ਕਰ ਰਿਹਾ ਹੈ।

ਪਰ ਇਸ ਗੱਲ ਦਾ ਕੋਈ ਫਰਕ ਨਹੀਂ ਪੈਂਦਾ ਕਿ ਦਿਨ ਦੇ ਅੰਤ ਵਿੱਚ ਕੋਈ ਵੀ ਦੇਸ਼ ਜੰਗ ਦੀ ਸ਼ੁਰੂਆਤ ਕਰਦਾ ਹੈ, ਭੂ-ਰਾਜਨੀਤਿਕ ਝੜਪਾਂ ਦੇ ਕਾਰਨ ਇਸ ਦੀਆਂ ਮਾਸੂਮ ਜਾਨਾਂ ਚਲੀਆਂ ਜਾਂਦੀਆਂ ਹਨ ਅਤੇ ਸ਼ਾਂਤੀ ਦੀ ਗੁੰਜਾਇਸ਼ ਹੁੰਦੀ ਹੈ। ਉਮੀਦ ਹੈ ਕਿ ਇਹ ਜਲਦੀ ਆਵੇਗਾ।

## ਬਿਊਟੀ ਟਿਪਸ

### ਆਂਵਲੇ ਨਾਲ ਪਾਓ ਗਲੋਇੰਗ ਸਕਿਨ



ਆਂਵਲੇ ਨੂੰ ਗੁਣਾਂ ਦੀ ਖਾਨ ਕਿਹਾ ਜਾਂਦਾ ਹੈ। ਇਹ ਨਾ ਸਿਰਫ ਵਾਲਾਂ ਨੂੰ ਪੋਸ਼ਣ ਦਿੰਦਾ ਹੈ ਸਗੋਂ ਚਿਹਰੇ ਲਈ ਕਾਫੀ ਚੰਗਾ ਹੁੰਦਾ ਹੈ। ਆਂਵਲੇ ਤੋਂ ਬਣੇ ਫੇਸ ਪੈਕ ਸਕਿਨ ਨਾਲ ਜੁੜੀਆਂ ਕਈ ਸਮੱਸਿਆਵਾਂ ਨੂੰ ਦੂਰ ਕਰਨ ਵਿੱਚ ਮਦਦਗਾਰ ਹੁੰਦੇ ਹਨ। ਤੁਸੀਂ ਘਰ ਵਿੱਚ ਆਂਵਲੇ ਦਾ ਫੇਸ ਪੈਕ ਆਸਾਨੀ ਨਾਲ ਬਣਾ ਸਕਦੇ ਹੋ। ਇੱਥੇ ਇਸ ਨਾਲ ਜੁੜੇ ਕੁਝ ਟਿਪਸ ਦੱਸੇ ਗਏ ਹਨ :

ਆਂਵਲਾ ਅਤੇ ਟੀ ਪੈਕ

ਦੋ ਚਮਚ ਆਂਵਲੇ ਦਾ ਪਾਊਡਰ ਲਓ, ਉਸ ਨੂੰ ਚਾਹ ਦੀ ਪੱਤੀ ਵਿੱਚ ਉਬਲੇ ਪਾਣੀ ਨਾਲ ਮਿਲਾ ਕੇ ਪੇਸਟ ਬਣਾ ਲਓ। ਇਸ ਪੇਸਟ ਨੂੰ ਚਿਹਰੇ ਤੇ ਗਰਦਨ ਉੱਤੇ ਚੰਗ ਤਰ੍ਹਾਂ ਲਾਓ। ਵੀਹ ਮਿੰਟਾਂ ਬਾਅਦ ਕੋਸੇ ਪਾਣੀ ਨਾਲ ਚਿਹਰਾ ਧੋ ਲਓ।

ਆਂਵਲਾ ਅਤੇ ਪਪੀਤਾ

ਆਂਵਲਾ-ਪਪੀਤੇ ਦਾ ਫੇਸ ਪੈਕ ਸਕਿਨ ਨੂੰ ਸਾਫ ਕਰਨ ਤੇ ਪਿਗਮੈਂਟੇਸ਼ਨ ਨੂੰ ਘੱਟ ਕਰਨ ਵਿੱਚ ਸਹਾਈ ਹੁੰਦਾ ਹੈ। ਇਸ ਨੂੰ ਬਣਾਉਣ ਲਈ ਇੱਕ ਕੱਪ ਕੱਟਿਆ ਹੋਇਆ ਪਪੀਤਾ ਤੇ ਦੋ ਆਂਵਲੇ ਲਓ। ਕੱਟੇ ਪਪੀਤੇ ਨੂੰ ਚੰਗੀ ਤਰ੍ਹਾਂ ਮੈਸ਼ ਕਰ ਕੇ ਪੇਸਟ ਬਣਾ ਲਓ। ਤੁਸੀਂ ਚਾਹੋ ਤਾਂ ਪਪੀਤੇ ਨੂੰ ਮਿਕਸੀ ਵਿੱਚ ਪੀਸ ਸਕਦੇ ਹੋ। ਆਂਵਲੇ ਨੂੰ ਕੱਦੂਕਸ ਕਰ ਕੇ ਜੂਸ ਕੱਢ ਲਓ। ਇੱਕ ਕਟੋਰੇ ਵਿੱਚ ਮੈਸ਼ ਕੀਤਾ ਪਪੀਤਾ ਲਓ ਤੇ ਉਸ ਵਿੱਚ ਇੱਕ ਵੱਡਾ ਚਮਚ ਆਂਵਲੇ ਦਾ ਜੂਸ ਪਾ ਕੇ ਚੰਗੀ ਤਰ੍ਹਾਂ ਮਿਕਸ ਕਰ ਲਓ। ਕਾਟਨ ਪੈਡ ਦੀ ਮਦਦ ਨਾਲ ਇਸ ਪੇਸਟ ਨੂੰ ਚਿਹਰੇ ਉੱਤੇ ਲਾਓ ਅਤੇ ਘੱਟੋ ਘੱਟ 15 ਮਿੰਟਾਂ ਤੱਕ ਅਜਿਹੇ ਹੀ ਰੱਖੋ। ਇਸ ਦੇ ਬਾਅਦ ਚਿਹਰੇ ਨੂੰ ਕੋਸੇ ਪਾਣੀ ਨਾਲ ਧੋ ਲਓ।

ਆਂਵਲਾ ਅਤੇ ਹਲਦੀ

ਦੋ ਤੋਂ ਤਿੰਨ ਚਮਚ ਆਂਵਲਾ ਪਾਊਡਰ ਲਓ। ਉਸ ਵਿੱਚ ਇੱਕ ਚਮਚ ਹਲਦੀ ਪਾਊਡਰ ਅਤੇ ਨਿੰਬੂ ਦਾ ਰਸ ਪਾ ਕੇ ਮਿਸ਼ਰਣ ਤਿਆਰ ਕਰ ਲਓ। 10 ਮਿੰਟਾਂ ਤੱਕ ਇਸ ਨੂੰ ਚਿਹਰੇ ਉੱਤੇ ਲਗਾਈ ਰੱਖੋ। 10 ਮਿੰਟਾਂ ਬਾਅਦ ਠੰਢੇ ਪਾਣੀ ਨਾਲ ਚਿਹਰਾ ਸਾਫ ਕਰ ਲਓ।

ਆਂਵਲਾ, ਦਹੀਂ ਅਤੇ ਸ਼ਹਿਦ

ਆਂਵਲਾ, ਦਹੀਂ ਤੇ ਸ਼ਹਿਦ ਦਾ ਫੇਸ ਪੈਕ ਸਨ ਟੈਨ ਨੂੰ ਘੱਟ ਕਰਨ ਵਿੱਚ ਅਸਰਦਾਰ ਹੁੰਦਾ ਹੈ। ਦੋ ਚਮਚ ਆਂਵਲੇ ਦਾ ਪੇਸਟ ਲਓ। ਇਸ ਵਿੱਚ ਇੱਕ ਚਮਚ ਦਹੀਂ ਤੇ ਸ਼ਹਿਦ ਨੂੰ ਚੰਗੀ ਤਰ੍ਹਾਂ ਮਿਲਾ ਲਓ। ਇਸ ਮਿਸ਼ਰਣ ਨੂੰ ਪੰਜ ਮਿੰਟ ਢਕ ਕੇ ਛੱਡ ਦਿਓ। ਪੰਜ ਮਿੰਟਾਂ ਬਾਅਦ ਆਪਣੇ ਚਿਹਰੇ ਨੂੰ ਚੰਗੀ ਤਰ੍ਹਾਂ ਸਾਫ ਕਰ ਕੇ ਇਸ ਪੈਕ ਨੂੰ ਲਾਓ। 20 ਮਿੰਟਾਂ ਬਾਅਦ ਕੋਸੇ ਪਾਣੀ ਨਾਲ ਚਿਹਰੇ ਨੂੰ ਧੋ ਲਓ। ਹਫਤੇ ਵਿੱਚ ਦੋ ਵਾਰ ਫੇਸ ਪੈਕ ਦੀ ਵਰਤੋਂ ਕਰੋ, ਸਨ ਟੈਨਿੰਗ ਘੱਟ ਹੋਵੇਗੀ, ਜਿਸ ਨਾਲ ਕਿ ਚਿਹਰਾ ਚਮਕਦਾਰ ਨਜ਼ਰ ਆਵੇਗਾ।

## ਹਲਕਾ ਫੁਲਕਾ

ਹੋਟਲ ਦਾ ਮੈਨੇਜਰ, ''ਦੱਸੋ ਸਾਹਿਬ, ਰਾਤ ਕਿਵੇਂ ਗੁਜ਼ਰੀ?''

ਯਾਤਰੀ, ''ਬਹੁਤ ਵਧੀਆ। ਤੁਹਾਡੇ ਹੋਟਲ ਵਿੱਚ ਮੱਛਰ ਇੰਨੇ ਤਕੜੇ ਹਨ ਕਿ ਮੈਨੂੰ ਮੰਜੇ ਤੋਂ ਉਡਾ ਕੇ ਲੈ ਜਾਂਦੇ, ਪਰ ਤੁਹਾਡੇ ਮੰਜੇ ਦੇ ਖਟਮਲ ਵੀ ਘੱਟ ਸ਼ਕਤੀਸ਼ਾਲੀ ਨਹੀਂ, ਉਨ੍ਹਾਂ ਨੇ ਮੈਨੂੰ ਮਜ਼ਬੂਤੀ ਨਾਲ ਫੜੀ ਰੱਖਿਆ ਸੀ।''

********

ਅਧਿਆਪਕ, ''ਸ਼ੰਟੀ, ਸੁਣਿਆ ਹੈ ਕਿ ਤੂੰ ਮੇਰੇ ਪੀਰੀਅਡ ਵਿੱਚ ਬਹੁਤ ਗੱਲਾਂ ਕਰਦਾ ਏਂ?''

ਸ਼ੰਟੀ, ''ਮਾਸਟਰ ਜੀ ਇਹ ਕਿਵੇਂ ਹੋ ਸਕਦਾ ਹੈ, ਭਲਾ ਮੈਂ ਸੌਂਦੇ ਸਮੇਂ ਗੱਲਾਂ ਕਿਵੇਂ ਕਰ ਸਕਦਾ ਹਾਂ?''

## ਰਸੋਈ

### ਫੁੱਲ ਗੋਭੀ ਦਾ ਸੂਪ



ਫੁੱਲ ਗੋਭੀ ਦਾ ਸੂਪ ਬਣਾਉਣ ਲਈ ਸਮੱਗਰੀ: ਫੁੱਲ ਗੋਭੀ ਦਾ ਸੂਪ ਬਣਾਉਣ ਲਈ ਦੋ ਕੱਪ ਕੱਟੀ ਤੇ ਧੋਤੀ ਹੋਈ ਫੁੱਲ ਗੋਭੀ ਲਓ। ਫਿਰ ਇੱਕ ਫਰਾਈਪੈਨ ਵਿੱਚ ਇੱਕ ਚਮਚ ਤੇਲ ਗਰਮ ਕਰੋ ਅਤੇ ਇਸ ਵਿੱਚ ਇੱਕ ਚਮਚ ਕੱਟਿਆ ਹੋਇਆ ਅਦਰਕ ਤੇ ਲਸਣ ਪਾਓ। ਇਸ ਤੋਂ ਬਾਅਦ ਇਕ ਕੱਟਿਆ ਪਿਆਜ਼ ਪਾ ਕੇ ਦੋ-ਤਿੰਨ ਮਿੰਟ ਤੱਕ ਪਕਾਓ। ਜਦੋਂ ਪਿਆਜ਼ ਗੋਲਡਨ ਬਰਾਊਨ ਹੋ ਜਾਵੇ ਤਾਂ ਇਸ ਵਿੱਚ ਕੱਟੀ ਹੋਈ ਫੁੱਲ ਗੋਭੀ ਪਾਓ ਅਤੇ ਦੋ ਗਲਾਸ ਪਾਣੀ ਪਾਓ। ਇਸ ਤੋਂ ਬਾਅਦ ਸਵਾਦ ਅਨੁਸਾਰ ਨਮਕ ਅਤੇ ਦੋ ਚੁਟਕੀ ਕਾਲੀ ਮਿਰਚ ਪਾ ਕੇ ਫਰਾਈਪੈਨ ਨੂੰ ਢਕ ਦਿਓ। ਇਸ ਤੋਂ ਬਾਅਦ ਸੂਪ ਨੂੰ ਕਰੀਬ ਦਸ ਮਿੰਟ ਤੱਕ ਪਕਣ ਦਿਓ। ਫਿਰ ਗੈਸ ਬੰਦ ਕਰ ਦਿਓ ਅਤੇ ਸੂਪ ਨੂੰ ਠੰਢਾ ਹੋਣ ਦਿਓ ਅਤੇ ਫਿਰ ਬਲੈਂਡਰ ਦੀ ਮਦਦ ਨਾਲ ਸਬਜ਼ੀਆਂ ਨੂੰ ਮੈਸ਼ ਕਰ ਲਓ ਅਤੇ ਸੇਵਨ ਕਰੋ।

## ਮਿੰਨੀ ਕਹਾਣੀਆਂ- ਅਸਲੀ ਦੌਲਤ

-ਅਲਕਾ ਮਿੱਤਲ

''ਸੁਨੰਦਾ ਇੱਕ ਗੱਲ ਮੈਨੂੰ ਸਮਝ ਨਹੀਂ ਆ ਰਹੀ ਕਿ ਕੀ ਲੜਕੀਆਂ ਦਾ ਅਕਾਲ ਪੈ ਗਿਆ ਸੀ ਜਾਂ ਤੇਰੇ ਬੇਟੇ ਵਿੱਚ ਕੋਈ ਕਮੀ ਸੀ? ਜੋ ਇੰਨੇ ਗਰੀਬ ਘਰ ਦੀ ਲੜਕੀ ਨੂੰ ਪਸੰਦ ਕੀਤਾ। ਮੈਂ ਵੀ ਕਿੰਨੇ ਹੀ ਰਿਸ਼ਤੇ ਦੱਸੇ, ਇੱਕ ਤੋਂ ਵਧ ਕੇ ਇੱਕ ਪੈਸੇ ਵਾਲੇ।''

ਗੱਲ ਵਿੱਚੋਂ ਕੱਟ ਕੇ ਸੁਨੰਦਾ ਨੇ ਮੁਸਕਰਾਉਂਦੇ ਹੋਏ ਜਵਾਬ ਦਿੱਤਾ, ''ਰਾਧਾ, ਨਾ ਲੜਕੀਆਂ ਦਾ ਅਕਾਲ ਹੈ ਅਤੇ ਨਾ ਮੇਰੇ ਬੇਟੇ ਵਿੱਚ ਕਮੀ ਹੈ। ਮੈਂ ਇੱਕ ਸੰਸਕਾਰੀ, ਗੁਣਵੰਤੀ ਨੂੰਹ ਨੂੰ ਪਸੰਦ ਕੀਤਾ ਹੈ। ਮੈਂ ਗੁਣਾਂ ਨੂੰ ਮਹੱਤਵ ਦਿੱਤਾ ਹੈ, ਦਾਜ ਨੂੰ ਨਹੀਂ। ਮੇਰਾ ਬੇਟਾ ਸਰਵਗੁਣ ਸੰਪੰਨ ਹੈ। ਆਪਣੀ ਯੋਗਤਾ ਨਾਲ ਪੈਸਾ ਤਾਂ ਖ਼ੂਬ ਕਮਾ ਲਵੇਗਾ।''

ਆਪਣੀ ਸਹੇਲੀ ਸੁਨੰਦਾ ਦੀ ਗੱਲ ਸੁਣ, ਰਾਧਾ ਨਿਰਉਤਰ ਹੋ ਗਈ। ਨੂੰਹ ਦੀਆਂ ਅੱਖਾਂ ਵਿੱਚ ਜੋ ਭਾਵ ਸੁਨੰਦਾ ਨੇ ਆਪਣੇ ਲਈ ਦੇਖੇ ਉਹ ਕਿਸੇ ਦੌਲਤ ਤੋਂ ਘੱਟ ਨਹੀਂ ਸਨ।

## ਢੋਲ

-ਸੁਰੇਸ਼ ਬਰਨਵਾਲ

''ਬਾਪੂ ਭੁੱਖ ਲੱਗੀ ਹੋਈ ਐ, ਪੇਟ ਖਾਲੀ ਹੈ।''

''ਪੁੱਤ ਕੱਲ੍ਹ ਰੋਟੀ ਖਾਵਾਂਗੇ।''

''ਅੱਜ ਇਸ ਖਾਲੀ ਪੇਟ ਦਾ ਢੋਲ ਵਜਾ।'' ਕਹਿ ਕੇ ਗਰੀਬ ਪਿਤਾ ਨੇ ਆਪਣੇ ਖਾਲੀ ਪੇਟ ਉੱਤੇ ਦੋਵਾਂ ਹੱਥਾਂ ਨਾਲ ਥਾਪੀ ਮਾਰਦੇ ਹੋਏ ਮੂੰਹ ਵਿੱਚੋਂ ਢੋਲ ਦੀ ਆਵਾਜ਼ ਕੱਢਣ ਦਾ ਕੌਤਕ ਸ਼ੁਰੂ ਕਰ ਦਿੱਤਾ। ਉਸ ਨੂੰ ਕੁਝ ਹੋਰ ਨਹੀਂ ਸੀ ਸੁੱਝ ਰਿਹਾ ਸ਼ਾਇਦ। ਪੰਜ ਸਾਲਾਂ ਦਾ ਬੇਟਾ ਆਪਣੀਆਂ ਉਦਾਸ ਅੱਖਾਂ ਨਾਲ ਆਪਣੇ ਪਿਤਾ ਦੇ ਅਜੀਬ ਕੌਤਕ ਨੂੰ ਵੇਖਦਾ ਰਿਹਾ ਫਿਰ ਉਹ ਵੀ ਆਪਣੇ ਪੇਟ ਉਤੇ ਦੋਵੇਂ ਹੱਥ ਮਾਰਦਾ ਹੋਇਆ ਢੋਲ ਦੀ ਆਵਾਜ਼ ਕੱਢਣ ਦੀ ਕੋਸ਼ਿਸ਼ ਕਰਨ ਲੱਗਾ।

ਇਹ ਦੇਖ ਕੇ ਪਿਤਾ ਦੇ ਮੂੰਹ ਵਿੱਚੋਂ ਨਿਕਲਦੀ ਢੋਲ ਦੀ ਆਵਾਜ਼ ਫਟ ਗਈ।


## ਜ਼ਰੂਰ ਜਾਣੋ; ਗਿਆਨ ਗੰਗਾ

॥ ਜੀਵ ਹਮਾਰੀ ਜਾਤੀ ਹੈ, ਮਾਨਵ ਧਰਮ ਹਮਾਰਾ । ਹਿੰਦੂ, ਮੁਸਲਿਮ, ਸਿੱਖ, ਇਸਾਈ, ਧਰਮ ਨਹੀਂ ਕੋਈ ਨਿਆਰਾ ॥

- ਬ੍ਰਹਮਾ, ਵਿਸ਼ਨੂੰ, ਮਹੇਸ਼ ਦੇ ਮਾਤਾ-ਪਿਤਾ ਕੌਣ ਹਨ ?
- ਸ਼ੇਰਾਂਵਾਲੀ ਮਾਤਾ (ਦੁਰਗਾ ਅਸ਼ਟਾਂਗੀ) ਦਾ ਪਤੀ ਕੌਣ ਹੈ ?
- ਸਾਨੂੰ ਜਨਮ ਦੇਣ ਤੇ ਮਾਰਣ ਵਿੱਚ ਕਿਸ ਪ੍ਰਭੂ ਦਾ ਸਵਾਰਥ ਹੈ ?
- ਅਸੀਂ ਸਾਰੇ ਦੇਵੀ-ਦੇਵਤਿਆਂ ਦੀ ਇੰਨੀ ਭਗਤੀ ਕਰਦੇ ਹਾਂ, ਫਿਰ ਵੀ ਦੁੱਖੀ ਕਿਉਂ ਹਾਂ ?
- ਬ੍ਰਹਮਾਂ, ਵਿਸ਼ਨੂੰ, ਮਹੇਸ਼ ਕਿਸਦੀ ਭਗਤੀ ਕਰਦੇ ਹਨ ?
- ਪੂਰਨ ਸੰਤ ਦੀ ਪਹਿਚਾਣ ਕੀ ਹੈ ? 'ਤੇ ਮੋਕਸ਼ ਕਿਵੇਂ ਮਿਲੇਗਾ ?
- ਪਰਮਾਤਮਾ ਸਾਕਾਰ ਹੈ ਜਾਂ ਨਿਰਾਕਾਰ ?
- ਕਿਸੀ ਵੀ ਗੁਰੂ ਦੀ ਸ਼ਰਨ ਵਿੱਚ ਜਾਣ ਨਾਲ ਮੁਕਤੀ ਸੰਭਵ ਹੈ ਜਾਂ ਨਹੀਂ ?
- ਤੀਰਥ, ਵਰਤ, ਤਰਪਣ ਅਤੇ ਸ਼ਰਾਧ ਨਿਕਾਲਣ ਨਾਲ ਕੋਈ ਲਾਭ ਹੈ ਜਾਂ ਨਹੀਂ (ਗੀਤਾ ਅਨੁਸਾਰ) ?
- ਸ਼੍ਰੀ ਕ੍ਰਿਸ਼ਨ ਜੀ ਕਾਲ ਨਹੀਂ ਹਨ । ਫਿਰ ਗੀਤਾ ਵਾਲਾ ਕਾਲ ਕੌਣ ਹੈ ?
- ਕੌਣ ਅਤੇ ਕਿਵੇਂ ਹੈ ? ਕਿੱਥੇ ਰਹਿੰਦਾ ਹੈ ? ਕਿਵੇਂ ਮਿਲਦਾ ਹੈ ? ਕਿਸ ਨੇ ਦੇਖਿਆ ਹੈ ਪੂਰਨ ਪਰਮਾਤਮਾ ?
- ਸਮਾਧੀ ਅਭਿਆਸ (Meditation) ਰਾਮ, ਹਰੇ ਕ੍ਰਿਸ਼ਣ, ਹਰੀ ਓਮ, ਹੰਸ, ਤਿੰਨ ਤੇ ਪੰਜ ਨਾਮਾਂ ਅਤੇ ਵਾਹਿਗੁਰੂ ਆਦਿ-2 ਨਾਮਾਂ ਦੇ ਜਾਪ ਤੋਂ ਸੁੱਖ ਅਤੇ ਮੁਕਤੀ ਸੰਭਵ ਹੈ ਜਾਂ ਨਹੀਂ?




ਇਨ੍ਹਾਂ ਸਾਰੇ ਪ੍ਰਸ਼ਨਾਂ ਦੇ ਉੱਤਰ ਜਾਣਨ ਲਈ ਕ੍ਰਿਪਾ ਕਰਕੇ ਪੜ੍ਹੋ ਪੁਸਤਕ ਗਿਆਨ ਗੰਗਾ ਜਾਂ ਡਾਊਨਲੋਡ ਕਰੋ: www.jagatgururampalji.org

IPTV ਦੁਆਰਾ ਸਤਸੰਗ ਦੇਖੋ

Sadhna : 11:00 Am - 12:00 PM
Ishwar : 10:00 Am- 11:00 AM
MH One: 4:30 AM- 5:30 AM

Lok Shahi: 8:25 AM - 9:25 AM
Nepal 1: 8:30 PM -9:30 PM
Subharti : 10:30 AM- 11:30 AM
जन तंत्र: 7:30 PM - 8:30 PM
TV-nri 7:30am- 8:30am,TV-nri 8:30pm- 9:30pm

ਗਿਆਨ ਗੰਗਾ ਪੁਸਤਕ ਦੇ ਆਰਡਰ ਜਾਂ ਸਤਸੰਗ ਦੀ ਜਾਣਕਾਰੀ ਲਈ ਸੰਪਰਕ ਕਰੋ:

satlokashramcanada@gmail.com
satsahibusa@gmail.com

647-739-4641
346-714-0224

# ਪੰਜਾਬ ਦੀ ਨਵੀਂ ਸਰਕਾਰ: ਪਿੰਡ ਹਾਲੇ ਬੱਝਾ ਨਹੀਂ, ਉਚੱਕੇ ਪਹਿਲਾਂ ਹੀ ਤਿਆਰ ਖੜ੍ਹੇ ਨੇ


ਜਤਿੰਦਰ ਪੰਨੂ

ਵੀਹ ਫਰਵਰੀ ਦੇ ਦਿਨ ਜਦੋਂ ਪੰਜਾਬ ਵਿਧਾਨ ਸਭਾ ਲਈ ਵੋਟਾਂ ਪੈਣ ਦਾ ਕੰਮ ਸਿਰੇ ਚੜ੍ਹ ਚੁੱਕਾ ਸੀ, ਅਗਲੇ ਦਿਨ ਸਾਨੂੰ ਅਚਾਨਕ ਇੱਕ ਸੱਜਣ ਦਾ ਫੋਨ ਆ ਗਿਆ, ਜਿਹੜਾ ਪੰਜਾਬ ਦੀਆਂ ਸਾਰੀਆਂ ਸਰਕਾਰਾਂ ਦੇ ਵਕਤ ਰਾਜ ਦਰਬਾਰ ਦੇ ਗਲਿਆਰਿਆਂ ਵਿੱਚ ਜਾਣਿਆ-ਪਛਾਣਿਆ ਨਾਂਅ ਬਣਿਆ ਰਹਿੰਦਾ ਹੈ। ਮੈਂ ਉਸ ਨੂੰ ਕੋਈ ਤੀਹ ਤੋਂ ਵੱਧ ਸਾਲਾਂ ਤੋਂ ਜਾਣਦਾ ਸਾਂ ਅਤੇ ਹਾਸੇ-ਠੱਠੇ ਵਿੱਚ ਗੰਭੀਰ ਕਿਸਮ ਦੇ ਇਸ਼ਾਰੇ ਕਰਨ ਦਾ ਉਹ ਮਾਹਰ ਕਿਹਾ ਜਾਂਦਾ ਹੈ। ਬਹੁਤ ਸਾਰੇ ਹੋਰਨਾਂ ਲੋਕਾਂ ਵਾਂਗ ਸਾਡੀ ਦੋਵਾਂ ਦੀ ਗੱਲਬਾਤ ਵੀ ਏਥੋਂ ਹੀ ਸ਼ੁਰੂ ਹੋਈ ਕਿ ਕਿਸ ਪਾਰਟੀ ਦੀਆਂ ਕਿੰਨੀਆਂ ਕੁ ਸੀਟਾਂ ਆਉਣ ਦੇ ਹਾਲਾਤ ਹਨ ਅਤੇ ਸਰਕਾਰ ਕਿਸ ਦੀ ਬਣੇਗੀ। ਅਚਾਨਕ ਅਸੀਂ ਸਾਬਕਾ ਮੁੱਖ ਮੰਤਰੀ ਅਮਰਿੰਦਰ ਸਿੰਘ ਦੀ ਪੰਜਾਬ ਲੋਕ ਕਾਂਗਰਸ ਦੀ ਹਾਲਤ ਬਾਰੇ ਪੁੱਛ ਲਿਆ ਤਾਂ ਜਵਾਬ ਵਿੱਚ ਉਸ ਨੇ ਕਿਹਾ ਕਿ ਉਸ ਨਾਲ ਏਨੀ ਮਾੜੀ ਹੋਣ ਵਾਲੀ ਹੈ ਕਿ ਪਟਿਆਲੇ ਦੀ ਉਸ ਦੀ ਆਪਣੀ ਸੀਟ ਜਿੱਤਣੀ ਵੀ ਯਕੀਨੀ ਨਹੀਂ। ਮੈਂ ਉਸ ਦੀ ਗੱਲ ਨਾਲ ਸਹਿਮਤ ਨਹੀਂ ਸੀ ਅਤੇ ਇਸ ਇਸ਼ਾਰੇ ਨੂੰ ਰੱਦ ਕਰਨ ਦਾ ਵੀ ਮੇਰੇ ਕੋਲ ਕੋਈ ਠੋਸ ਕਾਰਨ ਨਹੀਂ ਸੀ, ਇਸ ਲਈ ਉਲਟਾ ਉਸ ਨੂੰ ਅਮਰਿੰਦਰ ਸਿੰਘ ਦੇ ਏਨੇ ਮਾੜੇ ਹਾਲਾਤ ਹੋਣ ਦਾ ਖਾਸ ਕਾਰਨ ਪੁੱਛ ਲਿਆ। ਅਗਲੀ ਸਾਰੀ ਲਿਖਤ ਉਸ ਦੇ ਜਵਾਬ ਉੱਤੇ ਆਧਾਰਤ ਹੈ।

ਉਸ ਮਿੱਤਰ ਨੇ ਪਹਿਲਾਂ ਇਹ ਚੇਤੇ ਕਰਵਾਇਆ ਕਿ ਪਹਿਲੀ ਵਾਰ ਮੁੱਖ ਮੰਤਰੀ ਬਣੇ ਅਮਰਿੰਦਰ ਸਿੰਘ ਦੀ ਕਿੰਨੀ ਚੜ੍ਹਤ ਸੀ ਅਤੇ ਉਸ ਦੀ ਈਮਾਨਦਾਰੀ ਦੀ ਧੁੰਮ ਸੀ, ਪਰ ਰਵੀ ਸਿੱਧੂ ਵਾਲੇ ਜਿਸ ਕੇਸ ਨਾਲ ਉਸ ਦੀ ਚੜ੍ਹਤ ਬਣੀ, ਉਹੋ ਕੇਸ ਫਿਰ ਉਸ ਸਰਕਾਰ ਦੇ ਜੜ੍ਹੀਂ ਬਹਿਣ ਵਾਲਾ ਸਾਬਤ ਹੋਇਆ ਸੀ। ਜਦੋਂ ਭ੍ਰਿਸ਼ਟਾਚਾਰ ਦੀ ਹਨੇਰੀ ਝੁਲਾ ਚੁੱਕੇ ਰਵੀ ਸਿੱਧੂ ਦੇ ਬੈਂਕ ਲਾਕਰ ਖੋਲ੍ਹੇ ਤਾਂ ਉਨ੍ਹਾਂ ਲਾਕਰਾਂ ਵਿੱਚੋਂ ਮਿਲੇ ਨੋਟ ਦਰੀ ਉੱਤੇ ਵਿਛਾਉਣ ਨਾਲ ਬੈਂਕ ਦਾ ਫਰਸ਼ ਢੱਕਿਆ ਗਿਆ ਸੀ। ਫਿਰ ਉਸ ਦੌਲਤ ਨੂੰ ਜਿਹੜੇ ਚਾਟੜਿਆਂ ਨੇ ਕੁੰਡੀ ਲਾਈ ਸੀ, ਬਦਨਾਮੀ ਦਾ ਮੁੱਢ ਉਨ੍ਹਾਂ ਨੇ ਬੰਨ੍ਹਿਆ ਸੀ। ਉਸ ਦੇ ਬਾਅਦ ਇੱਕ ਦਿਨ ਖਬਰ ਆਈ ਕਿ ਮੁੱਖ ਮੰਤਰੀ ਅਮਰਿੰਦਰ ਸਿੰਘ ਨੇ ਇੱਕ ਮੰਤਰੀ ਨੂੰ ਬਰੇਕ ਫਾਸਟ ਦੇ ਲਈ ਘਰ ਸੱਦਿਆ ਅਤੇ ਪ੍ਰੇਮ ਨਾਲ ਖਾਣਾ ਖੁਆਉਣ ਦੇ ਬਾਅਦ ਕਹਿ ਦਿੱਤਾ ਸੀ ਕਿ ਫਲਾਣੇ ਬੰਦੇ ਤੋਂ ਮੇਰੇ ਨਾਂਅ ਉੱਤੇ ਜਿਹੜੇ ਪੈਸੇ ਤੁਸੀਂ ਲਏ ਹਨ, ਉਹ ਵਾਪਸ ਕਰ ਦਿਓ। ਹੋਰ ਕੁਝ ਕਹੇ ਬਿਨਾਂ ਏਨੀ ਗੱਲ ਨਾਲ ਹਰ ਕਿਸੇ ਨੂੰ ਸੰਦੇਸ਼ ਦੇ ਦਿੱਤਾ ਸੀ ਕਿ ਅਮਰਿੰਦਰ ਸਿੰਘ ਨੂੰ ਬੇਈਮਾਨੀ ਬਰਦਾਸ਼ਤ ਨਹੀਂ ਹੋਵੇਗੀ, ਪਰ ਰਵੀ ਸਿੱਧੂ ਵਾਲੇ ਲਾਕਰਾਂ ਦੇ ਕਿੱਸੇ ਮਗਰੋਂ ਉਹ ਸੰਦੇਸ਼ ਰੁਲ ਕੇ ਰਹਿ ਗਿਆ ਤੇ ਬਦਨਾਮੀ ਕਰਵਾ ਕੇ ਅਗਲੀ ਵਾਰੀ ਚੋਣਾਂ ਵਿੱਚ ਉਹ ਬੁਰੀ ਤਰ੍ਹਾਂ ਹਾਰ ਗਏ ਸਨ।

ਇਸ ਕਹਾਣੀ ਦੇ ਬਾਅਦ ਉਸ ਮਿੱਤਰ ਨੇ ਕਿਹਾ ਕਿ ਦਸ ਸਾਲ ਰਾਜ-ਸੱਤਾ ਤੋਂ ਬਨਵਾਸ ਮਗਰੋਂ ਮਸਾਂ ਪੰਜਾਬ ਦੇ ਲੋਕਾਂ ਦਾ ਭਰੋਸਾ ਮਿਲਿਆ ਅਤੇ ਕੈਪਟਨ ਅਮਰਿੰਦਰ ਸਿੰਘ ਦੂਸਰੀ ਵਾਰੀ ਮੁੱਖ ਮੰਤਰੀ ਬਣਿਆ, ਪਰ ਇਸ ਵਾਰ ਉਸ ਨੇ ਮੁੱਖ ਮੰਤਰੀ ਵਜੋਂ ਕੰਮ ਹੀ ਨਹੀਂ ਕੀਤਾ, ਸਾਰਾ ਕੁਝ ਚਹੇਤਿਆਂ ਨੂੰ ਸੌਂਪ ਦਿੱਤਾ ਤੇ ਉਹ ਚੇਲੇ ਲੈ ਡੁੱਬੇ ਸਨ। ਚਹੇਤੇ ਕੌਣ ਸਨ ਅਤੇ ਉਨ੍ਹਾਂ ਨੇ ਕੈਪਟਨ ਦੀ ਕਿਸ਼ਤੀ ਡੁੱਬਣ ਦਾ ਸਬੱਬ ਕਿੱਦਾਂ ਬਣਾਇਆ, ਰਾਜ-ਦਰਬਾਰ ਵਿੱਚ ਚਲਤੇ-ਪੁਰਜ਼ੇ ਵਜੋਂ ਜਾਣੇ ਜਾਂਦੇ ਉਸ ਸੱਜਣ ਨੇ ਇਹ ਵੀ ਦੱਸ ਦਿੱਤਾ। ਉਸ ਨੇ ਦੱਸਿਆ ਕਿ ਕੈਪਟਨ ਅਮਰਿੰਦਰ ਸਿੰਘ ਖੁਦ ਕਦੇ ਸਰਕਾਰੀ ਫਾਈਲਾਂ ਵੇਖਦਾ ਨਹੀਂ ਸੀ ਅਤੇ ਇਹ ਕੰਮ ਉਸ ਨੇ ਜਿਹੜੇ ਚਹੇਤਿਆਂ ਦੇ ਜ਼ਿੰਮੇ ਲਾ ਰੱਖਿਆ ਸੀ, ਉਨ੍ਹਾਂ ਦੀ ਕਮਾਨ ਉਨ੍ਹਾਂ ਅਫਸਰਾਂ ਦੇ ਹੱਥ ਸੀ, ਜਿਨ੍ਹਾਂ ਨੇ ਸਾਰੀ ਉਮਰ ਈਮਾਨਦਾਰੀ ਦਾ ਢੋਲ ਵਜਾਇਆ ਤੇ ਰਿਟਾਇਰ ਹੋਣ ਦੇ ਨੇੜੇ ਜਾ ਕੇ ਸਾਰੀ ਉਮਰ ਦੀ ਕਸਰ ਕੱਢ ਲਈ ਸੀ। ਉਹ ਅਫਸਰ ਪਿਛਲੀ ਬਾਦਲ ਸਰਕਾਰ ਦੇ ਵਕਤ ਅਕਾਲੀ ਦਲ ਦੇ ਪ੍ਰਧਾਨ ਦੇ ਸਭ ਤੋਂ ਵੱਧ ਭਰੋਸੇਮੰਦ ਗਿਣੇ ਜਾਂਦੇ ਰਹੇ ਸਨ ਤੇ ਬਿਜਲੀ ਕੰਪਨੀਆਂ ਨਾਲ ਸਮਝੌਤੇ ਕਰਾਉਣ ਦੇ ਕੰਮ ਵਿੱਚ ਚੋਖੀ ਮੋਟੀ ਦਲਾਲੀ ਲੈਣ ਦੀ ਚਰਚਾ ਵੀ ਉਨ੍ਹਾ ਦੀ ਹੁੰਦੀ ਰਹੀ ਸੀ, ਪਰ ਕੈਪਟਨ ਅਮਰਿੰਦਰ ਸਿੰਘ ਦਾ ਰਾਜ ਆਇਆ ਤਾਂ ਅਫਸਰਸ਼ਾਹੀ ਦੀ ਨੱਥ ਮੁੜ ਕੇ ਉਨ੍ਹਾਂ ਅਫਸਰਾਂ ਦੇ ਹੱਥ ਫੜਾ ਦਿੱਤੀ ਗਈ। ਇਸ ਕਾਰਨ ਹੇਠਲੇ ਅਫਸਰ ਆਪਣੇ ਸਿਰ ਉੱਤੇ ਸਵਾਰ ਉਨ੍ਹਾਂ ਸ਼ਾਹੀ ਚਹੇਤਿਆਂ ਦੇ ਖਿਲਾਫ ਹਰ ਗੱਲ ਵਿਰੋਧੀ ਪਾਰਟੀਆਂ ਦੇ ਆਗੂਆਂ ਨੂੰ ਵੀ ਤੇ ਮੀਡੀਏ ਨੂੰ ਵੀ ਉਚੇਚ ਨਾਲ ਪੁਚਾਉਂਦੇ ਰਹਿੰਦੇ ਸਨ, ਪਰ ਅਫਸਰੀ ਧਾੜ ਦੇ ਆਪਸੀ ਪਾਟਕ ਦੇ ਕਾਰਨ ਹਰ ਕੋਈ ਆਪਣਾ ਪੱਲਾ ਬਚਾਉਣ ਲਈ ਜ਼ੋਰ ਲਾਉਂਦਾ ਸੀ, ਕੈਪਟਨ ਅਮਰਿੰਦਰ ਸਿੰਘ ਦੇ ਅਕਸ ਦੀ ਚਿੰਤਾ ਕਿਸੇ ਨੂੰ ਬਿਲਕੁਲ ਨਹੀਂ ਸੀ। ਇਸ ਦੀ ਥਾਂ ਸਗੋਂ ਉਨ੍ਹਾਂ ਵਿੱਚੋਂ ਹਰ ਕੋਈ ਕਾਰਿੰਦਾ ਮੁੱਖ ਮੰਤਰੀ ਦੇ ਚਹੇਤਿਆਂ ਦੀ ਟੀਮ ਵਿਚਲੇ ਆਪਣੇ ਨਾਲ ਖਾਰ ਖਾਣ ਵਾਲੇ ਦੂਸਰੇ ਅਫਸਰ ਖਿਲਾਫ ਜਾਣ ਵਾਲੀ ਹਰ ਗੱਲ ਆਪਣੇ ਖਾਸ ਨੇੜਲੇ ਗਿਣੇ ਜਾਂਦੇ ਪੱਤਰਕਾਰਾਂ ਨੂੰ ਖੁਦ ਲੀਕ ਕਰਦਾ ਰਹਿੰਦਾ ਸੀ।

ਤੀਸਰੀ ਗੱਲ ਉਸ ਨੇ ਹੋਰ ਵੀ ਹੈਰਾਨੀ ਵਾਲੀ ਦੱਸੀ ਕਿ ਕੈਪਟਨ ਅਮਰਿੰਦਰ ਸਿੰਘ ਦੇ ਬਹੁਤ ਨੇੜੇ ਗਿਣੇ ਜਾ ਰਹੇ ਮੰਤਰੀ ਵੀ ਕਾਂਗਰਸ ਛੱਡ ਕੇ ਉਸ ਨਾਲ ਇਸ ਲਈ ਨਹੀਂ ਗਏ ਕਿ ਅਫਸਰਾਂ ਦੀ ਬੇਹੂਦਗੀ ਦਾ ਸੇਕ ਉਨ੍ਹਾਂ ਨੂੰ ਵੀ ਲੱਗਾ ਸੀ। ਕੈਪਟਨ ਅਮਰਿੰਦਰ ਸਿੰਘ ਦੀ ਸਰਕਾਰ ਦੇ ਇੱਕ ਸਿਰਕੱਢ ਮੰਤਰੀ ਦਾ ਨਾਂਅ ਲੈ ਕੇ ਉਸ ਨੇ ਕਿਹਾ ਕਿ ਉਸ ਮੰਤਰੀ ਦੀ ਬੇਇੱਜ਼ਤੀ ਉਸ ਦੇ ਕੁੜਮਾਚਾਰੀ ਦੇ ਰਿਸ਼ਤੇਦਾਰਾਂ ਦੇ ਸਾਹ-ਮਣੇ ਕੈਪਟਨ ਦੇ ਚਹੇਤੇ ਇੱਕ ਅਫਸਰ ਨੇ ਇੰਜ ਕੀਤੀ ਸੀ ਕਿ ਉਹ ਓਸੇ ਰਾਤ ਮੁੱਖ ਮੰਤਰੀ ਨੂੰ ਅਸਤੀਫਾ ਦੇਣ ਚੱਲਿਆ ਸੀ। ਕੈਪਟਨ ਅਮਰਿੰਦਰ ਸਿੰਘ ਨੂੰ ਪਤਾ ਲੱਗਾ ਤਾਂ ਉਸ ਨੇ ਆਪ ਫੋਨ ਕੀਤਾ ਅਤੇ ਮੰਤਰੀ ਨੂੰ ਅਸਤੀਫਾ ਨਾ ਦੇਣ ਲਈ ਮਨਾਇਆ ਸੀ, ਪਰ ਉਸ ਦੇ ਮਨ ਵਿਚਲੀ ਉਹ ਕੌੜ ਫਿਰ ਜੜ੍ਹਾਂ ਜਮਾਈ ਬੈਠੀ ਰਹੀ ਅਤੇ ਜਦੋਂ ਕੈਪਟਨ ਅਮਰਿੰਦਰ ਸਿੰਘ ਨੇ ਕਾਂਗਰਸ ਛੱਡੀ ਤਾਂ ਉਸ ਦੇ ਵਾਰ-ਵਾਰ ਕੀਤੇ ਫੋਨ ਦੇ ਬਾਵਜੂਦ ਉਸ ਨਾਲ ਜਾਣਾ ਨਹੀਂ ਸੀ ਮੰਨਿਆ, ਹਾਲਾਂਕਿ ਦੋਵਾਂ ਦੇ ਸੰਬੰਧ ਬਹੁਤ ਨਿੱਘੇ ਰਹਿ ਚੁੱਕੇ ਸਨ। ਜਿਹੜੇ ਬੰਦਿਆਂ ਉੱਤੇ ਕੈਪਟਨ ਅਮਰਿੰਦਰ ਸਿੰਘ ਦਾ ਬਹੁਤਾ ਭਰੋਸਾ ਸੀ, ਉਹ ਵੀ ਉਸ ਦੇ ਨਾਲ ਨਹੀਂ ਰਹਿ ਗਏ, ਪਰ ਉਨ੍ਹਾਂ ਦੇ ਕੈਪਟਨ ਦਾ ਸਾਥ ਛੱਡਣ ਦਾ ਕਾਰਨ ਇਹ ਸੀ ਕਿ ਗਿਰਝਾਂ ਵਾਂਗ ਤਾਜ਼ਾ ਮਾਸ ਚੂੰਡ ਕੇ ਖਾਣ ਤੇ ਪਰੋਸਣ ਦੇ ਸ਼ੌਕੀਨ ਉਨ੍ਹਾਂ ਲੋਕਾਂ ਨੂੰ ਪਤਾ ਸੀ ਕਿ ਗੱਦੀਓਂ ਲੱਥੇ ਲੀਡਰ ਦੇ ਨਾਲ ਰਹਿਣ ਦਾ ਯੁੱਗ ਨਹੀਂ ਰਹਿ ਗਿਆ। ਉਨ੍ਹਾਂ ਨੂੰ ਖਤਰਾ ਸੀ ਕਿ ਨਵੀਂ ਸਰਕਾਰ ਜੇ ਕਿਤੇ ਏਦਾਂ ਦੀ ਆ ਗਈ, ਜਿਹੜੀ ਪੁਰਾਣੇ ਕਿੱਸੇ ਫੋਲਣ ਲੱਗ ਸਕਦੀ ਹੋਈ ਤਾਂ ਕੈਪਟਨ ਅਮਰਿੰਦਰ ਸਿੰਘ ਉਨ੍ਹਾਂ ਦਾ ਬਚਾਅ ਕਰਨ ਦੀ ਸਥਿਤੀ ਵਿੱਚ ਨਹੀਂ, ਇਸ ਕਰ ਕੇ ਉਹ ਸਿੱਧੇ ਦਿੱਲੀ ਵਾਲੇ ਉਨ੍ਹਾਂ ਆਗੂਆਂ ਕੋਲ ਪਹੁੰਚਣ ਲੱਗੇ ਹਨ, ਜਿਨ੍ਹਾਂ ਨਾਲ ਸਿਆਸਤ ਦੀ ਸਾਂਝ ਦੇ ਭਰਮ ਹੇਠ ਅਮਰਿੰਦਰ ਸਿੰਘ ਖੁਦ ਆਪਣੇ ਬਹਾਲੀ ਦੇ ਯਤਨ ਕਰਦਾ ਪਿਆ ਹੈ।

ਹੈਰਾਨੀ ਦੀ ਗੱਲ ਹੈ ਕਿ ਜਿਹੜੇ ਚਾਟੜੇ ਲੰਮਾ ਸਮਾਂ ਕੈਪਟਨ ਅਮਰਿੰਦਰ ਸਿੰਘ ਨਾਲ ਲੱਗੇ ਰਹੇ ਸਨ ਅਤੇ ਉਨ੍ਹਾਂ ਵਿੱਚੋਂ ਕੁਝ ਪਿਛਲੀ ਬਾਦਲ ਸਰਕਾਰ ਦੇ ਦੋ-ਤਿੰਨ ਸਰਕਰਦਾ ਸਿਰਾਂ ਨਾਲ ਵੀ ਨੇੜ ਦਾ ਨਿੱਘ ਮਾਣਦੇ ਰਹੇ ਸਨ, ਹਾਲਾਤ ਦਾ ਪਲਟਾ ਵੱਜਦੇ ਸਾਰ ਉਹ ਦਿੱਲੀ ਵਾਲੀ ਸੜਕੇ ਪੈ ਗਏ। ਓਧਰ ਦਿੱਲੀ ਤੋਂ ਆਉਂਦੀਆਂ ਕਨਸੋਆਂ ਇਹ ਦੱਸਦੀਆਂ ਹਨ ਕਿ ਏਦਾਂ ਦੇ ਸੱਜਣਾਂ ਦੀ ਓਥੇ ਵਿਖਾਵੇ ਜੋਗੀ ਬਹਿਜਾ-ਬਹਿਜਾ ਤਾਂ ਹੁੰਦੀ ਹੈ, ਪਰ ਇਨ੍ਹਾਂ ਉੱਤੇ ਖਾਸ ਇਤਬਾਰ ਨਹੀਂ ਕੀਤਾ ਜਾ ਰਿਹਾ, ਕਿਉਂਕਿ ਓਥੋਂ ਵਾਲਿਆਂ ਨੂੰ ਪਤਾ ਹੈ ਕਿ ਇਹ ਲੋਕ ਜਿਸ ਥਾਲੀ ਵਿੱਚ ਖਾਣ, ਮੌਕਾ ਮਿਲਦੇ ਹੀ ਉਸ ਵਿੱਚ ਵੀ ਛੇਕ ਕਰਿਆ ਕਰਦੇ ਹਨ। ਰੂਸ ਦੇ ਚਿੰਤਕ ਤੇ ਇਨਕਲਾਬੀ ਆਗੂ ਲੈਨਿਨ ਨੇ ਇੱਕ ਵਾਰੀ ਲਿਖਿਆ ਸੀ ਕਿ ਮੱਧ ਵਰਗ ਦੇ ਲੋਕ ਮੌਕੇ ਦੀ ਤਾੜ ਵਿੱਚ ਰਹਿੰਦੇ ਹਨ, ਜੇ ਤੁਸੀਂ ਜਿੱਤਦੇ ਜਾਪਦੇ ਹੋਵੋ ਤਾਂ ਤੁਹਾਡੇ ਹੱਥੋਂ ਕਿਰਪਾਨ ਖੋਹ ਕੇ ਤੁਹਾਡੇ ਤੋਂ ਪਹਿਲਾਂ ਤੁਹਾਡੇ ਦੁਸ਼ਮਣ ਦਾ ਸਿਰ ਲਾਹ ਦੇਣਗੇ, ਪਰ ਜੇ ਤੁਸੀਂ ਹਾਰਦੇ ਨਜ਼ਰ ਆਏ ਤਾਂ ਦੁਸ਼ਮਣ ਦੀ ਕਿਰਪਾਨ ਚੁੱਕ ਕੇ ਤੁਹਾਨੂੰ ਵੀ ਟੁੱਕ ਸਕਦੇ ਹਨ। ਅੱਜਕੱਲ੍ਹ ਪੰਜਾਬ ਦੀ ਰਾਜਨੀਤੀ ਵਿੱਚ ਵੀ ਏਦਾਂ ਦਾ 'ਮੱਧ-ਵਰਗ' ਕਿਸੇ ਵੀ ਹੋਰ ਧਿਰ ਤੋਂ ਵੱਧ ਤਕੜੀ ਧਾੜ ਦੇ ਰੂਪ ਵਿੱਚ ਆਪਣੀ ਨਿਵੇਕਲੀ ਥਾਂ ਬਣਾ ਚੁੱਕਾ ਹੈ, ਜਿਹੜਾ ਕਿਸੇ ਵੀ ਹਾਕਮ ਦੀ ਖਿਦਮਤ ਦੇ ਲਈ ਕਿਸੇ ਵੀ ਹੱਦ ਤੱਕ, ਰਾਤਾਂ ਦੀਆਂ ਮਹਿਫਲਾਂ ਦੇ ਰੰਗ ਭਰਨ ਤੱਕ ਵੀ, ਜਾ ਸਕਦਾ ਹੈ ਅਤੇ ਹਾਲਾਤ ਦਾ ਪਲਟਾ ਵੱਜ ਜਾਵੇ ਤਾਂ ਕੱਲ੍ਹ ਦੇ ਹਾਕਮਾਂ ਨੂੰ ਜੇਲ੍ਹ ਦੀਆਂ ਸੀਖਾਂ ਤੱਕ ਪੁਚਾਉਣ ਲਈ ਵੀ ਤਿਆਰ ਹੋ ਸਕਦਾ ਹੈ।

ਅਸੀਂ ਨਹੀਂ ਜਾਣਦੇ ਕਿ ਦਸ ਮਾਰਚ ਨੂੰ ਆਏ ਚੋਣਾਂ ਦੇ ਨਤੀਜਿਆਂ ਪਿੱਛੋਂ ਪੰਜਾਬ ਦੀ ਵਾਗ ਕਿਸ ਪਾਰਟੀ ਦੇ ਕਿਸ ਲੀਡਰ ਨੇ ਸੰਭਾਲਣੀ ਹੈ, ਪਰ ਇਹ ਕਹਿਣਾ ਚਾਹਾਂਗੇ ਕਿ ਸੱਤਾ ਦਾ ਨਸ਼ਾ ਸਿਰ ਚੜ੍ਹ ਜਾਵੇ ਤਾਂ ਹਾਕਮਾਂ ਦੀ ਮੱਤ ਮਾਰਨ ਦੇ ਲਈ ਏਦਾਂ ਦਾ 'ਸਿਆਸੀ ਮੱਧ-ਵਰਗ' ਉਨ੍ਹਾਂ ਦਾ ਘੇਰਾ ਘੱਤਣ ਨੂੰ ਤਿਆਰ ਖੜਾ ਹੁੰਦਾ ਹੈ। ਹਾਕਮ ਕੋਈ ਵੀ ਬਣ ਜਾਵੇ, ਪੰਜਾਬ ਦੇ ਲੋਕਾਂ ਦਾ ਭਲਾ ਇਸ ਗੱਲ ਵਿੱਚ ਹੈ ਕਿ ਨਵੇਂ ਹਾਕਮ ਪਿਛਲਿਆਂ ਦੀ ਕੰਮਾਂ ਦੀ ਥਾਂ ਉਨ੍ਹਾਂ ਦੀਆਂ ਗਲਤੀਆਂ ਤੋਂ ਸਿੱਖਣ ਦਾ ਯਤਨ ਕਰਨ, ਜਿਹੜੀਆਂ ਉਨ੍ਹਾਂ ਦੇ ਜੜ੍ਹੀ ਬੈਠੀਆਂ ਸਨ। ਪੰਜਾਬੀ ਦਾ ਮੁਹਾਵਰਾ ਹੈ ਕਿ 'ਪਿੰਡ ਹਾਲੇ ਬੱਝਾ ਨਹੀਂ ਤੇ ਉਚੱਕੇ ਤਿਆਰ ਖੜੇ ਨੇ'। ਇਹ ਕਹਾਵਤ ਠੋਸ ਸੱਚਾਈ ਦੀ ਪ੍ਰਤੀਕ ਹੈ। ਪੰਜਾਬ ਦੀ ਨਵੀਂ ਸਰਕਾਰ ਦਾ ਪਿੰਡ ਜਾਂ ਚੱਕਾ ਬੱਝਣ ਤੋਂ ਪਹਿਲਾਂ ਉਚੱਕੇ ਤਿਆਰ ਖੜੇ ਨੇ। ਹਾਲਾਤ ਦੀ ਮੰਗ ਹੈ ਕਿ ਨਵੇਂ ਹਾਕਮ ਪਹਿਲਿਆਂ ਤੋਂ ਵੱਖਰੇ ਨਿਕਲਣ। ਉਨ੍ਹਾਂ ਨੇ ਵੱਖਰੇ ਨਿਕਲਣਾ ਹੈ ਜਾਂ ਨਹੀਂ, ਨਵਿਆਂ ਦੀ ਮਰਜ਼ੀ ਵੀ ਹੋਵੇਗੀ ਤੇ ਉਨ੍ਹਾਂ ਦਾ ਨਸੀਬਾ ਵੀ।

# ਨੌਜਵਾਨੀ ਨੂੰ ਨਸ਼ੇ ਤੋ ਂਬਚਾਉਣਾ ਸਮੇ ਦੀ ਲੋੜ



ਨਸ਼ਾ ਇਕ ਅਜਿਹੀ ਭੈੜੀ ਅਲਾਮਤ ਹੈ ਜੋ ਸਰੀਰ ਨੂੰ ਖੋਖਲਾ (ਖਤਮ) ਕਰ ਦਿੰਦੀ ਹੈ । ਅੱਜ ਸਾਡੇ ਦੇਸ਼ ਵਿਚ ਨਸ਼ਾ ਇਨ੍ਹਾਂ ਜਿਆਦਾ ਵੱਧ ਚੁੱਕਾ ਹੈ ਕਿ ਹਰੇਕ ਪਿੰਡ ਵਿੱਚ ਲੱਗਪੱਗ ਹਰ ਘਰ ਜਾਂ ਗੁਆਢ ਵਿੱਚ ਇਕ ਜਾਂ ਇਕ ਤੋ ਜਿਆਦਾ ਵਿਅਕਤੀ ਨਸੇ ਦੀ ਦਲਦਲ ਵਿਚ ਧਸ ਚੁੱਕੇ ਹਨ । ਨਸਾ ਇਕ ਅਜਿਹੀ ਬਿਮਾਰੀ ਹੈ ਜਿਸ ਵਿਅਕਤੀ ਨੂੰ ਲੱਗ ਜਾਂਦਾ ਹੈ ਉਸ ਦੁਆਰਾ ਛੱਡਣਾ ਇਹ ਬਹੁਤ ਮੁਸਕਿਲ ਹੋ ਜਾਂਦਾ ਹੈ । ਜੋ ਲੋਕ ਨਸਾ ਕਰਦੇ ਹਨ ਉਹ ਇਕ ਸਮੇ ਂਰੋਟੀ ਜਾਂ ਪਾਣੀ ਤੋ ਬਿਨਾਂ ਸਾਰ ਸਕਦੇ ਹਨ ਪਰ ਨਸੇ ਤੋ ਬਿਨਾਂ ਸਾਰਨਾ ਉਨ੍ਹਾਂ ਲਈ ਬਹੁਤ ਮੁਸਕਿਲ ਹੋ ਜਾਂਦਾ ਹੈ । ਫਿਰ ਵੀ ਕਿਉ ਲੱਗਦੇ ਹਨ ਲੋਕ ਇਸ ਭੈੜੀ ਅਲਾਮਤ ਨਸ਼ੇ ਤੇ ? ਕੀ ਹੈ ਇਸ ਵਿਚ ਜੋ ਨੌਜਵਾਨਾਂ, ਬਜੁਰਗਾਂ ਅਤੇ ਖਾਸ ਕਰ ਸਕੂਲੀ ਬੱਚਿਆਂ ਨੂੰ ਵੀ ਹੁਣ ਆਪਣੇ ਵੱਲ ਚੁਬੰਕ ਦੀ ਤਰ੍ਹਾਂ ਖਿਚ ਰਿਹਾ ਹੈ ਇਹ ਨਸਾਂ । ਕੁਝ ਸਮਾਂ ਪਿੱਛੇ ਵੱਲ ਦੇਖੀਏ ਤਾਂ ਬਹੁਤ ਘੱਟ ਲੋਕ ਨਸ਼ਾ ਕਰਦੇ ਸਨ ਪਰ ਜੋ ਵਿਅਕਤੀ ਨਸ਼ਾ ਕਰਦਾ ਸੀ ਉਹ ਨਸ਼ਾ ਕਰਨ ਸਮੇ ਬਹਾਰ ਦੇ ਲੋਕਾਂ ਤੋ ਂਇਲਾਵਾ ਆਪਣੇ ਘਰ ਵੀ ਬੜੇ ਪਰਦੇ ਨਾਲ ਨਸ਼ਾ ਕਰਦਾ ਸੀ ਕਿ ਕੋਈ ਮੈਨੂੰ ਅਜਿਹਾ ਨਾ ਆਖੇ ਕਿ ਨਸ਼ਾ ਕਰ ਰਿਹਾ ਹੈ । ਨਸ਼ਾ ਕਰਨ ਵਾਲੇ ਵਿਅਕਤੀ ਦਾ ਗੁਆਢੀਆਂ ਤੱਕ ਪਤਾ ਨਹੀ ਂਹੁੰਦਾ ਸੀ । ਪਰ ਅੱਜ ਕੱਲ ਦੇਖੋ ਹਰ ਨੌਜਵਾਨ ਨਸ਼ਾ ਕਰਨ ਤੋ ਬਿਨਾਂ ਆਪਣੀ ਟੌਹਰ ਨਹੀ ਂਸਮਝਦਾ । ਹਰ ਕੋਈ ਸੋਚਦਾ ਹੈ ਕਿ ਸਾਡੇ ਸਕੂਲ ਜਾਂ ਕਾਲਜ ਹੀ ਨੌਜਵਾਨ ਪੀੜੀ ਨੂੰ ਹੀ ਨਸ਼ਿਆ ਤੋ ਂਬਚਣ ਲਈ ਪ੍ਰੇਰਨਾ ਦਾਇਕ ਸਹਾਈ ਸਿੱਧ ਹੋ ਸਕਦੇ ਹਨ ਪਰ ਜੇਕਰ ਇਨ੍ਹਾਂ ਯੂਨੀਵਰਸਿਟੀ ਜਾਂ ਕਾਲਜਾਂ ਦਾ ਨਿਰੀਖਣ ਕੀਤਾ ਜਾਵੇ ਤਾਂ ਇਥੇ ਪੜ ਰਹੇ ਨੌਜਵਾਨ ਮੁੰਡੇ-ਕੁੜੀਆਂ ਹੀ ਬਹੁਤ ਜਿਆਦਾ ਨਸ਼ੇ ਦੀ ਲਪੇਟ ਵਿਚ ਆ ਚੁੱਕੇ ਹਨ । ਇਸ ਸਭ ਦਾ ਅੰਦਾਜ਼ਾ ਇਨ੍ਹਾਂ ਸਕੂਲਾਂ ਜਾਂ ਕਾਲਜਾਂ ਜਾਂ ਯੂਨੀਵਰਸਿਟੀ ਦੇ ਬਾਥਰੂਮਾਂ ਜਾਂ ਕਮਰਿਆਂ ਦੇ ਪਿਛੋ ਅਤੇ ਉਪਰ ਦੇਖ ਕੇ

ਇਕਬਾਲ ਸਿੰਘ ਬਰਾੜ



ਲਗਾਇਆ ਜਾ ਸਕਦਾ ਹੈ ਕਿਉਕਿ ਇਥੇ ਅਨੇਕਾਂ ਪ੍ਰਕਾਰ ਦੇ ਨਸ਼ੇ ਦੀਆਂ ਸ਼ੀਸ਼ੀਆਂ, ਬੋਤਲਾਂ ਜਾਂ ਗੋਲੀਆਂ ਦੇ ਕਵਰ ਦੇਖਣ ਤੋ ਂਇਲਾਵਾ ਕਾਲਜਾਂ ਵਿਚ ਬਣੇ ਮੁੰਡੇ ਅਤੇ ਕੁੜੀਆਂ ਦੇ ਹੋਸਟਲਾਂ ਵਿਚੋ ਮਹਿੰਗੀ ਤੋ ਂਮਹਿੰਗੀ ਸਰਾਬ ਦੀਆਂ ਬੋਤਲਾਂ ਅਤੇ ਹੋਰ ਪ੍ਰਕਾਰ ਦੇ ਨਸ਼ਿਆਂ ਨੂੰ ਦੇਖ ਕੇ ਇੰਜ ਲੱਗਦਾ ਹੈ ਕਿ ਸਾਡੇ ਦੇਸ ਦਾ ਕੋਈ ਵੀ ਨੌਜਵਾਨ ਨਸ਼ਾ ਮੁਕਤ ਨਹੀ ਹੋਵੇਗਾ । ਇਸ ਤੋ ਂਬਿਨਾਂ ਜੇਕਰ ਹਸਪਤਾਲਾਂ ਵਿੱਚ ਦੇਖੋ ਤਾਂ ਉਥੇ ਵੀ ਜਿਆਦਾਤਰ ਲੋਕ ਸਰੀਰਾਂ ਨੂੰ ਖੋਖਲਾ ਕਰ ਚੁੱਕੇ ਨਸ਼ੇ ਕਾਰਨ ਹੀ ਬਿਮਾਰ ਪਏ ਹੁੰਦੇ ਹਨ । ਭਾਵੇ ਸਰਕਾਰ ਹਰ ਰੋਜ ਇਕ ਪਾਸੇ ਨਸ਼ਾ ਰੋਕਣ ਦੇ ਨਾਅਰੇ ਲਗਾ ਰਹੀ ਹੈ ਅਤੇ ਦੂਸਰੇ ਪਾਸੇ ਇਹੀ ਸਰਕਾਰ ਹਰੇਕ ਸਾਲ 31 ਮਾਰਚ ਨੂੰ ਸਰਾਬ ਦੇ ਠੇਕਿਆਂ ਦੀ ਖੁੱਲੇ ਮੈਦਾਨ ਵਿਚ ਬੋਲੀ ਕਰਦੀ ਹੈ ਤਾਂ ਜੋ ਕੋਈ ਵੀ ਵਿਅਕਤੀ ਇਨ੍ਹਾਂ ਸਰਾਬ ਦੇ ਠੇਕਿਆਂ ਨੂੰ ਅਸਾਨੀ ਨਾਲ ਇਕ ਸਾਲ ਵਾਸਤੇ ਠੇਕੇ ਤੇ ਲੈ ਸਕੇ ਅਤੇ ਫਿਰ ਵੱਧ ਤੋ ਂਵੱਧ ਸਰਾਬ ਵੇਚਣ ਲਈ ਉਸ ਨੂੰ ਪੂਰਾ ਅਧਿਕਾਰ ਦੇ ਦਿੱਤਾ ਜਾਂਦਾ ਹੈ । ਠੇਕੇਦਾਰ ਇਕ ਮੇਨ ਠੇਕੇ ਤੋ ਂਬਿਨਾਂ ਪਿੰਡ ਵਿਚ ਅਨੇਕਾਂ ਬਰਾਂਚਾਂ ਖੋਲ ਦਿੰਦੇ ਹਨ ਤਾਂ ਜੋ ਲੋਕਾਂ ਵਿਚ ਵੱਧ ਤੋ ਵੱਧ ਸਰਾਬ ਦੀ ਸਪਲਾਈ ਹੋ ਸਕੇ । ਜੇਕਰ ਇਨ੍ਹਾਂ ਬਰਾਚਾਂ ਦਾ ਕੋਈ ਵਿਅਕਤੀ ਵਿਰੋਧ ਕਰਦਾ ਹੈ ਤਾਂ ਸਰਕ-ਾਰੇ-ਦੁਆਰੇ ਆਮ ਆਦਮੀ ਦੀ ਨਹੀ ਂਸਗੋ ਠੇਕੇਦਾਰ ਦੀ ਸੁਣਵਾਈ ਹੁੰਦੀ ਹੈ । ਕੋਈ ਸਮਾਂ ਸੀ ਜਦੋ ਇਕੱਲੇ ਪੁਰਸ਼ ਹੀ ਨਸ਼ੇ ਦਾ ਸੇਵਨ ਕਰਦੇ ਸਨ ਅਤੇ ਔਰਤਾਂ ਇਨ੍ਹਾਂ ਨੂੰ ਨਸ਼ਾ ਕਰਨ ਤੋ ਰੋਕਣ ਵਿਚ ਕਾਫੀ ਹੱਦ ਤੱਕ ਸਹਾਈ ਹੁੰਦੀਆਂ ਸਨ । ਪਰ ਹੁਣ ਤਾਂ ਸਾਡੇ ਦੇਸ ਦਾ ਨਸ਼ੇ ਨੇ ਇੰਨ੍ਹਾਂ ਜਿਆਦਾ ਬੇੜਾ ਗਰਕ ਕਰ ਦਿੱਤਾ ਹੈ ਕਿ ਪੁਰਸ਼ਾ ਦੇ ਮੁਕਾਬਲੇ ਔਰਤਾਂ ਵਿਚ ਵੀ ਨਸ਼ਾ ਕਰਨ ਦੀ ਪ੍ਰਮਪਰਾ ਵੱਧ ਰਹੀ ਹੈ । ਪਰ ਜੇਕਰ ਨੌਜਵਾਨੀ ਦੀ ਗੱਲ ਕਰੀਏ ਤਾਂ ਕਾਲਜਾਂ ਜਾਂ ਯੂਨੀਵਰਸਿਟੀਆਂ ਵਿਚ ਬਣੇ ਹੋਸਟਲਾਂ ਵਿਚ ਰਹਿਣ ਵਾਲੀਆਂ ਬਹੁਤ ਜਿਆਦਾ ਲੜਕੀਆਂ ਵੀ ਨਸ਼ੇ ਦੀ ਗ੍ਰਿਫਤ ਵਿਚ ਆ ਚੁੱਕੀਆਂ ਹਨ । ਇਥੇ ਸੋਚਣ ਵਾਲੀ ਗੱਲ ਹੈ ਕਿ ਜੇਕਰ ਇਸ ਤਰ੍ਹਾਂ ਸਕੂਲੀ ਵਿਦਿਅਰਥੀ, ਬਜੁਰਗ, ਨੌਜਵਾਨ ਅਤੇ ਖਾਸ ਕਰ ਔਰਤ ਸਾਰੇ ਹੀ ਨਸੇ ਦੇ ਸਿਕਾਰ ਹੋ ਰਹੇ ਹਨ ਤਾਂ ਇਕ ਦਿਨ ਸਾਡਾ ਦੇਸ ਤਬਾਹ ਹੋ ਜਾਵੇਗਾ , ਗਰਕ ਹੋ ਜਾਵੇ , ਅਤੇ ਸਾਨੂੰ ਨਸੇ ਕਰਨ ਵਾਲਿਆਂ ਨੂੰ ਰੋਕਣ ਵਾਲਾ ਕੋਣ ਹੋਵੇਗਾ । ਅੰਤ ਵਿਚ ਮੈ ਇਹੀ ਕਹਿਣਾ ਚਾਹਾਗਾਂ ਕਿ ਮੇਰੇ ਦੇਸ ਵਾਸੀਓ ਨਸ਼ਾ ਇਕ ਅਜਿਹੀ ਨਾਮਰਾਦ ਬਿਮਾਰੀ ਹੈ ਜੋ ਸਾਨੂੰ ਲੱਖਾਂ ਜੂਨਾਂ ਤੋ ਂਬਾਅਦ ਮਿਲੇ ਹੋਏ ਮਨੁੱਖੀ ਜੀਵਨ ਨੂੰ ਸਦਾ-ਸਦਾ ਲਈ ਖਤਮ ਕਰਦਾ ਹੈ । ਮਨੁੱਖੀ ਜੀਵਨ ਇਕ ਅਜਿਹੀ ਅਮੁੱਲੀ ਦਾਤ ਹੈ ਇਸ ਨੂੰ ਅਜਾਈ ਨਾ ਜਾਣ ਦਿਉ । ਮੈ ਸਾਡੀਆਂ ਸਰਕਾਰਾ , ਆਮ ਲੋਕਾਂ ਅਤੇ ਸਾਰੇ ਮਹਿਕਮੇ ਦੇ ਅਫਸ਼ਰ ਸਾਹਿਬਾਨਾਂ ਨੂੰ ਅਪੀਲ ਕਰਦਾ ਹਾਂ ਕਿ ਸਾਰੇ ਇਸ ਕੋਹੜ ਨੂੰ ਖਤਮ ਕਰਨ ਲਈ ਅੱਗੇ ਆਉਣ । ਆਪੋ ਆਪਣੇ ਮਹਿਕਮੇ ਵਿਚ ਪੂਰੀ ਸਖਤੀ ਅਤੇ ਨਿਗਰਾਨੀ ਕਰਕੇ ਆਪਣੇ ਦਫਤਰਾ, ਜਿਵੇ ਹਸਪਤਾਲਾਂ , ਸਕੂਲਾਂ, ਕਾਲਜਾਂ, ਯੂਨੀਵਰਸਿਟੀਆਂ ਅਤੇ ਬੱਸ ਅੱਡਿਆਂ ਨੂੰ ਹਰ ਰੋਜ ਚੰਗੀ ਤਰ੍ਹਾਂ ਚੈਕ ਕੀਤਾ ਜਾਵੇ ਅਤੇ ਜੇਕਰ ਕੋਈ ਵੀ ਨਸ਼ੇ ਦੇ ਨਾਮ ਦੀ ਵਸਤੂ ਇਨ੍ਹਾਂ ਥਾਵਾਂ ਤੋ ਮਿਲਦੀ ਹੈ ਤਾਂ ਪੜਤਾਲ ਕੀਤੀ ਜਾਵੇ ਕਿ ਇਹ ਕਿਥੋ ਆਈ ਹੈ । ਬਲਾਕ ਪੱਧਰ ਤੇ ਨਸ਼ਾ ਛਡਾਓ ਕੇਦਰ ਖੋਲ ਕੇ ਪਿੰਡਾਂ-ਪਿੰਡ ਪੱਧਰ ਤੇ ਘਰ-ਘਰ ਜਾ ਕੇ ਹਰੇਕ ਵਿਅਕਤੀ ਖਾਸ ਨੌਜਵਾਨ ਵਰਗ ਦਾ ਡਾਕਟਰੀ ਮੁਆਇਨਾ ਕਰਾਇਆ ਜਾਵੇ ਅਤੇ ਜੋ ਵੀ ਵਿਅਕਤੀ ਨਸੇ ਦਾ ਆਦੀ ਪਾਇਆ ਜਾਦਾ ਹੈ ਤਾਂ ਉਸ ਨੂੰ ਇਸ ਨਸਾ ਛਡਾਉ ਕੇਦੰਰ ਵਿਚ ਲਜਾਇਆ ਜਾਵੇ ਜੀ । ਪਰ ਜੇਕਰ ਫਿਰ ਵੀ ਕੋਈ ਨਸਾ ਕਰਨੋ ਨਹੀ ਹਟਦਾ ਤਾਂ ਉਸ ਖਿਲਾਫ ਕਾਨੂੰਨੀ ਕਾਰਵਾਈ ਹੋਵੇ । ਇਸ ਤਰ੍ਹਾਂ ਨਸੇ ਤੋ ਕਾਫੀ ਹੱਦ ਤੱਕ ਨਿਜਾਤ ਪਾਇਆ ਜਾ ਸਕਦਾ ਹੈ । ਸਾਡੀ ਨੌਜਵਾਨ ਪੀੜੀ ਨੂੰ ਆਪ ਵੀ ਚਾਹੀਦਾ ਹੈ ਕਿ ਨਸੇ ਖਾਣ ਵਾਲਿਆ ਤੋ ਦੂਰ ਰਹਿਣ । ਜੇਕਰ ਅਜਿਹਾ ਨਾ ਕਰਨਗੇ ਤਾਂ ਉਹ ਦਿਨ ਦੂਰ ਨਹੀ ਜਦ ਨਸੇ ਦੀ ਲਪੇਟ ਵਿਚ ਆ ਜਾਣਗੇ ਅਤੇ ਅੰਤ ਵਿਚ ਉਨਾਂ ਦੇ ਪੱਲੇ ਪਛਤਾਉਣ ਦੇ ਨਾਲ ਮੌਤ ਤੋਂ ਇਲਾਵਾ ਕੁਝ ਨਹੀ ਰਹੇਗਾ ।

# ਪੰਜਾਬ ਦੀਆਂ ਵਿਧਾਨ ਸਭਾ ਚੋਣਾਂ ਵਿੱਚ ਵੋਟਰ ਦੁਚਿੱਤੀ ਵਿੱਚ ਰਿਹਾ

-ਮਾਸਟਰ ਮੋਹਨ ਲਾਲ

ਚੋਣਾਂ ਦੇ ਆਖਰੀ ਦਿਨ ਤੱਕ ਵੋਟਰ ਦੁਚਿੱਤੀ ਵਿੱਚ ਰਿਹਾ ਕਿ ਉਹ ਇਧਰ ਜਾਵੇ ਜਾਂ ਓਧਰ? ਪਹਿਲਾਂ ਪੰਜਾਬ ਵਿੱਚ ਜਦੋਂ ਵੀ ਚੋਣਾਂ ਆਉਂਦੀਆਂ ਸਨ, ਇੱਕ ਪਾਸੇ ਅਕਾਲੀ ਦਲ-ਭਾਰਤੀ ਜਨਤਾ ਪਾਰਟੀ ਦਾ ਗਠਜੋੜ ਤੇ ਦੂਜੇ ਪਾਸੇ ਕਾਂਗਰਸ ਨਾਲ ਸਿੱਧਾ ਮੁਕਾਬਲਾ ਹੁੰਦਾ ਸੀ। ਕਦੀ ਇੱਕ ਜਿੱਤ ਜਾਂਦਾ, ਕਦੀ ਦੂਜਾ, ਪਰ ਇਸ ਵਾਰ ਚਾਰ-ਕੋਣੇ ਮੁਕਾਬਲੇ ਦਾ ਪੰਜਾਬ ਦੇ ਲੋਕਾਂ ਨੂੰ ਸਾਹਮਣਾ ਕਰਨਾ ਪਿਆ। ਖਾਸ ਕਰ ਕੇ ਆਮ ਆਦਮੀ ਪਾਰਟੀ ਨੇ ਇੱਕ ਪ੍ਰਭਾਵ ਫੈਲਾਉਣ ਵਿੱਚ ਸਫਲਤਾ ਹਾਸਲ ਕਰ ਲਈ ਕਿ ਉਹ ਪੰਜਾਬ ਵਿੱਚ ਇਸ ਵਾਰ ਸਰਕਾਰ ਬਣਾਵੇਗੀ।

ਉਹ ਰਵਾਇਤੀ ਪਾਰਟੀਆਂ ਉੱਤੇ ਵੋਟਰ ਉਂਗਲੀ ਉਠਾਉਣਾ ਲੱਗੇ ਕਿ "ਕਾਂਗਰਸ ਵਾਲੇ ਆਪੋ ਵਿੱਚ ਉਲਝੇ ਹੋਏ ਹਨ। ਇੱਕ ਕਾਂਗਰਸੀ ਨੇਤਾ ਦੂਜੇ ਨੂੰ ਅਤੇ ਦੂਜਾ ਤੀਜੇ ਨੂੰ ਨੀਵਾਂ ਦਿਖਾਉਣ ਵਿੱਚ ਲੱਗਾ ਸੀ। ਇਸ ਲਈ ਛੱਡੋ ਉਨ੍ਹਾਂ ਨੂੰ, ਅਕਾਲੀ-ਭਾਜਪਾ ਗਠਜੋੜ ਨੇ ਡਰੱਗ ਅਤੇ ਰੇਤ ਮਾਫੀਆ ਨੂੰ ਜਨਮ ਦਿੱਤਾ, ਇਸ ਨੂੰ ਵੀ ਮਜ਼ਾ ਚਖਾਓ।" ਆਮ ਆਦਮੀ ਪਾਰਟੀ ਨੇ ਪੰਜਾਬ ਦੇ ਵੋਟਰਾਂ ਨੂੰ ਮਰਸੀ ਅਪੀਲ ਕੀਤੀ ਕਿ ਪੰਜਾਬ ਦੇ ਲੋਕ ਇੱਕ ਮੌਕਾ 'ਝਾੜੂ' ਨੂੰ ਦੇ ਕੇ ਦੇਖਣ, 'ਦਿੱਲੀ ਮਾਡਲ' ਪੰਜਾਬ ਨੂੰ ਦੇਣਗੇ, ਪਰ ਮੈਨੂੰ ਪਤਾ ਨਹੀਂ ਉਹ ਦਿੱਲੀ ਮਾਡਲ ਕੀ ਹੈ? ਅਜਿਹੇ ਨਾਜ਼ੁਕ ਨਾਅਰਿਆਂ ਨੇ ਵੋਟਰਾਂ ਨੂੰ ਭਰਮ ਜ਼ਰੂਰ ਦਿੱਤਾ ਹੈ। ਲੋਕ ਕਹਿੰਦੇ ਮਿਲੇ ਕਿ ਆਮ ਆਦਮੀ ਪਾਰਟੀ ਦੇ ਨੇਤਾ ਕੇਜਰੀਵਾਲ ਨੇ ਨਰਿੰਦਰ ਮੋਦੀ ਵਰਗੇ ਨੇਤਾ ਦੇ ਸਾਹਮਣੇ ਇਸ ਪਾਰਟੀ ਵੱਜੋਂ ਇੱਕ ਬਦਲ ਵੋਟਰਾਂ ਸਾਹਮਣੇ ਰੱਖਿਆ ਹੈ? ਚਲੋ ਅਜ਼ਮਾਉਂਦੇ ਹਾਂ ਪਰ ਅੰਦਾਜ਼ਾ



ਲਾਉਣਾ ਔਖਾ ਹੈ ਕਿ ਇਹ ਪ੍ਰਭਾਵ ਕੀ ਅਸਲੀਅਤ ਦਿਖਾਉਂਦਾ ਹੈ ਜਾਂ ਨਹੀਂ? ਲੋਕ ਕਨਫਿਊਜ਼ਡ ਜ਼ਰੂਰ ਹੋਏ।

ਮੇਰੀ ਗੱਲ ਨੂੰ ਕੋਈ ਸਿਆਸੀ ਪਾਰਟੀ ਐਵੇਂ ਨਾ ਲਵੇ। ਭਾਰਤੀ ਜਨਤਾ ਪਾਰਟੀ ਤੋਂ ਅਲੱਗ ਹੋ ਕੇ ਅਕਾਲੀ ਦਲ ਨੇ ਤੁਰੰਤ ਬਹੁਜਨ ਸਮਾਜ ਪਾਰਟੀ ਨਾਲ ਗਠਜੋੜ ਕਰ ਕੇ ਪੰਜਾਬ ਦੇ ਵੋਟਰਾਂ ਸਾਹਮਣੇ 'ਮਾਸਟਰ ਸਟ੍ਰੋਕ' ਜ਼ਰੂਰ ਮਾਰਿਆ। ਪਤਾ ਨਹੀਂ ਇਹ ਗੱਠਜੋੜ ਅਕਾਲੀ ਦਲ ਨੂੰ ਸੱਤਾ ਤੱਕ ਪੁਚਾਵੇਗਾ ਜਾਂ ਨਹੀਂ, ਪਰ ਚੋਣ ਮੁਹਿੰਮ ਨੂੰ ਸੁਖਬੀਰ ਸਿੰਘ ਬਾਦਲ ਨੇ ਅੰਤਿਮ ਪਲ ਤੱਕ ਰੁਝਾਈ ਰੱਖਿਆ। ਜੋ ਮਿਲਿਆ ਉਸ ਨੂੰ ਛੇ ਮਹੀਨੇ ਪਹਿਲਾਂ ਹੀ ਆਪਣਾ ਉਮੀਦਵਾਰ ਐਲਾਨ ਕਰਦਾ ਗਿਆ। ਇਹ ਨਹੀਂ ਕਿ ਉਸ ਨੇ ਆਪਣੇ ਪੁਰਾਣੇ ਸਾਥੀ ਭਾਰਤੀ ਜਨਤਾ ਪਾਰਟੀ ਦਾ ਵੀ ਲਿਹਾਜ਼ ਕੀਤਾ ਹੋਵੇ? ਸੁਜਾਨਪੁਰ ਤੋਂ ਰਾਜ ਕੁਮਾਰ ਗੁਪਤਾ, ਅੰਮ੍ਰਿਤਸਰ ਤੋਂ ਅਨਿਲ ਜੋਸ਼ੀ ਅਤੇ ਸ੍ਰੀ ਅਨੰਦਪੁਰ ਸਾਹਿਬ ਤੋਂ ਮਦਨ ਮੋਹਨ ਮਿੱਤਲ ਨੂੰ ਵੀ ਆਪਣੇ ਨਾਲ ਲੈ ਗਿਆ। ਮੈਂ ਸੁਖਬੀਰ ਨੂੰ ਅਨਾੜੀ ਸਮਝਦਾ ਸੀ, ਪਰ 2022 ਦੀਆਂ ਪੰਜਾਬ ਵਿਧਾਨ ਸਭਾ ਦੀਆਂ ਚੋਣਾਂ ਵਿੱਚ ਉਹ ਆਪਣੇ ਪਿਤਾ ਪ੍ਰਕਾਸ਼ ਸਿੰਘ ਬਾਦਲ ਨੂੰ ਵੀ ਮਾਤ ਦੇ ਗਿਆ।

ਯਾਦ ਰਹੇ 2017 ਦੀਆਂ ਪੰਜਾਬ ਵਿਧਾਨ ਸਭਾ ਚੋਣਾਂ ਵਿੱਚ ਅਕਾਲੀ ਦਲ ਅਤੇ ਭਾਰਤੀ ਜਨਤਾ ਪਾਰਟੀ ਗਠਜੋੜ ਨੂੰ ਸਿਰਫ਼ 18 (15+3) ਸੀਟਾਂ ਮਿਲੀਆਂ ਸਨ, ਪਰ ਇਸ ਚੋਣ ਮੁਹਿੰਮ ਨੂੰ ਦੇਖ ਕੇ ਲੱਗਦਾ ਹੈ ਕਿ ਉਹ ਇਸ ਅੰਕੜੇ ਨੂੰ ਦੁੱਗਣਾ ਕਰ ਜਾਵੇਗਾ, ਭਾਵੇ 'ਬਰਗਾੜੀ ਕਾਂਡ' ਅਤੇ 'ਸ੍ਰੀ ਗੁਰੂ ਗ੍ਰੰਥ ਸਾਹਿਬ' ਦੀ ਬੇਅਦਬੀ ਦੇ ਕੇਸ ਬਾਰੇ ਸਿੱਖਾਂ ਦੇ ਇੱਕ ਵਰਗ ਨੇ ਬਾਦਲ ਪਰਵਾਰ ਨੂੰ ਘੇਰਿਆ ਹੋਇਆ ਹੈ। ਵੋਟਰ ਅਕਾਲੀ ਦਲ ਨੂੰ ਲੈ ਕੇ ਵੀ ਦੁਚਿੱਤੀ ਵਿੱਚ ਦਿਖਾਈ ਦਿੰਦਾ ਹੈ। ਸ਼ਾਇਦ ਇੱਕ ਤੀਸਰਾ ਬਦਲ ਵੋਟਰ ਲੱਭ ਰਿਹਾ ਹੋਵੇ? ਉਹ ਬਦਲ ਭਾਰਤੀ ਜਨਤਾ ਪਾਰਟੀ, ਪਲੱਸ ਕੈਪਟਨ ਅਮਰਿੰਦਰ ਸਿੰਘ ਸਾਬਕਾ ਮੁੱਖ ਮੰਤਰੀ ਪੰਜਾਬ ਦੀ ਪਾਰਟੀ 'ਪੰਜਾਬ ਲੋਕ ਕਾਂਗਰਸ' ਪਲੱਸ ਢੀਂਡਸਾ ਦਾ 'ਸੰਯੁਕਤ ਅਕਾਲੀ ਦਲ' ਦਾ ਗਠਜੋੜ ਹੈ, ਜਦ ਕਿ ਭਾਰਤੀ ਜਨਤਾ ਪਾਰਟੀ ਨੇ ਨਵਾਂ ਬਦਲ ਵੋਟਰਾਂ ਸਾਹਮਣੇ ਰੱਖਿਆ ਹੈ। ਦੇਖਾਂਗੇ ਕਿ ਇਹ ਬਦਲ ਵਿਧਾਨ ਸਭਾ ਚੋਣਾਂ ਦੀ ਕਸੌਟੀ ਉੱਤੇ ਕਿੰਨਾ ਖਰਾ ਉਤਰਦਾ ਹੈ। ਪੰਜਾਬ ਦੀ ਏਕਤਾ, ਭਾਈਚਾਰੇ ਅਤੇ ਸੁਰੱਖਿਆ ਦਾ ਇਹ ਬਦਲ ਕਿੰਨਾ ਸਫਲ ਹੋਵੇਗਾ, ਇਸ ਦਾ ਪਤਾ 10 ਮਾਰਚ ਨੂੰ ਪੰਜਾਬ ਦੇ ਲੋਕਾਂ ਨੂੰ ਦੇਖਣ ਨੂੰ ਮਿਲੇਗਾ, ਪਰ ਇਸ ਗਠਜੋੜ ਨੇ ਚੋਣ ਮੁਹਿੰਮ ਵਿੱਚ ਤਹਿ-ਲਕਾ ਜ਼ਰੂਰ ਮਚਾ ਦਿੱਤਾ ਹੈ। ਹਰ ਛੋਟਾ-ਵੱਡਾ ਨੇਤਾ ਧੜਾਧੜ ਭਾਰਤੀ ਜਨਤਾ ਪਾਰਟੀ ਦਾ ਪੱਲਾ ਫੜਦਾ ਨਜ਼ਰ ਆਇਆ, ਖਾਸ ਤੌਰ ਉੱਤੇ ਆਈ ਪੀ ਐਸ, ਆਈ ਏ ਐਸ, ਪੀ ਸੀ ਐਸ ਰਿਟਾਇਰਡ ਫੌਜੀ ਅਤੇ ਸਿੱਖ ਭਰਾ ਦੌੜ-ਦੌੜ ਕੇ ਭਾਰਤੀ ਜਨਤਾ ਪਾਰਟੀ ਵਿੱਚ ਸ਼ਾਮਲ ਹੋਏ। ਸ਼ਾਇਦ ਇਹ ਭਾਜਪਾ ਦੀ ਨੀਤੀ ਦਾ ਹਿੱਸਾ ਹੋਵੇ ਪਰ ਪ੍ਰਯੋਗ ਨੂੰ ਚੋਣਾਂ ਦੀ ਤੱਕੜੀ ਉੱਤੇ ਤੋਲ ਕੇ ਪਰਖਿਆ ਜਾਵੇਗਾ।

ਕਾਂਗਰਸ ਦਾ ਕੋਈ ਦੁਸ਼ਮਣ ਨਹੀਂ, ਉਸ ਨੂੰ ਆਪਣੇ ਮਾਰ ਰਹੇ ਹਨ। ਚੋਣਾਂ ਤੋਂ ਪਹਿਲਾਂ ਜਿਸ ਤਰ੍ਹਾਂ ਆਪਣੇ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੂੰ ਬੇਇੱਜ਼ਤ ਕਰ ਕੇ ਪਾਰਟੀ ਤੋਂ ਰੁਖਸਤ ਕੀਤਾ, ਅਜਿਹਾ ਕਾਂਗਰਸ ਹੀ ਕਰ ਸਕਦੀ ਹੈ। ਕਾਂਗਰਸ ਹਾਈ ਕਮਾਨ ਨੇ ਬਣਾਉਣਾ ਤਾਂ ਕੈਪਟਨ ਦੀ ਥਾਂ ਨਵਜੋਤ ਸਿੱਧੂ ਨੂੰ ਸੀ ਪਰ ਹਾਲਤ ਨੇ ਪਾਸਾ ਪਲਟਿਆ ਤੇ ਇੱਕ ਸਾਧਾਰਨ ਪਰਵਾਰ ਦੇ ਸਾਧਾਰਨ ਜਿਹੇ ਨੇਤਾ ਚਰਨਜੀਤ ਸਿੰਘ ਚੰਨੀ ਦੇ ਸਿਰ ਉੱਤੇ ਮੁੱਖ ਮੰਤਰੀ ਦਾ ਤਾਜ ਸਜ ਗਿਆ। ਨਵਜੋਤ ਸਿੰਘ ਸਿੱਧੂ ਨੂੰ ਪੰਜਾਬ ਕਾਂਗਰਸ ਦਾ ਪ੍ਰਧਾਨ ਬਣਾ ਦਿੱਤਾ ਗਿਆ। ਵਿਚਾਰਾ ਕਾਂਗਰਸ ਪ੍ਰਧਾਨ ਹੋ ਕੇ ਮੁੱਖ ਮੰਤਰੀ ਬਣਨ ਦੀ ਰੀਝ ਨੂੰ ਲੈ ਕੇ ਵਿੱਸ ਘੋਲਦਾ ਰਿਹਾ।

# ਜਿਊਂਦੇ ਅਵਤਾਰ

-ਸਵਰਨ ਸਿੰਘ ਭੰਗੂ

ਇਸ ਧਰਤੀ ਉਤੇ ਉਪਕਾਰੀ ਲੋਕ ਪਰ੍ਹੇ ਤੋਂ ਪਰ੍ਹੇ ਹਨ, ਜਿਹੜੇ ਨਿਆਸਰਿਆਂ ਅਤੇ ਦੁਰਕਾਰਿਆਂ ਨੂੰ ਸਾਂਭਦੇ ਹਨ। ਵਿਕਸਤ ਮੁਲਕਾਂ ਵਿੱਚ ਅਪੰਗਾਂ, ਮੰਜੇ ਨਾਲ ਮੰਜਾ ਹੋਏ ਰੋਗੀਆਂ, ਮੰਦ ਬੁੱਧੀਆਂ ਤੇ ਬਜ਼ੁਰਗਾਂ ਦੀ ਦੇਖਭਾਲ ਦੇ ਸਰਕਾਰੀ ਇੰਤਜ਼ਾਮ ਹਨ, ਪਰ ਸਾਡੇ ਮੁਲਕ ਵਿੱਚ ਅਜਿਹਾ ਨਹੀਂ। ਜੇ ਕਿਧਰੇ ਹਨ ਵੀ ਤਾਂ ਬੱਸ ਜ਼ਾਬਤਾ ਮਾਤਰ। ਅਜਿਹਾ ਨਾ ਹੋਣ ਕਰ ਕੇ ਭਾਰਤ ਵਿੱਚ ਅਜਿਹੇ ਲੋੜਵੰਦਾਂ ਦੀ ਦੁਰਦਸ਼ਾ ਨੂੰ ਹਾਸਲ-ਹਾਲਤਾਂ ਵਿੱਚ ਸਾਂਭਣ ਲਈ ਬਹੁਤ ਸਾਰੀਆਂ ਸੰਸਥਾਵਾਂ ਜਾਂ ਲੋਕ ਹਮੇਸ਼ਾ ਯਤਨਸ਼ੀਲ ਰਹਿੰਦੇ ਹਨ। ਅਜਿਹੇ ਮਿਹਰਬਾਨ ਵੀ ਹਨ, ਜਿਹੜੇ ਪਤਾ ਲੱਗਣ ਉਤੇ ਲੋੜਵੰਦਾਂ ਨੂੰ ਆਪਣੀ ਸੰਸਥਾ ਵਿੱਚ ਲੈ ਆਉਂਦੇ ਅਤੇ ਸੰਭਾਲਦੇ ਹਨ। ਉਪਕਾਰੀ ਬਹੁਤ ਸਾਰੇ ਲੋਕਾਂ ਨੇ ਬਿਰਧ ਆਸ਼ਰਮ ਵੀ ਖੋਲ੍ਹੇ ਹੋਏ ਹਨ। ਪਿੰਗਲਵਾੜਾ ਹੋਵੇ, ਭਾਵੇਂ ਪ੍ਰਭ ਆਸਰਾ ਵਰਗੀਆਂ ਸੰਸਥਾਵਾਂ, ਇਨ੍ਹਾਂ ਦੇ ਉਪਕਾਰ ਅੱਗੇ ਸਿਰ ਝੁਕਦਾ ਹੈ, ਦੂਸਰੇ ਪਾਸੇ ਸਾਡਾ ਨਿਜ਼ਾਮ ਅਜਿਹਾ ਹੈ ਕਿ ਨਿੱਤ ਦਿਨ ਅਜਿਹੇ ਲੋੜਵੰਦ ਵਧ ਰਹੇ ਹਨ।

ਦਹਾਕਾ ਪਹਿਲਾਂ ਸਵੇਰੇ ਜਿਹੜਾ ਫੋਨ ਆਉਂਦਾ ਹੈ, ਉਸ ਵਿੱਚ ਬੋਲਣ ਵਾਲੀ ਅਗਿਆਤ ਆਵਾਜ਼ ਸਿਫਤ ਕਰਦੀ ਹੈ ਕਿ ਤੁਸੀਂ ਦਇਆਵਾਨ ਲੋਕਾਂ ਵਿੱਚੋਂ ਇੱਕ ਹੋ ਅਤੇ ਇਹ ਸਭ ਪਤਾ ਕਰਨ ਤੋਂ ਬਾਅਦ ਹੀ ਫੋਨ ਕੀਤਾ ਹੈ। ਸਰਸਰੀ ਮੁਢਲੀਆਂ ਗੱਲਾਂ ਤੋਂ ਬਾਅਦ ਪਤਾ ਲੱਗਾ ਕਿ ਫੋਨ ਨਵੇਂ ਆਏ ਐਸ ਡੀ ਐਮ ਦਾ ਹੈ। ਅਫਸਰ ਮੈਨੂੰ ਇੱਕ ਸੇਵਾ ਸੰਭਾਲਦਾ ਹੈ ਕਿ ਨਹਿਰ ਸਰਹਿੰਦ ਦੇ ਪੁਲ ਉਤੇ ਬੁਰੀ ਹਾਲਤ ਵਿੱਚ ਰਹਿ ਰਹੇ ਬਜ਼ੁਰਗ ਦਾ ਪਤਾ ਲੱਗਾ ਹੈ, ਤੁਸੀਂ ਉਹਨੂੰ ਸੰਭਾਲੋ ਤੇ ਆਪਣੇ ਇਲਾਕੇ ਵਿੱਚ ਕੋਈ ਅਜਿਹੀ ਉਪਕਾਰੀ ਸੰਸਥਾ ਲੱਭੋ ਜਿੱਥੇ ਇਸ ਬਜ਼ੁਰਗ ਨੂੰ ਛੱਡਿਆ ਜਾ ਸਕੇ। ਉਸ ਨੇ ਇਹ ਵੀ ਦੱਸਿਆ ਕਿ 10 ਕਿਲੋਮੀਟਰ ਦੂਰ ਇੱਕ ਪਿੰਡ ਵਿੱਚ ਇਸ ਬਜ਼ੁਰਗ ਦੀ ਭੈਣ ਹੈ, ਜਿਸ ਨੂੰ ਪਟਵਾਰੀ ਨੇ ਸੱਦਿਆ ਸੀ। ਉਹ ਮਿਲ ਕੇ ਚਲੀ ਗਈ, ਪਰ ਬਜ਼ੁਰਗ ਨੂੰ ਨਾਲ ਲੈ ਜਾਣ ਲਈ ਤਿਆਰ ਨਹੀਂ ਹੋਈ। ਉਨ੍ਹਾਂ ਇਹ ਵੀ ਦੱਸਿਆ ਕਿ ਭੈਣ ਨੂੰ ਬੁਲਾਉਣ ਗਏ ਪਟਵਾਰੀ ਅਨੁਸਾਰ ਬਜ਼ੁਰਗ ਦੀ ਭੈਣ ਖੁਦ ਨਿਹਾਇਤ ਗਰੀਬ ਪਰਵਾਰ ਨਾਲ ਸੰਬੰਧਤ ਹੈ ਜਿਹੜੀ ਆਪਣੇ ਭਰਾ ਨੂੰ ਸਾਂਭਣ ਤੋਂ ਵੀ ਅਸਮਰਥ ਹੈ।

ਮੈਂ ਆਪਣੇ ਸਹਿਯੋਗੀਆਂ ਨਾਲ ਜਦੋਂ ਦੱਸੇ ਸਥਾਨ ਉਤੇ ਪੁੱਜਾ ਤਾਂ ਬਜ਼ੁਰਗ ਦੀ ਹਾਲਤ ਬੇਹੱਦ ਮਾੜੀ ਸੀ, ਬਦਬੂ ਆ ਰਹੀ ਸੀ। ਨੇੜਲੇ ਪਿੰਡ ਦਾ ਕੋਈ ਹਮਦਰਦ ਪਿਛਲੇ 10 ਦਿਨਾਂ ਤੋਂ ਪਾਣੀ ਸਮੇਤ ਕੁਝ ਖਾਣ ਨੂੰ ਦੇ ਜਾਂਦਾ ਸੀ। ਮਹੀਨਾ ਭਾਵੇਂ ਜੁਲਾਈ ਦਾ ਸੀ, ਪਰ ਇਸ ਬਜ਼ੁਰਗ ਦੇ ਨੇੜੇ ਗਲੇ ਸੜੇ, ਕਾਲੇ ਹੋਏ ਪਾਟੇ ਲੀੜਿਆਂ ਅਤੇ ਲਟੂਰੀਆਂ ਵਾਲਾ ਸ਼ਖਸ ਗਦੈਲੇ ਜਿਹੇ ਗੰਦੇ ਕੱਪੜੇ ਵਿੱਚੋਂ ਨਿਕਲ ਕੇ ਬਾਹਰ ਨੂੰ ਤੁਰ ਪਿਆ। ਰੀਂਘਦੇ ਜੀਵਨ ਨੂੰ ਦੇਖ ਕੇ ਬੇਵੱਸ ਹੌਕਾ ਨਿਕਲਿਆ।

ਸਬੰਧਤ ਬਜ਼ੁਰਗ ਨੂੰ ਅਸੀਂ ਵਕਤੀ ਤੌਰ ਉੱਤੇ ਨੇੜੇ ਸਰਕਾਰੀ ਵਿਸ਼ਰਾਮ ਘਰ ਲੈ ਗਏ, ਪਰ ਉਥੋਂ ਦਾ ਨਿਗਰਾਨ ਵੀ ਪ੍ਰੇਸ਼ਾਨ ਹੋ ਗਿਆ। ਇਸੇ ਦੌਰਾਨ ਅਸੀਂ ਨੰਗਲ ਦੇ ਇੱਕ ਮਿਹਰਬਾਨ ਦੋਸਤ ਦੁਆਰਾ ਉਥੋਂ ਦੀ ਇੱਕ ਸੇਵਾ ਸੁਸਾਇਟੀ ਨਾਲ ਰਾਬਤਾ ਬਣਾਇਆ। ਉਥੋਂ ਦੇ ਮੁੱਖ ਸੇਵਾਦਾਰ ਨੇ ਕਿਹਾ ਕਿ ਕੱਲ੍ਹ ਲੈ ਆਓ। ਦੂਜੇ ਦਿਨ ਰਸਤੇ ਦੀ ਕਿਸੇ ਪ੍ਰੇਸ਼ਾਨੀ ਤੋਂ ਬਚਣ ਲਈ ਅਫਸਰ ਨੇ ਸਾਡੇ ਨਾਲ ਪੁਲਸ ਕਰਮਚਾਰੀ ਭੇਜ ਦਿੱਤਾ।

ਜਦੋਂ ਉਥੇ ਪਹਿਲਾਂ ਉਡੀਕਦੇ ਮਿੱਤਰ ਦੀ ਹਾਜ਼ਰੀ ਵਿੱਚ ਅਸੀਂ ਟੈਂਪੂ ਵਿੱਚੋਂ ਬਜ਼ੁਰਗ ਨੂੰ ਉਤਾਰਿਆ ਤਾਂ ਉਥੇ 10-15 ਹੋਰ ਮੰਦਬੁੱਧੀ ਅਤੇ ਨਿਆਸਰੇ ਮਰਦ/ ਔਰਤਾਂ ਸਨ। ਮੇਜ਼ਬਾਨ ਨੇ ਸਾਨੂੰ ਆਪਣੇ ਦਫਤਰ ਬਿਠਾ ਕੇ ਚਾਹ ਪਿਆਈ। ਲੋੜਵੰਦਾਂ ਦੀ ਸੰਭਾਲ ਦੀਆਂ ਅੰਤ-ਰਹਿਤ ਕਹਾਣੀਆਂ ਛਿੜ ਪਈਆਂ। ਵਾਪਸ ਤੁਰਨ ਲੱਗੇ ਤਾਂ ਜੋ ਦੇਖਿਆ, ਉਹ ਹੈਰਾਨ ਕਰ ਦੇਣ ਵਾਲਾ ਸੀ। ਜਿਸ ਬਜ਼ੁਰਗ ਦੀ ਦੁਰਦਸ਼ਾ ਦੇਖ ਕੇ ਹਰ ਸਾਧਾਰਨ ਸ਼ਖਸ ਪ੍ਰੇਸ਼ਾਨ ਹੋ ਸਕਦਾ ਸੀ, ਉਸ ਬਜ਼ੁਰਗ ਨੂੰ ਚਾਰ-ਪੰਜ ਸੇਵਾਦਾਰਾਂ ਨੇ ਨਹਾ ਕੇ ਨਵੇਂ ਕੱਪੜੇ ਪੁਆ ਦਿੱਤੇ ਤੇ ਪੱਗ ਬੰਨ੍ਹ ਦਿੱਤੀ ਸੀ। ਸਿਫਤੀ ਫਰਕ ਸਾਡੇ ਸਾਹਮਣੇ ਸੀ। ਮੁੱਖ ਸੇਵਾਦਾਰ ਨੇ ਨੇੜਿਓਂ ਹੋ ਕੇ ਦਿਖਾਇਆ ਕਿ ਆਹ ਦੇਖੋ, ਇਹ ਬਜ਼ੁਰਗ ਇੱਕ ਪਾਸੇ ਕਿਵੇਂ ਗਲਣਾ ਸ਼ੁਰੂ ਹੋ ਗਿਆ ਸੀ। ਇਸ ਸੇਵਾ ਨੂੰ ਦੇਖ ਸਾਡੇ ਹੱਥ ਆਪ ਮੁਹਾਰੇ ਜੇਬਾਂ ਫਰੋਲਣ ਲੱਗੇ ਅਤੇ ਯੋਗਦਾਨ ਉਸ ਉਪਕਾਰੀ ਅੱਗੇ ਢੇਰੀ ਕਰ ਆਏ। ਅਜਿਹੀਆਂ ਸੰਸਥਾਵਾਂ ਲਈ ਬਿਨਾਂ ਸ਼ੱਕ, ਪੈਸੇ ਦੀ ਲੋੜ ਹੁੰਦੀ ਹੈ ਤੇ ਸਮਰਥ ਦਇਆਵਾਨ ਇਹ ਸੇਵਾ ਨਿਭਾਉਂਦੇ ਹਨ, ਪਰ ਜ਼ਖਮਾਂ ਵਿੱਚੋਂ ਕੀੜੇ ਕੱਢਣ ਦੀ ਹੱਦ ਤਕ ਜੋ ਕੰਮ ਅਜਿਹੀਆਂ ਸੰਸਥਾਵਾਂ ਦੇ ਉਪਕਾਰੀ ਕਰਦੇ ਹਨ, ਬਦਲੇ ਵਿੱਚ ਅਜਿਹੇ ਉਪਕਾਰੀਆਂ ਲਈ ਮੇਰੇ ਮਨ ਵਿੱਚ ਸਿਜਦੇ ਦਰ ਸਿਜਦੇ ਉਭਰਦੇ ਹਨ। ਅਜਿਹੇ ਉਪਕਾਰ ਸਾਡੇ ਸਮਾਜ ਦੇ ਜਿਊਂਦੇ ਅਵਤਾਰ ਹਨ।




## ‘ਇਨ੍ਹਾਂ ਨੂੰ ਕਿਆ ਪਤੈ, ਬਈ ਮੇਰਾ ਅੱਜ ਜਨਮ ਦਿਨ ਹੀ ਨਹੀਂ’: ਮੁੱਖ ਮੰਤਰੀ ਚੰਨੀ

ਚੰਡੀਗੜ੍ਹ, 3 ਮਾਰਚ (ਪੋਸਟ ਬਿਊਰੋ)- ਪੰਜਾਬ ਦੇ ਮੁੱਖ ਮੰਤਰੀ ਚਰਨਜੀਤ ਸਿੰਘ ਚੰਨੀ ਦੇ ਜਨਮ ਦਿਨ ਬਾਰੇ ਕਾਂਗਰਸੀ ਨੇਤਾ ਵੀ ਟਪਲਾ ਖਾ ਗਏ। ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਪਹਿਲੀ ਮਾਰਚ ਨੂੰ ਮੁੱਖ ਮੰਤਰੀ ਚਰਨਜੀਤ ਸਿੰਘ ਚੰਨੀ ਨੂੰ ਟਵੀਟ ਕਰ ਕੇ ਸ਼ੁਭ ਇੱਛਾਵਾਂ ਦੇ ਦਿੱਤੀਆਂ ਅਤੇ ਲੰਮੀ ਉਮਰ ਤੇ ਸਿਹਤਯਾਬੀ ਦੀ ਕਾਮਨਾ ਕਰ ਦਿੱਤੀ ਸੀ।



ਇਸ ਦੇ ਬਾਅਦ ਦੇਖੋ ਦੇਖੀ ਕਾਂਗਰਸ ਦੇ ਪੰਜਾਬ ਇੰਚਾਰਜ ਹਰੀਸ਼ ਚੌਧਰੀ ਨੇ ਚਰਨਜੀਤ ਸਿੰਘ ਚੰਨੀ ਨੂੰ ਜਨਮ ਦਿਨ ਦੀ ਵਧਾਈ ਦੇ ਦਿੱਤੀ। ਦੇਰ ਸ਼ਾਮ ਤਕ ਕਾਂਗਰਸੀ ਆਗੂਆਂ ਨੇ ਮੁੱਖ ਮੰਤਰੀ ਚੰਨੀ ਨੂੰ ਸ਼ੁੱਭ ਇੱਛਾਵਾਂ ਦੇਣ ਦੀ ਝੜੀ ਲਾ ਦਿੱਤੀ। ਸੋਸ਼ਲ ਮੀਡੀਆ ਉੱਤੇ ਚਰਨਜੀਤ ਸਿੰਘ ਚੰਨੀ ਦੇ ਜਨਮ ਦਿਨ ਦੀ ਗੱਲ ਹੁੰਦੀ ਰਹੀ। ਪੰਜਾਬ ਵਿਧਾਨ ਸਭਾ ਦੇ ਰਿਕਾਰਡ ਅਨੁਸਾਰ ਮੁੱਖ ਮੰਤਰੀ ਚੰਨੀ ਦਾ ਜਨਮ ਦਿਨ 15 ਮਾਰਚ ਨੂੰ ਹੈ। ਦੇਰ ਸ਼ਾਮ ਚੰਨੀ ਨੇ ਟਵੀਟ ਕਰ ਕੇ ਕਿਹਾ ਕਿ “ਅੱਜ ਮੇਰਾ ਜਨਮ ਦਿਨ ਨਹੀਂ।” ਉਨ੍ਹਾ ਇਹ ਵੀ ਕਿਹਾ ਕਿ “ਸ਼ੁਭ ਕਾਮਨਾਵਾਂ ਦੇਣ ਲਈ ਸਭਦਾ ਧੰਨਵਾਦ। ਲੋਕ ਚਰਚਾ ਹੈ ਕਿ ਆਪਣਿਆਂ ਨੇ ਪਹਿਲੀ ਮਾਰਚ ਨੂੰ ਹੀ ਜਨਮ ਦਿਨ ਸਮਝ ਕੇ ਮੁਬਾਰਕਾਂ ਦੇ ਦਿੱਤੀਆਂ ਹਨ ਜਿਨ੍ਹਾਂ ਨੂੰ ਚੰਨੀ ਨੇ ਕਬੂਲ ਵੀ ਕਰ ਲਿਆ ਹੈ।” ਚੰਨੀ ਆਪਣੇ ਪੁਆਧੀ ਲਹਿਜ਼ੇ ਵਿੱਚ ਇਹ ਆਖ ਸਕਦੇ ਹਨ, ਇਨ੍ਹਾਂ ਨੂੰ ਕਿਆ ਪਤੈ...!

ਪੰਜਾਬ ਚੋਣਾਂ ਦਾ ਨਤੀਜਾ 10 ਮਾਰਚ ਨੂੰ ਆਉਣਾ ਹੈ ਅਤੇ 11 ਮਾਰਚ ਨੂੰ ਕੈਪਟਨ ਅਮਰਿੰਦਰ ਸਿੰਘ ਦਾ ਜਨਮ ਦਿਨ ਹੈ। ਮਾਰਚ ਵਿੱਚ ਪੰਜਾਬ ਦੇ 15 ਵਿਧਾਇਕਾਂ ਦਾਜਨਮ ਦਿਨ ਹੈ। ਚੋਣ ਨਤੀਜੇ ਮਗਰੋਂ ਬਲਵਿੰਦਰ ਸਿੰਘ ਬੈਂਸ ਦਾ 12 ਮਾਰਚ ਨੂੰ, ਧਰਮਵੀਰ ਅਗਨੀਹੋਤਰੀ ਦਾ 13 ਮਾਰਚ ਨੂੰ, ਲਖਬੀਰ ਸਿੰਘ ਲੱਖਾ ਦਾ 14 ਮਾਰਚ ਨੂੰ, ਭਾਰਤ ਭੂਸ਼ਣ ਆਸ਼ੂ ਅਤੇ ਰਾਜ ਕੁਮਾਰ ਵੇਰਕਾ ਦਾ 20 ਮਾਰਚ ਨੂੰ, ਅਜਾਇਬ ਸਿੰਘ ਭੱਟੀ ਦਾ 28 ਮਾਰਚ ਨੂੰ ਅਤੇ ਸੁਖਬਿੰਦਰ ਸਿੰਘ ਸਰਕਾਰੀਆ ਦਾ 31 ਮਾਰਚ ਨੂੰ ਜਨਮ ਦਿਨ ਹੈ। ਜਿਹੜੇ ਜਿੱਤ ਗਏ, ਉਨ੍ਹਾਂ ਦਾ ਜਨਮ ਦਿਨ ਸੁਹਾਵਣਾ ਬਣ ਜਾਵੇਗਾ।

## ਭਾਰਤ ਸਰਕਾਰ ਨੇ ਪੰਜਾਬ ਦੇ 1100 ਕਰੋੜ ਰੁਪਏ ਦੇ ਫੰਡ ਰੋਕੇ

### * ਪੰਜਾਬ ਦਿਹਾਤੀ ਵਿਕਾਸ ਐਕਟ ਵਿੱਚ ਸੋਧ ਦੀ ਸ਼ਰਤ ਲਾਈ

ਚੰਡੀਗੜ੍ਹ, 3 ਮਾਰਚ (ਪੋਸਟ ਬਿਊਰੋ)- ਭਾਰਤ ਸਰਕਾਰ ਨੇ ਪੰਜਾਬ ਦੇ ਦਿਹਾਤੀ ਵਿਕਾਸ ਫੰਡ ਰੋਕ ਲਏ ਹਨ, ਜਿਨ੍ਹਾਂ ਨੂੰ ਰਿਲੀਜ਼ ਕਰਵਾਉਣਾ ਨਵੀਂ ਸਰਕਾਰ ਲਈ ਕਿਸੇ ਚੁਣੌਤੀ ਤੋਂ ਘੱਟ ਨਹੀਂ ਹੋਵੇਗਾ।

ਮਿਲੀ ਜਾਣਕਾਰੀ ਅਨੁਸਾਰ ਪੇਂਡੂ ਵਿਕਾਸ ਫੰਡਾਂ ਦੀ ਕਰਜ਼ਾ ਮੁਆਫੀ ਲਈ ਵਰਤੋਂ ਕਰਨਾ ਪੰਜਾਬ ਸਰਕਾਰ ਲਈ ਮਹਿੰਗਾ ਪੈਣ ਲੱਗਾ ਹੈ। ਕੇਂਦਰ ਸਰਕਾਰ ਨੇ ਪਿਛਲੇ ਸਾਲ ਦੇ ਝੋਨੇ ਦੇ ਸੀਜ਼ਨ ਦੇ ਕਰੀਬ 1100 ਕਰੋੜ ਰੁਪਏ ਦੇ ਪੇਂਡੂ ਵਿਕਾਸ ਫੰਡ ਜਾਰੀ ਨਹੀਂ ਕੀਤੇ। ਪਿਛਲੇ ਸਾਲ 30 ਨਵੰਬਰ ਨੂੰ ਝੋਨੇ ਦਾ ਸੀਜ਼ਨ ਖਤਮ ਹੋ ਜਾਣ ਤੋਂ ਕਰੀਬ ਤਿੰਨ ਮਹੀਨੇ ਮਗਰੋਂ ਵੀ ਇਹ ਫੰਡ ਜਾਰੀ ਨਹੀਂ ਕੀਤੇ ਗਏ। ਕੇਂਦਰ ਸਰਕਾਰ ਨੇ ਸ਼ਰਤ ਲਾਈ ਹੈ ਕਿ ਪਹਿਲਾਂ ਪੰਜਾਬ ਦਿਹਾਤੀ ਵਿਕਾਸ ਐਕਟ 1987 ਵਿੱਚ ਸੋਧ ਕੀਤੀ ਜਾਵੇ। ਅਨਾਜ ਦੀ ਖਰੀਦ ਉੱਤੇ ਪੰਜਾਬ ਸਰਕਾਰ ਤੰਨ ਫੀਸਦੀ ਦਿਹਾਤੀ ਵਿਕਾਸ ਫੰਡ ਅਤੇ ਤਿੰਨ ਫੀਸਦੀ ਮਾਰਕੀਟ ਫੀਸ ਵਸੂਲ ਕਰਦੀ ਹੈ, ਜੋ ਦੋਵੇਂ ਸੀਜ਼ਨਾਂ ਦੇ ਸਾਲਾਨਾ ਕਰੀਬ 1750 ਕਰੋੜ ਰੁਪਏ ਬਣਦੇ ਹਨ।



ਪਿਛਲੇ ਸਾਲ ਵੀ ਕੇਂਦਰ ਨੇ ਪੇਂਡੂ ਵਿਕਾਸ ਫੰਡ ਦੇ 1200 ਕਰੋੜ ਰੁਪਏ ਰੋਕੇ ਸਨ ਅਤੇ ਸਿਆਸੀ ਤੌਰ ਉੱਤੇ ਕਾਫੀ ਯਤਨਾਂ ਪਿੱਛੋਂ ਕੇਂਦਰ ਨੇ ਇਸ ਸ਼ਰਤ ਉੱਤੇਦਿੱਤੇ ਸਨ ਕਿ ਪੰਜਾਬ ਸਰਕਾਰ ਐਕਟ ਵਿੱਚ ਲੋੜੀਂਦੀ ਸੋਧ ਕਰ ਲਵੇਗੀ।

ਕੈਪਟਨ ਅਮਰਿੰਦਰ ਸਿੰਘ ਦੀ ਸਰਕਾਰ ਨੇ ਕਿਸਾਨਾਂ ਦੀ ਕਰਜ਼ਾ ਮੁਆਫੀ ਲਈ ਦਿਹਾਤੀ ਵਿਕਾਸ ਫੰਡ ਦਾ ਪੈਸਾ ਵਰਤ ਲਿਆ ਸੀ ਅਤੇ ਇਸ ਦੀ ਵਰਤੋਂ ਤੋਂ ਪਹਿਲਾਂ ਪੰਜਾਬ ਦਿਹਾਤੀ ਵਿਕਾਸ ਐਕਟ ਵਿੱਚ ਸੋਧ ਵੀ ਕੀਤੀ ਸੀ। ਕੇਂਦਰ ਨੂੰ ਇਸੇ ਸੋਧ ਉੱਤੇ ਮੁੱਖ ਇਤਰਾਜ਼ ਹੈ ਅਤੇ ਉਨ੍ਹਾਂ ਕਿਹਾ ਹੈ ਕਿ ਦਿਹਾਤੀ ਵਿਕਾਸ ਫੰਡ ਦਾ ਪੈਸਾ ਸਿਰਫ ਖਰੀਦ ਕੇਂਦਰਾਂ ਦੇ ਵਿਕਾਸ ਉੱਤੇ ਖਰਚ ਕਰਨਾ ਹੈ। ਉਨ੍ਹਾਂ ਨੇ ਲਿੰਕ ਸੜਕਾਂ ਉੱਤੇ ਪੈਸਾ ਵਰਤਣ ਉੱਤੇ ਵੀ ਇਤਰਾਜ਼ ਕੀਤਾ ਹੈ।ਅਕਾਲੀ-ਭਾਜਪਾ ਗੱਠਜੋੜ ਸਰਕਾਰ ਵੇਲੇ ਇਹ ਪੈਸਾ ਸੰਗਤ ਦਰਸ਼ਨਾਂ ਵਿੱਚ ਪਿੰਡਾਂ ਦੇ ਹਰ ਤਰ੍ਹਾਂ ਦੇ ਵਿਕਾਸ ਲਈ ਵੰਡਿਆ ਜਾਂਦਾ ਸੀ। ਨਵੇਂ ਇਤਰਾਜ਼ ਹੋਣ ਕਰ ਕੇ ਪੰਜਾਬ ਮੰਡੀ ਬੋਰਡ ਬੇਵੱਸ ਹੈ ਤੇ ਫੰਡ ਰੋਕੇ ਜਾਣ ਨਾਲ ਸੂਬੇ ਦੇ ਪੇਂਡੂ ਵਿਕਾਸ ਦੇ ਕੰਮ ਪ੍ਰਭਾਵਤ ਹੋਣ ਦਾ ਡਰ ਹੈ। ਪਨਗਰੇਨ ਦੇ ਅਧਿਕਾਰੀਆਂ ਨੇ ਦੋ ਮਹੀਨੇ ਪਹਿਲਾਂ ਮੁੱਖ ਮੰਤਰੀ ਚਰਨਜੀਤ ਸਿੰਘ ਚੰਨੀ ਨੂੰ ਇਹ ਗੱਲ ਦੱਸ ਦਿੱਤੀ ਸੀ ਕਿ ਕੇਂਦਰ ਦੀ ਸ਼ਰਤ ਮੁਤਾਬਕ ਪੰਜਾਬ ਦਿਹਾਤੀ ਵਿਕਾਸ ਐਕਟ ਵਿੱਚ ਸੋਧ ਕਰ ਲਵੋ, ਪਰੰਤੂ ਕਿਸੇ ਨੇ ਇਸ ਪਾਸੇ ਧਿਆਨ ਨਹੀਂ ਦਿੱਤਾ। ਪੰਜਾਬ ਵਿੱਚ 10 ਮਾਰਚ ਨੂੰ ਵਿਧਾਨ ਸਭਾ ਚੋਣਾਂ ਦੇ ਨਤੀਜੇ ਆਉਣੇ ਹਨ ਅਤੇ ਨਵੀਂ ਬਣਨ ਵਾਲੀ ਸਰਕਾਰ ਸਾਹਮਣੇ ਇਹ ਫੰਡ ਚੁਣੌਤੀ ਬਣਨਗੇ। ਮੰਡੀ ਬੋਰਡ ਖੁਦ ਕਰਜ਼ੇ ਦੀ ਦਲਦਲ ਵਿੱਚ ਫਸਿਆ ਹੈ। ਦਿਹਾਤੀ ਵਿਕਾਸ ਬੋਰਡ ਨੇ ਵੀ ਪੰਜਾਬ ਸਰਕਾਰ ਦੀ ਗਾਰੰਟੀ ਉੱਤੇ 4500 ਕਰੋੜ ਦਾ ਕਰਜ਼ਾ ਚੁਕਿਆ ਹੋਇਆ ਹੈ ਅਤੇ ਦਿਹਾਤੀ ਵਿਕਾਸ ਫੰਡਾਂ ਵਿੱਚੋਂ ਹੀ ਕਰਜ਼ੇ ਦੀਆਂ ਕਿਸ਼ਤਾਂ ਵਾਪਸ ਕੀਤੀਆਂ ਜਾਂਦੀਆਂ ਹਨ।

## ਕੇਂਦਰੀ ਸਰਕਾਰ ਦਾ ਨਵਾਂ ਹਮਲਾ:ਡੈਮਾਂ ਦੀ ਸੁਰੱਖਿਆ ਤੋਂ ਪੰਜਾਬ ਦੀ ਪੁਲਸ ਵੀ ਲਾਂਭੇ ਕੀਤੀ

ਚੰਡੀਗੜ੍ਹ, 3 ਮਾਰਚ (ਪੋਸਟ ਬਿਊਰੋ)- ਭਾਰਤ ਦੀ ਕੇਂਦਰ ਸਰਕਾਰ ਨੇ ਸੂਬਾਈ ਪੁਲਸ ਨੂੰ ਡੈਮਾਂ ਦੀ ਸੁਰੱਖਿਆ ਤੋਂ ਲਾਂਭੇ ਕਰਨ ਦਾ ਫੈਸਲਾ ਕੀਤਾ ਹੈ ਅਤੇ ਇਨ੍ਹਾਂ ਡੈਮਾਂ ਦੀ ਸੁਰੱਖਿਆ ਕੇਂਦਰੀ ਫੋਰਸਾਂ ਦੇ ਜਵਾਨ ਕਰਨਗੇ।

ਭਾਖੜਾ ਬਿਆਸ ਮੈਨੇਜਮੈਂਟ ਬੋਰਡ ਨੇ ਪੰਜਾਬ ਵਿਚਲੇ ਤਿੰਨ ਪ੍ਰਮੁੱਖ ਡੈਮਾਂ ਦੀ ਰਾਖੀ ਕੇਂਦਰੀ ਸਨਅਤੀ ਸੁਰੱਖਿਆ ਫੋਰਸ (ਸੀ ਆਈ ਐਸ ਐਫ) ਦੇ ਹਵਾਲੇ ਕਰਨ ਦਾ ਫੈਸਲਾ ਕੀਤਾ ਹੈ। ਬੀ ਬੀ ਐਮ ਬੀ ਵੱਲੋਂ ਕੇਂਦਰੀ ਫੋਰਸਾਂਦੇ ਲਈਪ੍ਰਵਾਨਗੀ ਮਿਲ ਗਈ ਹੈ। ਪੰਜਾਬ ਦੀਆਂ ਰਾਜਸੀ ਧਿਰਾਂ ਨੇ ਇਸ ਦਾ ਤਿੱਖਾ ਵਿਰੋਧ ਕੀਤਾ ਹੈ।

ਪੰਜਾਬ ਵਿਧਾਨ ਸਭਾ ਚੋਣਾਂ ਦੇ ਨਤੀਜੇ ਨਿਕਲ ਤੋਂ ਪਹਿਲਾਂ ਹੀ ਕੇਂਦਰ ਸਰਕਾਰ ਨੇ ਹੱਥੋ-ਹੱਥ ਪੰਜਾਬ ਦੇ ਹਿੱਤਾਂ ਨੂੰ ਢਾਹ ਲਾਉਣ ਵਾਲੇ ਫੈਸਲੇ ਲਏ ਹਨ। ਪਹਿਲਾਂ ਬੀ ਬੀ ਐਮ ਬੀ ਦੀ ਪੱਕੀ ਪ੍ਰਤੀਨਿਧਤਾ ਤੋਂ ਪੰਜਾਬ ਨੂੰ ਬਾਹਰ ਕਰ ਦਿੱਤਾ। ਫਿਰ ਬੀ ਬੀ ਐਮ ਬੀ ਨੇ ਪਹਿਲੀ ਫਰਵਰੀ ਨੂੰ ਤਿੰਨ ਹਾਈਡਲ ਪ੍ਰੋਜੈਕਟਾਂ ਉੱਤੇ ਕੇਂਦਰੀ ਫੋਰਸਾਂ ਦੇ 824 ਮੁਲਾਜ਼ਮਾਂ ਤੇ ਅਧਿਕਾਰੀਆਂ ਦੀ ਗਿਣਤੀ ਪ੍ਰਵਾਨ ਕਰ ਲਈ ਹੈ। ਪਹਿਲਾਂ ਇਨ੍ਹਾਂ ਪ੍ਰੋਜੈਕਟਾਂ ਦੀ ਰਾਖੀ ਪੰਜਾਬ ਤੇ ਹਿਮਾਚਲ ਪ੍ਰਦੇਸ਼ ਪੁਲਸ ਕੋਲ ਸੀ। ਨਵੇਂ ਫੈਸਲੇ ਮੁਤਾਬਕ ਭਾਖੜਾ ਡੈਮ ਪ੍ਰੋਜੈਕਟ ਉੱਤੇ ਕੇਂਦਰੀ ਫੋਰਸਾਂ ਦੇ 435 ਮੁਲਾਜ਼ਮ ਤੈਨਾਤ ਹੋਣਗੇ ਜਦੋਂ ਕਿ ਬਿਆਸ ਡੈਮ ਪ੍ਰੋਜੈਕਟ ਲਈ 146 ਮੁਲਾਜ਼ਮਾਂ ਤੇ ਸਤਲੁਜ ਬਿਆਸ ਲਿੰਕ ਪ੍ਰੋਜੈਕਟ ਉੱਤੇ 243 ਮੁਲਾਜ਼ਮ ਲਾਏ ਜਾਣ ਦੀ ਮਨਜ਼ੂਰੀ ਮਿਲੀ ਹੈ। ਇੱਕ ਅੰਦਾਜ਼ਾ ਹੈ ਕਿ ਕੇਂਦਰੀ ਬਲਾਂ ਦੀ ਸੁਰੱਖਿਆ ਦਾ ਖਰਚ ਨੱਬੇ ਕਰੋੜ ਰੁਪਏ ਆਵੇਗਾ, ਜਿਸ ਦਾ ਬੋਝ ਡੈਮਾਂ ਵਿੱਚ ਹਿੱਸੇਦਾਰ ਰਾਜਾਂ ਉੱਤੇ ਪੈਣਾ ਹੈ। ਸਭ ਤੋਂ ਪਹਿਲਾਂ ਸਾਲ 2010 ਵਿੱਚ ਡੈਮਾਂ ਦੀ ਸੁਰੱਖਿਆ ਸੀ ਆਈ ਐਸ ਐਫ ਹਵਾਲੇ ਕਰਨ ਦੀ ਗੱਲ ਚੱਲੀ ਅਤੇ ਬੀ ਬੀ ਐਮ ਬੀ ਨੇ 2013-14 ਵਿੱਚ ਹਿੱਸੇਦਾਰ ਰਾਜਾਂ ਨੂੰ ਤਜਵੀਜ਼ ਭੇਜੀ ਸੀ, ਜੋ ਰਾਜ ਸਰਕਾਰਾਂ ਨੇ ਰੱਦ ਕਰ ਦਿੱਤੀ ਸੀ। ਫਿਰ ਪਾਰਲੀਮੈਂਟ ਵਿੱਚ ਸਾਲ 2019 ਵਿੱਚ ਡੈਮ ਸੇਫਟੀ ਬਿੱਲ ਲਿਆਂਦਾ ਗਿਆ, ਜੋ ਦੋ ਤਿੰਨ ਮਹੀਨੇ ਪਹਿਲਾਂ ਐਕਟ ਬਣਿਆ ਹੈ। ਤਾਮਿਲ ਨਾਡੂ ਨੇ ਇਸ ਬਿੱਲ ਦਾ ਸਖਤ ਵਿਰੋਧ ਕੀਤਾ ਸੀ।

ਜਦੋਂ ਕੇਂਦਰ ਸਰਕਾਰ ਲਗਾਤਾਰ ਹੱਲੇ ਬੋਲ ਰਹੀ ਹੈ ਤਾਂ ਪੰਜਾਬ ਦੇ ਮੁੱਖ ਮੰਤਰੀ ਚਰਨਜੀਤ ਸਿੰਘ ਚੰਨੀ ਅਤੇ ਕਾਂਗਰਸ ਪ੍ਰਧਾਨ ਨਵਜੋਤ ਸਿੰਘ ਸਿੱਧੂ ਦੀ ਚੁੱਪ ਸਮਝ ਨਹੀਂ ਪੈ ਰਹੀ।ਸੀਨੀਅਰ ਅਕਾਲੀਆਗੂ ਤੇ ਸਾਬਕਾ ਪਾਰਲੀਮੈਂਟ ਮੈਂਬਰ ਪ੍ਰੇਮ ਸਿੰਘ ਚੰਦੂਮਾਜਰਾ ਦਾ ਕਹਿਣਾ ਹੈ ਕਿ ਕੇਂਦਰ ਸਰਕਾਰ ਡੈਮਾਂ ਦੀ ਸੁਰੱਖਿਆ ਕੇਂਦਰੀ ਬਲਾਂ ਹਵਾਲੇ ਕਰ ਕੇ ਪੰਜਾਬ ਨੂੰ ਯੂ ਟੀ (ਯੂਨੀਅਨ ਟੈਰੀਟਰੀ) ਬਣਾਉਣ ਵੱਲ ਤੁਰ ਪਈ ਹੈ। ਪੰਜਾਬ ਦੀ ਕਾਂਗਰਸ ਦੇ ਸਾਬਕਾ ਪ੍ਰਧਾਨ ਸੁਨੀਲ ਜਾਖੜ ਨੇ ਕਿਹਾ ਕਿ ਕੇਂਦਰ ਸਰਕਾਰ ਸੋਚੀ ਸਮਝੀ ਯੋਜਨਾ ਹੇਠ ਪੰਜਾਬ ਦੇ ਗਲ ਫੰਦਾ ਪਾ ਰਹੀ ਹੈ ਅਤੇ ਅਜਿਹੇ ਚੁਣੌਤੀ ਭਰੇ ਮਾਹੌਲ ਵਿੱਚ ਪੰਜਾਬ ਦੀਆਂ ਸਭ ਧਿਰਾਂ ਨੂੰ ਇਕੱਠੇ ਹੋਣਾ ਚਾਹੀਦਾ ਹੈ। ਆਮ ਆਦਮੀ ਪਾਰਟੀ ਦੇ ਕਨਵੀਨਰ ਭਗਵੰਤ ਮਾਨ ਦਾ ਕਹਿਣਾ ਸੀ ਕਿ ਕੇਂਦਰੀ ਦਾ ਇਹ ਸੂਬਿਆਂ ਦੀ ਖੁਦਮੁਖਤਿਆਰੀ ਉੱਤੇ ਸਿੱਧਾ ਹਮਲਾ ਹੈ।

## ਗਲਫ ਦੇਸ਼ਾਂ ਨੂੰ ਚੌਲਾਂ ਓਹਲੇ ਭੇਜੇ ਜਾਂਦੇ ਲਾਲ ਚੰਦਨ ਦੇ ਸੱਤ ਕੰਟੇਨਰ ਫੜੇ

### * ਲੁਧਿਆਣੇ ਤੋਂ ਪਾਸ ਕੰਟੇਨਰ ਮੁਦਰਾ ਪੋਰਟ ਉੱਤੇ ਜ਼ਬਤ

ਲੁਧਿਆਣਾ, 3 ਮਾਰਚ (ਪੋਸਟ ਬਿਊਰੋ)- ਗਲਫ ਦੇਸ਼ਾਂ ਨੂੰ ਚਾਵਲ ਐਕਸਪੋਰਟ ਕਰਨ ਵਾਲੀ ਇੱਕ ਫਰਮ ਨੇ ਕਸਟਮ ਅਧਿਕਾਰੀਆਂ ਦੀਆਂ ਅੱਖਾਂ ਵਿੱਚ ਘੱਟਾ ਪਾ ਕੇ ਚੌਲਾਂ ਦੇ ਕੰਟੇਨਰਾਂ ਵਿੱਚ ਲਾਲ ਚੰਦਨ ਦੀ ਲੱਕੜ ਭੇਜਣ ਦਾ ਯਤਨ ਕੀਤਾ, ਪਰ ਮੁਦਰਾ ਪੋਰਟ ਉੱਤੇ ਚੈਕਿੰਗ ਦੌਰਾਨ ਅਧਿਕਾਰੀਆਂ ਨੇ ਇਨ੍ਹਾਂ ਕੰਟੇਨਰਾਂ ਨੂੰ ਜ਼ਬਤ ਕਰ ਲਿਆ। ਜ਼ਬਤ ਕੀਤੀ ਗਈ ਲਾਲ ਚੰਦਨ ਦੀ ਲੱਕੜ ਦੀ ਕੀਮਤ ਕਰੀਬ 100 ਕਰੋੜ ਰੁਪਏ ਦੱਸੀ ਜਾ ਰਹੀ ਹੈ।



ਵਰਨਣ ਯੋਗ ਹੈ ਕਿ ਲਾਲ ਚੰਦਨ ਪਾਬੰਦੀਸ਼ੁਦਾ ਚੀਜ਼ਾਂ ਦੀ ਲਿਸਟ ਵਿੱਚ ਹੈ। ਪਹਿਲਾਂ ਵੀ ਵਿਭਾਗ ਨੇ ਇਸ ਤਰ੍ਹਾਂ ਦੇ ਕੇਸ ਫੜੇ ਹਨ। ਲੁਧਿਆਣਾ ਦੀ ਟੀਮ ਨੇ ਇਨ੍ਹਾਂ ਕੰਟੇਨਰਾਂ ਨੂੰ ਪਾਸ ਕਰ ਦਿੱਤਾ ਸੀ, ਪਰ ਅੱਗੇ ਜਾ ਕੇ ਫੜੇ ਜਾਣ ਨਾਲ ਏਥੋਂ ਦੇ ਅਧਿਕਾਰੀਆਂ ਦੇ ਹੱਥ-ਪੈਰ ਫੁੱਲ ਗਏ ਅਤੇ ਵਿਭਾਗ ਵਿੱਚ ਹਫੜਾ-ਦਫੜੀ ਮੱਚ ਗਈ ਹੈ।

ਮਿਲੀ ਜਾਣਕਾਰੀ ਮੁਤਾਬਕ ਜਲਾਲਾਬਾਦ ਵਿੱਚੋਂ ਚੌਲ ਐਕਸਪੋਰਟ ਕਰਨ ਵਾਲੀ ਇਕ ਵੱਡੀ ਫਰਮ ਨੇ ਚੌਲਾਂ ਦੇ ਸੱਤ ਕੰਟੇਨਰ ਕੁਝ ਦਿਨ ਪਹਿਲਾਂ ਗਲਫ ਦੇਸ਼ਾਂ ਨੂੰ ਭੇਜੇ ਸਨ, ਜਿਸ ਨੂੰ ਲੁਧਿਆਣਾ ਆਈ ਸੀ ਡੀ ਕਾਰਨਰ ਉੱਤੇ ਚੈਕਿੰਗ ਦੌਰਾਨ ਕਸਟਮ ਅਧਿਕਾਰੀਆਂ ਦੀ ਟੀਮ, ਜਿਸ ਵਿੱਚ ਦੋ ਸੁਪਰਡੈਂਟ ਅਤੇ ਇੰਸਪੈਕਟਰ ਸ਼ਾਮਲ ਸਨ, ਨੇ ਪਾਸ ਕਰ ਦਿੱਤਾ ਸੀ। ਇਸਪਿੱਛੋਂ ਕੰਟੇਨਰਾਂ ਨੂੰ ਟ੍ਰੇਨ ਰਾਹੀਂ ਮੁਦਰਾ ਪੋਰਟ ਉੱਤੇ ਭੇਜ ਦਿੱਤਾ ਗਿਆ। ਜਦੋਂ ਉਥੇ ਕੰਟੇਨਰਾਂ ਦੀ ਸਕ੍ਰੀਨਿੰਗ ਹੋਈ ਤਾਂ ਉਨ੍ਹਾਂ ਨੂੰ ਇਨ੍ਹਾਂ ਕੰਟੇਨਰਾਂ ਵਿੱਚ ਭਰੇ ਸਾਮਾਨ ਉੱਤੇ ਸ਼ੱਕ ਹੋਇਆ ਤਾਂ ਉਨ੍ਹਾਂ ਨੇ ਇਨ੍ਹਾਂ ਨੂੰ ਖੋਲ੍ਹ ਕੇ ਦੇਖਿਆ ਤਾਂ ਕੰਟੇਨਰਾਂ ਵਿੱਚ ਚੌਲਾਂ ਦੇ ਪਿੱਛੇ ਲਾਲ ਚੰਦਨ ਦੀ ਲੱਕੜ ਭਰੀ ਹੋਈ ਸੀ।ਪਤਾ ਕੀਤਾ ਜਾ ਰਿਹਾ ਹੈ ਕਿ ਇਸ ਮਾਮਲੇ ਵਿਚ ਕਿਸ ਪੱਧਰ ਉੱਤੇ ਗਲਤੀ ਹੋਈ ਹੈ ਜਾਂ ਫਿਰ ਜਾਣ-ਬੁੱਝ ਕੇ ਇਨ੍ਹਾਂ ਨੂੰ ਅੱਗੇ ਭੇਜਿਆ ਗਿਆ ਹੈ।

## ਇਟਲੀ ਦੀ ਰੰਜਿਸ਼ ਕੱਢਣ ਲਈ ਕਬੱਡੀ ਖਿਡਾਰੀ ਉੱਤੇ ਗੋਲੀਆਂ ਚਲਾ ਦਿੱਤੀਆਂ

ਜਲੰਧਰ, 3 ਮਾਰਚ (ਪੋਸਟ ਬਿਊਰੋ)- ਪਿੰਡ ਅਠੌਲਾ ਵਿੱਚ ਟੂਰਨਾਮੈਂਟ ਖੇਡ ਕੇ ਨਿਕਲੇ ਕਬੱਡੀ ਖਿਡਾਰੀ ਇੰਦਰਜੀਤ ਸਿੰਘ ਇੰਦਰ ਨਾਗਰਾ ਨੂੰ ਗੋਲੀ ਮਾਰਨ ਦਾ ਕੇਸ ਇਟਲੀ ਵਿੱਚ ਚੱਲਦੀ ਰੰਜਿਸ਼ ਨਾਲ ਜੁੜਿਆ ਹੋਇਆ ਹੈ।



ਇੰਦਰ ਨੇ ਦੱਸਿਆ ਕਿ ਉਹ ਪਿੰਡ ਕੋਹਾਲਾ ਦਾ ਵਾਸੀ ਹੈ ਅਤੇ 2007 ਵਿੱਚ ਇਟਲੀ ਗਿਆ ਸੀ ਅਤੇ ਉਥੇ ਵੀ ਕਬੱਡੀ ਖੇਡਦਾ ਸੀ। ਉਥੇ ਪਿੰਡ ਸੁੰਨੜਵਾਲ ਦਾ ਨਵਜੋਤ ਸਿੰਘ ਜੋਤੀ ਮਿਲਿਆ। ਕਰੀਬ ਚਾਰ ਮਹੀਨੇ ਪਹਿਲਾਂ ਨਵਜੋਤ ਦੀ ਕਿਸੇ ਨਾਲ ਲੜਾਈ ਹੋਈ ਸੀ, ਪਰ ਜ਼ਖ਼ਮੀਆਂ ਨੇ ਉਸ ਦੇ ਵਿਰੁੱਧ ਸ਼ਿਕਾਇਤ ਦੇ ਦਿੱਤੀ। ਪੁਲਸ ਨੇ ਉਸ ਦੇ ਤੇ ਜੋਤੀ ਦੇ ਵਿਰੁੱਧ ਕੇਸ ਦਰਜ ਕਰ ਲਿਆ। ਕੁਝ ਸਮੇਂ ਬਾਅਦ ਉਸ ਨੇ ਆਪਣੇ ਵਿਰੁੱਧ ਸ਼ਿਕਾਇਤ ਦੇਣ ਵਾਲਿਆਂ ਨਾਲ ਸਮਝੌਤਾ ਕਰ ਲਿਆ। ਇੰਦਰ ਮੁਤਾਬਕ ਜੋਤੀ ਦਾ ਸਮਝੌਤਾ ਉਨ੍ਹਾਂ ਨਾਲ ਨਹੀਂ ਹੋਇਆ। ਇਸ ਪਿੱਛੋਂ ਕੁਝ ਲੋਕਾਂ ਨੇ ਜੋਤੀ ਨੂੰ ਘੇਰ ਕੇ ਕੁੱਟਿਆ ਸੀ। ਜ਼ਖ਼ਮੀ ਨੇ ਇਸ ਬਾਰੇ ਉਸ ਦੇ ਚਾਚੇ ਬਲਜੀਤ ਸਿੰਘ ਉੱਤੇ ਸ਼ੱਕ ਕੀਤਾ ਸੀ। ਇੰਦਰ ਨੇ ਅੱਗੇ ਕਿਹਾ ਕਿ 15 ਦਿਨ ਪਹਿਲਾਂ ਉਹ ਇਟਲੀ ਤੋਂ ਮੁੜਿਆ ਤੇ ਅਠੌਲਾ ਪਿੰਡ ਵਿੱਚ ਕਬੱਡੀ ਟੂਰਨਾਮੈਂਟ ਖੇਡਣਾ ਸ਼ੁਰੂ ਕੀਤਾ ਸੀ। ਕੱਲ੍ਹਉਹ ਟੂਰਨਾਮੈਂਟ ਦਾ ਆਖ਼ਰੀ ਮੈਚ ਖੇਡਣ ਗਿਆ ਤਾਂ ਜਦੋਂ ਬਾਹਰ ਆਇਆ ਅਤੇ ਕਾਰ ਵਿੱਚੋਂ ਸੋਨੇ ਦੀ ਚੇਨੀ ਕੱਢ ਕੇ ਪਾਉਣ ਲੱਗਾ ਤਾਂ ਉਥੇ ਇੱਕ ਕਾਰ ਰੁਕੀ, ਜਿਸ ਵਿੱਚ ਜਿੰਦਰ ਵਾਸੀ ਸੁੰਨੜਵਾਲ ਸੀ ਜੋ ਜੋਤੀ ਦਾ ਭਰਾ ਹੈ। ਉਸ ਦੇ ਨਾਲ ਕੁਝ ਅਣਪਛਾਤੇ ਲੋਕ ਵੀ ਕਾਰ ਵਿੱਚੋਂ ਨਿਕਲੇ ਅਤੇ ਅਤੇ ਬਾਹਰ ਆਉਂਦੇ ਹੀ ਉਸ ਉੱਤੇ ਗੋਲੀ ਚਲਾ ਦਿੱਤੀ, ਜੋ ਉਸ ਦੇ ਪੱਟ ਵਿੱਚ ਲੱਗੀ ਤੇ ਉਸ ਨੇ ਰੌਲਾ ਪਾ ਦਿੱਤਾ। ਉਸ ਦੇ ਸਾਥੀ ਬਾਹਰ ਆਏ ਪਰ ਉਸ ਤੋਂ ਪਹਿਲਾਂ ਜਿੰਦਰ ਉਸ ਦੇ ਗਲੇ ਵਿੱਚ ਪਾਈ ਸੋਨੇ ਦੀ ਚੈਨੀ ਖੋਹ ਕੇ ਸਾਥੀਆਂ ਸਣੇ ਕਾਰ ਵਿੱਚ ਖਿਸਕ ਗਿਆ ਸੀ।

## ਦੋ ਕਾਰਾਂ ਦੀ ਟੱਕਰ ਵਿੱਚ ਮਾਂ-ਪੁੱਤ ਦੀ ਮੌਤ, ਚਾਰ ਜ਼ਖ਼ਮੀ

ਸ੍ਰੀ ਮੁਕਤਸਰ ਸਾਹਿਬ, 3 ਮਾਰਚ (ਪੋਸਟ ਬਿਊਰੋ)- ਸ੍ਰੀ ਮੁਕਤਸਰ ਸਾਹਿਬ ਨੇੜਲੇ ਪਿੰਡ ਵੜਿੰਗ ਕੋਲ ਕੱਲ੍ਹ ਦੋ ਕਾਰਾਂ ਦੀ ਆਪਸੀ ਟੱਕਰ ਵਿੱਚ ਧਰਮਕੋਟ ਵਾਸੀ ਮਾਂ-ਪੁੱਤ ਦੀ ਮੌਤ ਹੋ ਗਈ ਅਤੇ ਚਾਰ ਲੋਕ ਜ਼ਖ਼ਮੀ ਹੋ ਗਏ।




ਮਿਲੀ ਜਾਣਕਾਰੀ ਅਨੁਸਾਰ ਧਰਮਕੋਟ ਵਾਸੀ ਜਗਸੀਰ ਸਿੰਘ ਆਪਣੀ ਮਾਂ, ਪਤਨੀ ਅਤੇ ਧੀ ਨਾਲ ਆਪਣੇ ਸਹੁਰੇ ਪਰਵਾਰ ਨੂੰ ਮਿਲਣ ਸ੍ਰੀ ਮੁਕਤਸਰ ਸਾਹਿਬ ਆਇਆ ਸੀ। ਰਾਤ ਜਦੋਂ ਉਹ ਆਪਣੀ ਵਰਨਾ ਕਾਰ ਰਾਹੀਂ ਕੋਟਕਪੂਰਾ ਵੱਲ ਜਾ ਰਿਹਾ ਸੀ ਤਾਂ ਸਾਹਮਣੇ ਤੋਂ ਆਈ ਹਾਂਡਾ ਆਈਕਾਨ ਕਾਰ ਉਸ ਦੀ ਕਾਰ ਨਾਲ ਆਣ ਵੱਜੀ। ਇਹ ਦੋਵੇਂ ਵਿਅਕਤੀ ਵੀ ਇਲਾਜ ਅਧੀਨ ਹਨ। ਜਗਸੀਰ ਸਿੰਘ ਧਰਮਕੋਟ ਤੋਂ ਅਕਾਲੀ ਆਗੂ ਤੇ ਸਾਬਕਾ ਮੰਤਰੀ ਤੋਤਾ ਸਿੰਘ ਦਾ ਨਿੱਜੀ ਸਹਾਇਕ ਸੀ। ਪੁਲਸ ਨੇ ਮ੍ਰਿਤਕ ਦੀ ਪਤਨੀ ਅੰਮ੍ਰਿਤਪਾਲ ਕੌਰ ਦੇ ਬਿਆਨਾਂ ਉੱਤੇ ਗੱਡੀ ਚਾਲਕ ਭਗਵੰਤ ਸਿੰਘ ਨਿਵਾਸੀ ਗੰਗਾਨਗਰ ਦੇ ਖ਼ਿਲਾਫ਼ ਮਾਮਲਾ ਦਰਜ ਕਰ ਕੇ ਕਾਰਵਾਈ ਸ਼ੁਰੂ ਕਰ ਦਿੱਤੀ ਹੈ।

## ਵਿਦੇਸ਼ ਤੋਂ ਆਈ ਔਰਤ ਦੀਆਂ ਵਾਲੀਆਂ ਤੇ ਚੇਨੀ ਝਪਟੀ

### * ਇੱਕ ਝਪਟਮਾਰ ਕਾਬੂ, ਦੂਜਾ ਫ਼ਰਾਰ



ਜਲੰਧਰ, 3 ਮਾਰਚ (ਪੋਸਟ ਬਿਊਰੋ)- ਵਿਦੇਸ਼ ਤੋਂ ਆਈ ਇੱਕ 68 ਸਾਲਾ ਔਰਤ ਦੇ ਗਲੇ ਵਿੱਚ ਪਾਈ ਸੋਨੇ ਦੀ ਚੇਨੀ ਤੇ ਕੰਨਾਂ ਵਿੱਚ ਪਾਈਆਂ ਵਾਲੀਆਂ ਝਪਟ ਕੇ ਫਰਾਰ ਹੋ ਰਹੇ ਐਕਟਿਵਾ ਸਵਾਰ ਦੋ ਜਣਿਆਂ ਵਿੱਚੋਂ ਇੱਕ ਨੂੰ ਲੋਕਾਂ ਨੇ ਕਾਬੂ ਕਰਕੇ ਪੁਲਸ ਦੇ ਹਵਾਲੇ ਕਰ ਦਿੱਤਾ, ਪਰ ਦੂਸਰਾ ਫਰਾਰ ਹੋ ਗਿਆ ਹੈ।

ਸਵਿਤਰੀ ਦੇਵੀ (68) ਵਾਸੀ ਚੀਮਾ ਨਗਰ ਜਲੰਧਰ ਦੇ ਚੀਮਾ ਚੌਕ ਨੇੜੇ ਪੈਦਲ ਜਾ ਰਹੀ ਸੀ ਕਿ ਪਿੱਛੋਂ ਐਕਟਿਵਾ ਉੱਤੇ ਆਏ ਦੋ ਜਣਿਆਂ ਨੇ ਉਸ ਦੇ ਗਲੇ ਵਿੱਚ ਪਾਈ ਸੋਨੇ ਦੀ ਚੇਨੀ ਅਤੇ ਕੰਨਾਂ ਵਿੱਚ ਪਾਈਆਂ ਵਾਲੀਆਂ ਝਪਟ ਲਈਆਂ। ਪੀੜਤ ਮਹਿਲਾ ਵੱਲੋਂ ਰੌਲਾ ਪਾਉਣ ਉੱਤੇ ਇਲਾਕੇ ਦੇ ਲੋਕਾਂ ਨੇ ਇਕੱਠੇ ਹੋ ਕੇ ਦੋਸ਼ੀਆਂ ਨੂੰ ਫੜਨ ਦੀ ਕੋਸ਼ਿਸ਼ ਕੀਤੀ ਤਾਂ ਇੱਕ ਜਣਾ ਐਕਟਿਵਾ ਛੱਡ ਕੇ ਭੱਜ ਗਿਆ। ਰਾਹਗੀਰਾਂ ਨੇ ਦੂਸਰੇਦੋਸ਼ੀ ਨੂੰ ਐਕਟਿਵਾ ਸਣੇ ਕਾਬੂ ਕਰ ਲਿਆ। ਉਸ ਕੋਲੋਂ ਵਾਲੀਆਂ ਬਰਾਮਦ ਕਰਕੇ ਲੋਕਾਂ ਨੇ ਪੀੜਤ ਔਰਤ ਨੂੰ ਦੇ ਦਿੱਤੀਆਂ। ਫਰਾਰ ਦੋਸ਼ੀ ਚੇਨੀ ਆਪਣੇ ਨਾਲ ਲੈ ਗਿਆ। ਲੋਕਾਂ ਤੇ ਪੁਲਸ ਵੱਲੋਂ ਕੀਤੀ ਪੁੱਛਗਿੱਛ ਵਿੱਚ ਦੋਸ਼ੀ ਨੇ ਆਪਣਾ ਨਾਮ ਲੱਕੀ ਵਾਸੀ ਕਾਦੀਆਂ ਦੱਸਿਆ। ਉਸਦੀ ਐਕਟਿਵਾ ਵਿੱਚੋਂ ਇੱਕ ਨੰਬਰ ਪਲੇਟ ਅਤੇ ਟੀਕੇ ਲਾਉਣ ਲਈ ਰੱਖੀਆਂ ਸਰਿੰਜਾਂ ਮਿਲੀਆਂ ਹਨ।

## ਐਨੀਮਲ ਬਾਇਓਤਕਨਾਲੋਜੀ ਕਾਲਜ ਦੇ ਸਥਾਪਨਾ ਦਿਵਸ ਸੰਬੰਧੀ ਸਮਾਰੋਹ ਸੰਪੂਰਨ

ਲੁਧਿਆਣਾ, 3 ਮਾਰਚ (ਗਿਆਨ ਸਿੰਘ)- ਗੁਰੂ ਅੰਗਦ ਦੇਵ ਵੈਟਨਰੀ ਅਤੇ ਐਨੀਮਲ ਸਾਇੰਸਜ਼ ਯੂਨੀਵਰਸਿਟੀ, ਲੁਧਿਆਣਾ ਦੇ ਐਨੀਮਲ ਬਾਇਓਤਕਨਾਲੋਜੀ ਕਾਲਜ ਦੇ ਸਥਾਪਨਾ ਦਿਵਸ ਸੰਬੰਧੀ ਕਰਵ-ਾਇਆ ਗਿਆ ਇਕ ਹਫ਼ਤੇ ਦਾ ਸਮਾਰੋਹ ਖੁਸ਼ੀ ਤੇ ਖੇੜੇ ਦੇ ਮਾਹੌਲ ਵਿਚ ਸੰਪੂਰਨ ਹੋ ਗਿਆ।ਕਾਲਜ ਦੇ ਡੀਨ ਅਤੇ ਸਮਾਰੋਹ ਦੇ ਪ੍ਰਧਾਨ, ਡਾ. ਯਸ਼ਪਾਲ ਸਿੰਘ ਮਲਿਕ ਨੇ ਜਾਣਕਾਰੀ ਦਿੱਤੀ ਕਿ ਇਸ ਸਾਲ ਵਿਦਿਆਰਥੀਆਂ ਦੇ ਨਾਲ ਅਧਿਆਪਕਾਂ ਅਤੇ ਕਰਮਚਾਰੀਆਂ ਨੇ ਵੀ ਕਰਵਾਈਆਂ ਗਈਆਂ ਗਤੀਵਿਧੀਆਂ ਵਿਚ ਜ਼ਿਕਰਯੋਗ ਯੋਗਦਾਨ ਪਾਇਆ।ਉਨਾਂ ਨੇ ਸਮਾਪਤੀ ਸੰਬੋਧਨ ਵਿਚ ਕਾਲਜ ਦੀਆਂ ਖੋਜ, ਅਧਿਆਪਨ ਅਤੇ ਪਸਾਰ ਗਤੀਵਿਧੀਆਂ ਬਾਰੇ ਚਾਨਣਾ ਪਾਇਆ।ਇਸ ਮੌਕੇ ’ਤੇ ਡਾ. ਨਚਿਕ-ੇਤ ਕੋਤਵਾਲੀਵਾਲੇ, ਨਿਰਦੇਸ਼ਕ, ਸੀਫ਼ੇਟ ਸੰਸਥਾ ਬਤੌਰ ਮੁੱਖ ਮਹਿਮਾਨ ਸ਼ਾਮਿਲ ਹੋਏ। ਉਨਾਂ ਨੇ ਕਿਹਾ ਕਿ ਕਲਾਤਮਿਕ ਗਤੀਵਿਧੀਆਂ ਦੀ ਸਾਡੇ ਜੀਵਨ ਵਿਚ ਬਹੁਤ ਅਹਿਮ ਭੂਮਿਕਾ ਹੈ ਅਤੇ ਵਿਗਿਆਨ ਤੇ ਖੋਜ ਦੀ ਪੜਾਈ ਵਾਲੇ ਵਿਦਿਆਰਥੀਆਂ ਨੂੰ ਵੀ ਇਨਾਂ ਵਿਚ ਜ਼ਰੂਰ ਹਿੱਸਾ ਲੈਣਾ ਚਾਹੀਦਾ ਹੈ। ਸਾਬਕਾ ਡੀਨ ਪੋਸਟ ਗ੍ਰੈਜੂਏਟ ਸਟੱਡੀਜ਼, ਡਾ. ਸਿਮਰਤ ਸਾਗਰ ਸਿੰਘ ਅਤੇ ਡਾ. ਪ੍ਰਵੀਨ ਛੁਨੇਜਾ, ਨਿਰਦੇਸ਼ਕ ਖੇਤੀਬਾੜੀ ਬਾਇਓਤਕਨਾਲੋਜੀ, ਪੀ ਏ ਯੂ ਬਤੌਰ ਪਤਵੰਤੇ ਮਹਿਮਾਨ ਸਮਾਗਮ ਵਿਚ ਸ਼ਾਮਿਲ ਹੋਏ। ਯੂਨੀਵਰਸਿਟੀ ਦੇ ਅਧਿਕਾਰੀਆਂ ਨੇ ਵੀ ਸਮਾਗਮ ਦੀ ਸੋਭਾ ਵਧਾਈ। ਪ੍ਰਤੀਭਾਗੀਆਂ ਨੂੰ ਸਨਮਾਨਾਂ ਨਾਲ ਨਿਵਾਜਿਆ ਗਿਆ।



ਡਾ. ਸਿਮਰਿੰਦਰ ਸਿੰਘ ਸੋਢੀ, ਪ੍ਰਬੰਧਕੀ ਸਕੱਤਰ ਨੇ ਜਾਣਕਾਰੀ ਦਿੱਤੀ ਕਿ ਵਿਦਿਆਰਥੀਆਂ ਨੇ ਸਨਾਤਨੀ ਨਾਚ, ਕਵਿਤਾ, ਲੋਕ-ਨਾਚ ਅਤੇ ਹੋਰ ਵੰਨਗੀਆਂ ਨਾਲ ਸਮਾਰੋਹ ਵਿਚ ਜੀਵਨ ਦੇ ਕਈ ਰੰਗ ਪ੍ਰਦਰਸ਼ਿਤ ਕੀਤੇ।ਉਨਾਂ ਕਿਹਾ ਕਿ ਕਾਲਜ ਦੇ ਕੁੱਲ 110 ਵਿਦਿਆਰਥੀਆਂ ਵਿਚੋਂ 73 ਵਿਦਿਆਰਥੀਆਂ ਨੇ ਵਿਭਿੰਨ ਮੁਕਾਬਲਿਆਂ ਜਿਨਾਂ ਵਿਚ ਫੋਟੋਗ੍ਰਾਫੀ, ਕਾਰਟੂਨਿੰਗ, ਰੰਗੋਲੀ ਬਨਾਉਣਾ, ਮਿੱਟੀ ਦੇ ਬੁੱਤ ਘੜਨੇ, ਕੋਲਾਜ ਮੇਕਿੰਗ, ਪੋਸਟਰ ਬਨਾਉਣੇ ਅਤੇ ਭਾਸ਼ਣਕਾਰੀ ਸ਼ਾਮਿਲ ਸਨ, ਵਿਚ ਹਿੱਸਾ ਲਿਆ।ਡਾ. ਸਤਪ੍ਰਕਾਸ਼ ਸਿੰਘ, ਸੰਯੁਕਤ ਪ੍ਰਬੰਧਕੀ ਸਕੱਤਰ ਨੇ ਜਾਣਕਾਰੀ ਦਿੱਤੀ ਕਿ ਵੱਖੋ-ਵੱਖਰੇ ਮੁਕਾਬਲਿਆਂ ਵਿਚ ਹਿੱਸਾ ਲੈ ਕੇ ਅਤੇ ਇਨਾਮ ਜਿੱਤ ਕੇ ਵਿਦਿਆਰਥੀ ਬਹੁਤ ਖੁਸ਼ ਸਨ।ਡਾ. ਰਾਮਸਰਨ ਸੇਠੀ ਨੇ ਸਮਾਗਮ ਦੀ ਸਮਾਪਤੀ ’ਤੇ ਪਤਵੰਤੇ ਮਹਿਮਾਨਾਂ ਅਤੇ ਪ੍ਰਤੀਭਾਗੀਆਂ ਨੂੰ ਧੰਨਵਾਦ ਕਿਹਾ।



ਕੋਲਾਜ ਮੁਕਾਬਲੇ ਦਾ ਨਤੀਜਾ: 1. ਸਮਰੀਤ ਕੌਰ 2. ਨਵਪ੍ਰੀਤ ਕੌਰ 3. ਪਿਯੂਸ਼ ਅਤੇ ਮਨਜੋਤ ਕੌਰ

ਪੋਸਟਰ ਬਨਾਉਣਾ: 1. ਦਲਬੀਰ ਸਿੰਘ 2. ਗੁਰਵਿੰਦਰ ਕੌਰ 3. ਅਮੋਲਦੀਪ ਕੌਰ

ਭਾਸ਼ਣਕਾਰੀ :1. ਨਵਦੀਪ ਕੌਰ 2. ਦਿਵਨੂਰ ਕੌਰ ਗਰਚਾ ਅਤੇ ਪਰਮਜੀਤ ਸ਼ਰਮਾ 3. ਪ੍ਰਿਯਾ ਸ਼ਰਮਾ।

## ਜਾਨ ਬਚਾਉਣ ਲਈ ਮਨਦੀਪ ਤਿੰਨ ਦਿਨ ਪੈਦਲ ਤੁਰਦਾ ਰਿਹਾ

ਜ਼ੀਰਕਪੁਰ, 3 ਮਾਰਚ (ਪੋਸਟ ਬਿਊਰੋ)- ਯੂਕਰੇਨ ਵਿੱਚ ਫਸੇ ਵਿਦਿਆਰਥੀਆਂ ਦੀ ਹਾਲਤ ਕੇਂਦਰ ਸਰਕਾਰ ਵੱਲੋਂ ਕੀਤੇ ਜਾਂਦੇ ਦਾਅਵਿਆਂ ਤੋਂ ਬਿਲਕੁੱਲ ਵੱਖਰੀ ਹੈ। ਯੂਕਰੇਨ ਵਿੱਚ ਫਸੇ ਲੋਕਾਂ ਦੀ ਮਦਦ ਨੂੰ ਕੋਈ ਨਹੀਂ ਪਹੁੰਚਦਾ।



ਇੱਥੋਂ ਦੇ ਪਿੰਡ ਲੋਹਗੜ੍ਹ ਦਾ ਵਾਸੀ ਮਨਦੀਪ ਸਿੰਘ ਕੀਵ ਵਿੱਚ ਚਾਰ ਮਹੀਨੇ ਪਹਿਲਾਂ ਪੜ੍ਹਨ ਲਈ ਗਿਆ ਸੀ। ਜੰਗ ਲੱਗਣ ਕਰਕੇ ਉਹ ਵੀ ਉਥੇ ਫਸ ਗਿਆ। ਮਨਦੀਪ ਦੇ ਪਰਵਾਰ ਨੇ ਕੱਲ੍ਹ ਦੱਸਿਆ ਕਿ ਜੰਗ ਲੱਗਣ ਪਿੱਛੋਂ ਉਸ ਨੂੰ ਆਪਣੇ ਨਾਲ ਪੜ੍ਹਦੇ ਛੇ ਵਿਦਿਆਰਥੀਆਂ ਸਮੇਤ ਕੀਵ ਛੱਡਣਾ ਪਿਆ। ਮਨਦੀਪ ਆਪਣੀ ਜਾਨ ਬਚਾਉਣ ਲਈ ਆਪਣੇ ਸਾਥੀਆਂ ਦੇ ਨਾਲ ਪੈਦਲ ਪੋਲੈਂਡ ਲਈ ਚੱਲ ਗਿਆ। ਮਨਦੀਪ ਦੇ ਵੱਡੇ ਭਰਾ ਸੁਖਵੰਤ ਸਿੰਘ ਨੇ ਦੱਸਿਆ ਕਿ ਉਹ ਤਿੰਨ ਦਿਨ ਚੱਲ ਕੇ ਪੋਲੈਂਡ ਦੀ ਹੱਦ ਉੱਤੇ ਪਹੁੰ-ਚਿਆ, ਪਰ ਹੱਦ ਬੰਦ ਹੋਣ ਕਾਰਨ ਉਹ ਉਥੇ ਫਸਿਆ ਹੋਇਆ ਹੈ। ਉਸ ਦਾ ਫੋਨ ਨਹੀਂ ਮਿਲ ਰਿਹਾ। ਪਰ ਉਹ ਵ੍ਹਟਸਐਪ ਉੱਤੇ ਮੈਸੇਜ ਭੇਜ ਰਿਹਾ ਹੈ। ਉਹ ਤਿੰਨ ਦਿਨ ਭੁੱਖੇ ਰਹਿਣ ਮਗਰੋਂਮਨਫੀ ਪੰਜ ਡਿਗਰੀ ਤਾਪਮਾਨ ਵਿੱਚ ਸਫਰ ਕਰਦਾ ਰਿਹਾ। ਸੁਖਵੰਤ ਸਿੰਘ ਨੇ ਦੱਸਿਆ ਕਿ ਇਸ ਬਾਰੇ ਉਹ ਵਾਰ-ਵਾਰ ਪੰਜਾਬ ਅਤੇ ਕੇਂਦਰ ਸਰਕਾਰ ਅਤੇ ਜ਼ਿਲ੍ਹਾ ਮੁਹਾਲੀ ਦੇ ਹੈਲਪ ਲਾਈਨ ਨੰਬਰ ਰਾਹੀਂ ਮਨਦੀਪ ਅਤੇ ਉਸ ਦੇ ਸਾਥੀਆਂ ਨੂੰ ਬਚਾਉਣ ਦੀ ਅਪੀਲ ਕਰ ਰਹੇ ਹਨ, ਜਿਨ੍ਹਾਂ ਮਦਦ ਦਾ ਭਰੋਸਾ ਦਿੱਤਾ ਗਿਆ ਹੈ, ਪਰ ਹਾਲੇ ਤਕ ਕੁਝ ਨਹੀਂ ਹੋਇਆ। ਮਨਦੀਪ ਨੇ ਦੱਸਿਆ ਕਿ ਯੂਕਰੇਨ ਵਿੱਚ ਭਾਰਤੀ ਦੂਤਾਵਾਸ ਵੀ ਉਨ੍ਹਾਂ ਦੀ ਸਾਰ ਨਹੀਂ ਲੈ ਰਿਹਾ। ਉਨ੍ਹਾਂ ਮੰਗ ਕੀਤੀ ਕਿ ਭਾਰਤ ਸਰਕਾਰ ਨੂੰ ਯੂਕਰੇਨ ਦੇ ਗੁਆਂਢੀ ਦੇਸ਼ਾਂ ਨਾਲ ਰਾਬਤਾ ਕਾਇਮ ਕਰ ਉਨ੍ਹਾਂ ਦੇ ਬਾਰਡਰ ਖੁਲ੍ਹਵਾਉਣੇ ਚਾਹੀਦੇ ਹਨ।




## ਡਬਲ ਪੈਸੇ ਦਾ ਭਰੋਸਾ ਦੇ ਕੇ 12 ਵਿਅਕਤੀਆਂ ਤੋਂ 10 ਲੱਖ ਠੱਗੇ

ਕਰਨਾਲ, 3 ਮਾਰਚ (ਪੋਸਟ ਬਿਊਰੋ)- ਇੱਕ ਚਿੱਟ ਫੰਡ ਕੰਪਨੀ ਬਣਾ ਕੇ ਲੋਕਾਂ ਨਾਲ ਕਰੋੜਾਂ ਰੁਪਏ ਦੀ ਠੱਗੀ ਕਰਨ ਦੇਕੇਸ ਵਿੱਚ ਪੁਲਸ ਨੂੰ 12 ਅਜਿਹੇ ਲੋਕ ਪਤਾ ਲੱਗੇ ਹਨ, ਜਿਨ੍ਹਾਂ ਨਾਲ ਕਰੀਬ 10 ਲੱਖ ਰੁਪਏ ਦੀ ਧੋਖਾਧੜੀ ਹੋ ਗਈ ਹੈ। ਪੁਲਸ ਨੇ 12 ਲੋਕਾਂ ਦੀ ਸ਼ਿਕਾਇਤ ਉੱਤੇ ਪੰਜ ਦੋਸ਼ੀਆਂ ਸ਼ਸ਼ੀ ਭੂਸ਼ਣ, ਮਹੇਸ਼ ਯਾਦਵ, ਸਵਰੋਤਮ ਹਾਈ-ਟੈਕ ਇੰਫਰਾ ਡਿਵੈਲਪਰਸ ਲਿਮਟਿਡ ਦੇ ਮੈਨੇਜਿੰਗ ਡਾਇਰੈਕਟਰ, ਬ੍ਰਾਂਚ ਮੈਨੇਜਰ ਆਦਿ ਉੱਤੇ ਕੇਸ ਦਰਜ ਕੀਤਾ ਹੈ।

ਸੈਕਟਰ 33 ਦੀ ਝੁੱਗੀ ਝੌਂਪੜੀ ਕਾਲੋਨੀ ਦੇ ਵਾਸੀ ਕੈਲਾਸ਼ ਚੌਧਰੀ, ਮੀਰਾ ਦੇਵੀ, ਦੀਪਕ ਚੌਧਰੀ ਰਾਮ ਚੰਦਰ ਦਾਸ, ਰਾਮਪਰੀ ਦੇਵੀ, ਡੀਗਨ ਸ਼ਾਹ, ਬੀਨਾ, ਕਮਲੀ ਦੇਵੀ, ਆਨੰਦੀ ਸ਼ਾਹ, ਫੂਲ ਕੁਮਾਰੀ, ਰਾਮਬਾਬੂ ਸਾਹਨੀ, ਵੀਪਤ ਦਾਸ, ਗੁਜਰੀ ਦੇਵੀ ਨੇ ਸ਼ਿਕਾਇਤ ਦਿੱਤੀ ਹੈ ਕਿ ਉਹ ਪ੍ਰਵਾਸੀ ਮਜ਼ਦੂਰ ਹਨ ਤੇ ਮਿਹਨਤ ਕਰਨ ਲਈ ਪਿਛਲੇ ਕਾਫੀ ਸਮੇਂ ਤੋਂ ਕਰਨਾਲ ਵਿੱਚ ਰਹਿ ਰਹੇ ਹਨ। ਉਹ ਅਨਪੜ੍ਹ ਹਨ। ਦੋਸ਼ੀ ਸ਼ਸ਼ੀ ਭੂਸ਼ਣ ਤੇ ਮਹੇਸ਼ ਯਾਦਵ ਉਨ੍ਹਾਂ ਨੂੰ ਸਾਲ 2014, 15 ਤੇ 16 ਵਿੱਚ ਮਿਲੇ ਅਤੇ ਪੈਸੇ ਡਬਲ ਕਰਨ ਦੇ ਨਾਂਅ ਉਤੇ ਗੱਲਬਾਤ ਕੀਤੀ। ਦੋਸ਼ੀ ਨੇ ਭਰੋਸਾ ਦਿੱਤਾ ਕਿ ਹਰ ਮਹੀਨੇ ਕਿਸ਼ਤਾਂ ਵਿੱਚ ਪੈਸੇ ਦੇਣੇ ਹੋਣਗੇ ਅਤੇ ਕੁਝ ਸਮੇਂ ਬਾਅਦ ਤੁਹ-ਾਡੇ ਪੈਸੇ ਦੁੱਗਣੇ ਹੋ ਜਾਣਗੇ। ਦੋਸ਼ੀ ਕਰੋੜਾਂ ਰੁਪਏ ਦਾ ਘੋਟਾਲਾ ਆਮ ਜਨਤਾ ਦੇ ਨਾਲ ਕਰ ਚੁੱਕੇ ਹਨ। ਮੈਚਿਓਰਿਟੀ ਹੋਣ ਉਤੇ ਵੀ ਉਨ੍ਹਾਂ ਨੂੰ ਅੱਜ ਤਕ ਪੈਸੇ ਨਹੀਂ ਮਿਲੇ।

## ਯੂਕਰੇਨ ਤੋਂ ਨਿਕਲੇ ਭਾਰਤੀਆਂ ਨੂੰ ਪੋਲੈਂਡ ਦੇ ਗੁਰਦੁਆਰੇ ਵਿੱਚ ਸਹਾਰਾ



ਨਵੀਂ ਦਿੱਲੀ, 3 ਮਾਰਚ (ਪੋਸਟ ਬਿਊਰੋ)- ਯੂਕਰੇਨ ਉਤੇ ਰੂਸ ਦੇ ਲਗਾਤਾਰ ਵਧਦੇ ਹਮਲਿਆਂ ਨਾਲ ਸਥਿਤੀ ਬਦ ਤੋਂ ਬਦਤਰ ਹੁੰਦੀ ਜਾਂਦੀ ਹੈ। ਇਸ ਦੌਰਾਨ ਵਿਦਿਆਰਥੀਆਂ ਸਮੇਤ ਸੈਂਕੜੇ ਭਾਰਤੀ ਮੂਲ ਦੇ ਨਾਗਰਿਕ ਯੂਕਰੇਨ ਦੇ ਗੁਆਂਢੀ ਦੇਸ਼ਾਂ ਪੋਲੈਂਡ, ਰੋਮਾਨੀਆ, ਹੰਗਰੀ ਅਤੇ ਮੋਲਡੋਵਾ ਤੋਂ ਭੱਜ ਰਹੇ ਹਨ। ਸੰਕਟ ਦੀ ਘੜੀ ਵਿੱਚ ਸਿੱਖ ਕੌਮ ਹਮੇਸ਼ਾ ਵਾਂਗ 'ਸਰਬੱਤ ਦੇ ਭਲੇ' ਦੇ ਮੂਲ ਮੰਤਰ ਨਾਲ ਮਨੁੱਖਤਾ ਦੀ ਭਲਾਈ ਲਈ ਅੱਗੇ ਆਈ ਹੈ।

ਆਪਣੀ ਜਾਨ ਬਚਾ ਕੇ ਪੋਲੈਂਡ ਪਹੁੰਚੇ ਸੈਂਕੜੇ ਭਾਰਤੀ ਨਾਗਰਿਕਾਂ ਨੂੰ ਦੇਸ਼ ਦੀ ਰਾਜਧਾਨੀ ਵਾਰਸਾ ਦੇ ਗੁਰ-ਦੁਆਰਾ ਸਿੰਘ ਸਭਾ ਵਿੱਚ ਨਾ ਸਿਰਫ਼ ਪਨਾਹ ਦਿੱਤੀ ਗਈ, ਸਗੋਂ ਉਨ੍ਹਾਂ ਲਈ ਲੰਗਰ ਤੇ ਰਿਹਾਇਸ਼ ਦਾ ਵੀ ਪ੍ਰਬੰਧ ਕੀਤਾ ਗਿਆ ਹੈ। ਪ੍ਰਬੰਧਕ ਕਮੇਟੀ ਦੇ ਸੀਨੀਅਰ ਮੈਂਬਰ ਜੇਜੇ ਸਿੰਘ ਨੇ ਦੱਸਿਆ ਕਿ ਯੂਕਰੇਨ ਉਤੇ ਰੂਸ ਦੇ ਹਮਲੇ ਮਗਰੋਂ ਰੋਜ਼ ਸੈਂਕੜੇ ਭਾਰਤੀ ਨਾਗਰਿਕ ਗੁਰਦੁਆਰਾ ਸਾਹਿਬ ਦੇ ਦਰਸ਼ਨਾਂ ਲਈ ਆ ਰਹੇ ਹਨ, ਜਿਨ੍ਹਾਂ ਵਿੱਚ ਨਾ ਸਿਰਫ ਵਿਦਿਆਰਥੀ, ਬਲਕਿ ਯੂਕਰੇਨ ਵਿੱਚ ਡਰਾਈਵਰ, ਰੈਸਟੋਰੈਂਟਾਂ ਵਿੱਚ ਕੰਮ ਕਰਨ ਵਾਲੇ ਅਤੇ ਹੋਰ ਬਹੁਤ ਸਾਰੇ ਕਾਰੋਬਾਰੀ ਲੋਕ ਵੀ ਹਨ। ਇਹ ਸਾਰੇ ਦੱਖਣੀ ਭਾਰਤ, ਆਸਾਮ, ਹਰਿਆਣਾ, ਪੰਜਾਬ, ਰਾਜਸਥਾਨ ਤੇ ਹੋਰ ਰਾਜਾਂ ਨਾਲ ਸਬੰਧਤ ਹਨ। ਜੇ ਜੇ ਸਿੰਘ ਨੇ ਕੱਲ੍ਹ ਫ਼ੋਨ ਉਤੇ ਦੱਸਿਆ ਕਿ ਇਸ ਸਮੇਂ ਗੁਰਦੁਆਰਾ ਸਾਹਿਬ ਵਿੱਚ 100 ਦੇ ਕਰੀਬ ਭਾਰਤੀ ਹਨ। ਉਨ੍ਹਾਂ ਕਿਹਾ ਕਿ ਰੋਜ਼ ਵਧ ਰਹੇ ਲੋਕਾਂ ਦੀ ਗਿਣਤੀ ਕਾਰਨ ਹਰ ਕਿਸੇ ਨੂੰ ਸਿਰਫ਼ ਦੋ-ਤਿੰਨ ਦਿਨ ਲਈ ਹੀ ਇਥੇ ਰੁਕਣ ਲਈ ਕਿਹਾ ਜਾ ਰਿਹਾ ਹੈ। ਗੁਰਦੁਆਰਾ ਸਾਹਿਬ ਦੇ ਮੈਂਬਰ ਨੇ ਕਿਹਾ ਕਿ ‘‘ਪੋਲੈਂਡ ਵਿੱਚ ਸਾਰੇ ਭਾਰਤੀ ਸੁਰੱਖਿਅਤ ਹਨ। ਉਨ੍ਹਾਂ ਨਾਲ ਇਥੇ ਕਿਸੇ ਵੀ ਤਰ੍ਹਾਂ ਦਾ ਦੁਰਵਿਹਾਰ ਨਹੀਂ ਕੀਤਾ ਜਾਂਦਾ। ਯੂਕਰੇਨ ਵਿੱਚ ਅਜਿਹਾ ਇਸ ਲਈ ਹੁੰਦਾ ਸੀ ਕਿ ਭਾਰਤ ਨੇ ਰੂਸ-ਯੂਕਰੇਨ ਯੁੱਧ ਬਾਰੇ ਯੂ ਐੱਨ ਓ ਵਿੱਚ ਕੋਈ ਪੱਖ ਨਹੀਂ ਲਿਆ। ਸਿੰਘ ਨੇ ਕਿਹਾ ਕਿ ਭਾਰਤੀ ਵਿਦਿਆਰਥੀ ਭਾਰਤ ਪਰਤ ਰਹੇ ਹਨ। ਸਰਕਾਰ ਉਨ੍ਹਾਂ ਨੂੰ ਸੁਰੱਖਿਅਤ ਵਾਪਸ ਲਿਆਉਣ ਦੀ ਕੋਸ਼ਿਸ਼ ਕਰ ਰਹੀ ਹੈ ਪਰ ਯੂਕਰੇਨ ਦੇ ਪੱਕੇ ਨਾਗਰਿਕ ਬਣ ਚੁੱਕੇ ਭਾਰਤੀਆਂ ਨੂੰ ਵੱਡੀਆਂ ਸਮੱਸਿਆਵਾਂ ਦਾ ਸਾਹਮਣਾ ਕਰਨਾ ਪੈਂਦਾ ਹੈ। ਉਨ੍ਹਾਂ ਦਾ ਭਵਿੱਖ ਖਤਰੇ ਵਿੱਚ ਹੈ।

## ਭਾਜਪਾ ਮੰਤਰੀ ਦਾ ਵਿਵਾਦਤ ਬਿਆਨ, ਅਖੇ, 90 ਫ਼ੀਸਦੀ ਫ਼ੇਲ ਵਿਦਿਆਰਥੀ ਵਿਦੇਸ਼ ਪੜ੍ਹਨ ਜਾਂਦੇ ਨੇ

ਨਵੀਂ ਦਿੱਲੀ, 3 ਮਾਰਚ (ਪੋਸਟ ਬਿਊਰੋ)- ਯੂਕਰੇਨ ਤੇ ਰੂਸ ਦੀ ਜੰਗ ਦੌਰਾਨ ਭਾਰਤ ਦੀ ਕੇਂਦਰੀ ਸਰਕਾਰ ਦੇ ਮੰਤਰੀ ਪ੍ਰਹਿਲਾਦ ਜੋਸ਼ੀ ਇੱਕ ਬਿਆਨ ਦੇ ਕੇ ਵਿਵਾਦਾਂ ਵਿੱਚ ਘਿਰ ਗਏ ਹਨ। ਉਨ੍ਹਾਂ ਨੇ ਯੂਕਰੇਨ ਵਿੱਚ ਫਸੇ ਵਿਦਿਆਰਥੀਆਂ ਦੇ ਬਾਰੇ ਬਿਆਨ ਦਿੱਤਾ ਕਿ ਵਿਦੇਸ਼ਾਂ ਵਿੱਚ ਪੜ੍ਹਦੇ 90 ਫ਼ੀਸਦੀ ਮੈਡੀਕਲ ਸਟੂਡੈਂਟ ਨੀਟ ਪ੍ਰੀਖਿਆ ਪਾਸ ਨਹੀਂ ਕਰ ਸਕਦੇ। ਪਾਰਲੀਮੈਂਟਰੀ ਮਾਮਲਿਆਂ, ਕੋਲਾ ਤੇ ਮਾਈਨਿੰਗ ਮੰਤਰੀ ਦੇ ਇਸ ਬਿਆਨ ਉੱਤੇ ਸਵਾਲ ਉਠ ਰਹੇ ਹਨ।

ਇਸ ਦੇ ਬਾਅਦ ਮੰਤਰੀ ਨੇ ਕਿਹਾ ਕਿ ਅਜੇ ਇਸ ਮੁੱਦੇ ਉੱਤੇ ਬਹਿਸ ਕਰਨ ਦਾ ਸਹੀ ਸਮਾਂ ਨਹੀਂ, ਪਰ ਉਸ ਤੋਂ ਪਹਿਲਾਂ ਇਹ ਬਿਆਨ ਚਰਚਿਤ ਹੋ ਚੁੱਕਾ ਸੀ।ਕਾਂਗਰਸ ਦੇ ਬੁਲਾਰੇ ਰਣਦੀਪ ਸੁਰਜੇਵਾਲਾ ਨੇ ਕਿਹਾ ਕਿ ਪ੍ਰਹਿਲਾਦ ਜੋਸ਼ੀ ਨੇ ਯੂਕਰੇਨ ਵਿੱਚ ਫਸੇ ਵਿਦਿਆਰਥੀਆਂ ਦੀ ਬੇਇਜ਼ਤੀ ਕੀਤੀ ਹੈ। ਦੂਸਰੇ ਪਾਸੇ ਐਨ ਸੀ ਪੀ ਪਾਰਲੀਮੈਂਟ ਮੈਂਬਰ ਸੁਪ੍ਰਿਆ ਸੁਲੇ ਨੇ ਲਿਖਿਆ ਕਿ ਯੂਕਰੇਨ ਵਿੱਚ ਫਸੇ



ਵਿਦਿਆਰਥੀਆਂ ਤੇ ਉਨ੍ਹਾਂ ਦੇ ਮਾਪਿਆਂ ਦੋਵਾਂ ਲਈ ਹਾਲਾਤ ਚੰਗੇ ਨਹੀਂ। ਇਸ ਵਿਚਾਲੇ ਸਾਡਾ ਫੋਕਸ ਭਾਰਤੀ ਯਾਤਰੀਆਂ ਨੂੰ ਸੁਰੱਖਿਅਤ ਕੱਢਣ ਉਤੇ ਚਾਹੀਦਾ ਹੈ। ਮੈਨੂੰ ਇਹ ਸੋਚ ਕੇ ਚਿੰਤਾ ਹੁੰਦੀ ਹੈ ਕਿ ਇਸ ਮਾਹੌਲ ਵਿੱਚ ਸਾਡੇ ਕੁਝ ਮੰਤਰੀ ਸਖ਼ਤ, ਅਸੰਵੇਦਨਸ਼ੀਲ ਤੇ ਗ਼ੈਰ-ਜ਼ਿੰਮੇਵਾਰ ਬਿਆਨ ਦੇ ਰਹੇ ਹਨ।ਕਾਂਗਰਸੀ ਆਗੂ ਰਾਗਿਨੀ ਨਾਇਕ ਨੇ ਵੀ ਕਿਹਾ ਕਿ ਪ੍ਰਹਿਲਾਦ ਜੋਸ਼ੀ ਖ਼ਿਲਾਫ਼ ਐਕਸ਼ਨ ਹੋਣਾ ਚਾਹੀਦਾ ਹੈ। ਜੇ ਉਹ ਕਿਸੇ ਦਾ ਦੁੱਖ ਵੰਡ ਨਹੀਂ ਸਕਦੇ ਤਾਂ ਇਸ ਤਰ੍ਹਾਂ ਦੇ ਬਿਆਨ ਤਾਂ ਨਾ ਦਿਉ।

## ਭਾਰਤ ਸਰਕਾਰ ਨੇ ਰਾਹਤ ਤੇ ਪੁਨਰਵਾਸ ਯੋਜਨਾਵਾਂ ਦੀ ਮਿਆਦ ਪੰਜ ਸਾਲ ਵਧਾਈ

ਨਵੀਂ ਦਿਲੀ, 3 ਮਾਰਚ (ਪੋਸਟ ਬਿਊਰੋ)- ਭਾਰਤ ਦੀ ਕੇਂਦਰ ਸਰਕਾਰ ਨੇ ਦੇਸ਼ ਵਾਪਸ ਆਉਂਦੇ ਲੋਕਾਂ ਲਈ ਰਾਹਤ ਤੇ ਪੁਨਰਵਾਸ ਬਾਰੇ ਅਲੱਗ ਯੋਜਨਾ ਦੇ ਤਹਿਤ ਚਲਾਈਆਂ ਜਾਂਦੀਆਂ 7 ਮੌਜੂਦਾ ਉਪ ਯੋਜਨਾਵਾਂ ਨੂੰ 1452 ਕਰੋੜ ਰੁਪਏ ਦੇ ਕੁੱਲ ਖਰਚ ਵਿੱਚੋਂ ਪੰਜ ਸਾਲ ਤਕ ਹੋਰ ਜਾਰੀ ਰੱਖਣ ਦੇ ਪ੍ਰਸਤਾਵ ਨੂੰ ਮਨਜ਼ੂਰੀ ਦਿੱਤੀ ਹੈ।ਅੱਗੇ ਤੋਂ ਇਹ ਯੋਜਨਾਵਾਂ ਸਾਲ 2021-22 ਤੋਂ ਲੈ ਕੇ 2025-26 ਤਕ ਜਾਰੀ ਰਹਿਣਗੀਆਂ।

ਇਹ ਯੋਜਨਾ ਉਜਾੜੇ ਦੇ ਕਾਰਨ ਨੁਕਸਾਨ ਸਹਿਣ ਵਾਲੇ ਲੋਕਾਂ ਨੂੰ ਲੋੜੀਂਦੀ ਆਮਦਨ ਇਕੱਠੀ ਕਰਨ ਦੇ ਸਮਰੱਥ ਬਣਾਉਂਦੀ ਹੈ ਅਤੇ ਉਨ੍ਹਾਂ ਨੂੰ ਮੁੱਖਧਾਰਾ ਦੀਆਂ ਆਰਥਿਕ ਗਤੀਵਿਧੀਆਂ ਵਿੱਚ ਸ਼ਾਮਲ ਹੋਣ ਵਿੱਚ ਮਦਦ ਕਰਦੀ ਹੈ। ਇਸ ਬਾਰੇ ਕੇਂਦਰ ਸਰਕਾਰ ਨੇ ਇਨ੍ਹਾਂ ਲੋਕਾਂ ਲਈ ਵੱਖ-ਵੱਖ ਸਮੇਂ ਵੱਖ-ਵੱਖ ਯੋਜਨਾਵਾਂ ਸ਼ੁਰੂ ਕੀਤੀਆਂ ਹਨ ਅਤੇ ਇਨ੍ਹਾਂ ਸੱਤ ਯੋਜਨਾਵਾਂ ਨਾਲ ਪਾਕਿਸਤਾਨੀ ਕਬਜ਼ੇ ਵਾਲੇ ਜੰਮੂ ਅਤੇ ਕਸ਼ਮੀਰ ਅਤੇ ਛੰਬ ਇਲਾਕਿਆਂ ਦੇ ਉਜੜੇ ਪਰਵਾਰਾਂ ਨੂੰ ਰਾਹਤ ਅਤੇ ਪੁਨਰਵਾਸ, ਸ੍ਰੀਲੰਕਾਈ ਤਾਮਿਲ ਸ਼ਰਨਾਰਥੀਆਂ ਨੂੰ ਰਾਹਤ, ਤ੍ਰਿਪੁਰਾ ਵਿੱਚ ਰਾਹਤ ਕੈਂਪਾਂ ਵਿੱਚ ਰਹਿੰਦਹੇ ਬਰੂ ਲੋਕਾਂ ਨੂੰ ਰਾਹਤ ਮਦਦ, 1984 ਦੇ ਸਿੱਖ ਵਿਰੋਧੀ ਦੰਗਾ ਪੀੜਤਾਂ ਨੂੰ ਵਧੀ ਹੋਈ ਰਾਹਤ, ਅੱਤਵਾਦ, ਉਗਰਵਾਦ, ਫਿਰਕੂ ਹਿੰਸਾ, ਖੱਬੇ ਪੱਖੀ ਉਗਰਵਾਦੀ ਹਿੰਸਾ ਅਤੇ ਸਰਹੱਦ ਪਾਰੋਂ ਭਾਰਤੀ ਖੇਤਰ ਵਿੱਚ ਗੋਲੀਬਾਰੀ ਤੇ ਬਾਰੂਦੀ ਸੁਰੰਗ ਧਮਾਕਿਆਂ ਦੇ ਪੀੜਤਾਂ ਸਮੇਤ ਅੱਤਵਾਦੀ ਹਿੰਸਾ ਤੋਂ ਪ੍ਰਭਾਵਤ ਗੈਰ ਫੌਜੀ ਪੀੜਤਾਂ ਦੇ ਪਰਵਾਰਾਂ ਨੂੰ ਵਿੱਤੀ ਸਹਾਇਤਾ ਅਤੇ ਹੋਰ ਸਹੂਲਤਾਂ ਅਤੇ ਕੇਂਦਰੀ ਤਿੱਬਤੀ ਰਾਹਤ ਕਮੇਟੀ (ਸੀ ਟੀ ਆਰ ਸੀ) ਨੂੰ ਸਹਾਇਤਾ ਫੰਡ ਦਿੱਤਾ ਜਾਂਦਾ ਹੈ।

## ਈ-ਕਚਰਾ ਰੀ-ਸਾਈਕਲਿੰਗ ਦੀ ਜਵਾਬਦੇਹੀ ਉਤਪਾਦਕਾਂ ਉਤੇ ਹੀ

ਨਵੀਂ ਦਿੱਲੀ, 3 ਮਾਰਚ (ਪੋਸਟ ਬਿਊਰੋ)- ਈ-ਕਚਰੇ ਨਾਲ ਨਜਿੱਠਣ ਦੀਆਂ ਦੀਆਂ ਕੋਸ਼ਿਸ਼ਾਂ ਨੂੰ ਸਫਲ ਨਾ ਹੁੰਦੇ ਦੇਖ ਕੇ ਭਾਰਤ ਸਰਕਾਰ ਇਨ੍ਹਾਂ ਨਾਲ ਜੁੜੀ ਪੂਰੀ ਨੀਤੀ ਬਦਲਣ ਦੀ ਤਿਆਰੀ ਵਿੱਚ ਹੈ। ਈ-ਕਚਰਾ ਪੈਦਾ ਕਰਨ ਵਾਲਿਆਂ ਉਤੇ ਹੀ ਇਸ ਦੇ ਰੀ-ਸਾਈਕਲਿੰਗ ਦੀ ਪੂਰੀ ਜਵਾਬਦੇਹੀ ਹੋਵੇਗੀ। ਅਜਿਹਾ ਨਾ ਕੀਤਾ ਤਾਂ ਉਨ੍ਹਾਂ ਉੱਤੇ ਭਾਰੀ ਜੁਰਮਾਨੇ ਸਮੇਤ ਅਪਰਾਧਿਕ ਕਾਰਵਾਈ ਹੋ ਸਕਦੀ ਹੈ ਅਤੇ ਜੇਲ੍ਹ ਦੀ ਹਵਾ ਖਾਣੀ ਪੈ ਸਕਦੀ ਹੈ। ਉਨ੍ਹਾਂ ਦੇ ਉਤਪਾਦਾਂ ਦੀ ਵਿਕਰੀ ਉਤੇ ਵੀ ਰੋਕ ਲਾਈ ਜਾ ਸਕਦੀ ਹੈ। ਨੀਤੀ ਵਿੱਚ ਬਦਲਾਅ ਵੱਲ ਸਰਕਾਰ ਨੇ ਇਹ ਕਦਮ ਵਧਾਇਆ ਹੈ।

ਇਸ ਸਮੇਂ ਜਿੰਨਾ ਈ-ਕਚਰਾ ਪੈਦਾ ਹੋ ਰਿਹਾ ਹੈ, ਉਸ ਦਾ ਸਿਰਫ 10 ਫੀਸਦੀ ਹਿੱਸਾ ਹੀ ਇਕੱਠਾ ਹੋ ਰਿਹਾ ਹੈ। ਜੰਗਲਾਤ ਅਤੇ ਵਾਤਾਵਰਣ ਮੰਤਰਾਲਾ ਈ-ਕਚਰਾ ਪ੍ਰਬੰਧ ਨਾਲ ਜੁੜੇ ਨਿਯਮਾਂ ਵਿੱਚ ਵੱਡੇ ਬਦਲਾਅ ਦੀ ਤਿਆਰੀ ਵਿੱਚ ਹੈ ਜਿਸ ਵਿੱਚ ਇਸ ਪੂਰੀ ਵਿਵਸਥਾ ਨੂੰ ਹੋਰ ਸਖਤ ਕੀਤਾ ਜਾਣਾ ਹੈ। ਨਵੀਂ ਨੀਤੀ ਵਿੱਚ ਇਹ ਕੰਮ ਰੀ-ਸਾਈਕਲਰ ਕਰਨਗੇ, ਜੋ ਈ-ਕਚਰਾ ਇਕੱਠਾ ਕਰ ਕੇ ਉਸ ਦਾ ਨਿਪਟਾਰਾ ਕਰਨਗੇ। ਉਹ ਜਿੰਨਾ ਈ-ਕਚਰਾ ਰੀ-ਸਾਈਕਲਿੰਗ ਕਰਨਗੇ, ਉਸ ਦਾ ਸਰਟੀਫਿਕੇਟ ਬਰਾਂਡ ਉਤਪਾਦਕਾਂ ਨੂੰ ਵੇਚ ਸਕਣਗੇ। ਬ੍ਰਾਂਡ ਉਤਪਾਦਕ ਈ-ਕਚਰੇ ਨੂੰ ਇਕੱਠਾ ਕਰਨ ਅਤੇ ਰੀ-ਸਾਈਕਲ ਆਦਿ ਦੇ ਝੰਜਟ ਤੋਂ ਮੁਕਤ ਰਹਿਣਗੇ।

## ਦਿੱਲੀ ਸਰਕਾਰ ਨੇ 26 ਜਨਵਰੀ ਦੀ ਹਿੰਸਾ ਸਮੇਤ ਕਿਸਾਨ ਅੰਦੋਲਨ ਦੇ ਦੌਰਾਨ ਬਣੇ 17 ਕੇਸ ਵਾਪਸ ਲਏ

ਨਵੀਂ ਦਿੱਲੀ, 3 ਮਾਰਚ (ਪੋਸਟ ਬਿਊਰੋ)- ਭਾਰਤ ਦੀ ਕੇਂਦਰ ਸਰਕਾਰ ਦੇ ਵਿਰੁੱਧ ਤਿੰਨ ਖੇਤੀ ਕਾਨੂੰਨਾਂ ਦੇ ਖ਼ਿਲਾਫ਼ ਚੱਲੇ ਕਿਸਾਨ ਅੰਦੋਲਨ ਦੌਰਾਨ ਦਰਜ 17 ਕੇਸਾਂ ਨੂੰ ਅਰਵਿੰਦ ਕੇਜਰੀਵਾਲ ਦੀ ਦਿੱਲੀ ਸਰਕਾਰ ਨੇ ਵਾਪਸ ਲੈਣ ਦੀ ਪ੍ਰਵਾਨਗੀ ਦੇ ਦਿੱਤੀ ਹੈ। ਇਸ ਵਿੱਚ ਇੱਕ ਕੇਸ ਪਿਛਲੇ ਸਾਲ 26 ਜਨਵਰੀ ਨੂੰ ਦਿੱਲੀ ਦੇ ਲਾਲ ਕਿਲ੍ਹੇ ਉੱਤੇ ਹੋਈ ਹਿੰਸਾ ਨਾਲ ਵੀ ਜੁੜਿਆ ਹੈ। ਲੈਫਟੀਨੈਂਟ ਗਵਰਨਰ ਅਨਿਲ ਬੈਜਲ ਦੇ ਦਫ਼ਤਰ ਤੋਂ ਦਿੱਲੀ ਦੇ ਗ੍ਰਹਿ ਮੰਤਰੀ ਸਤੇਂਦਰ ਜੈਨ ਨੂੰ 31 ਜਨਵਰੀ ਨੂੰ ਭੇਜੀ ਗਈ ਫ਼ਾਈਲ ਕੱਲ੍ਹ ਕਾਨੂੰਨ ਵਿਭਾਗ ਦੀ ਰਾਏ ਲੈਣ ਪਿੱਛੋਂ ਮਨਜ਼ੂਰੀ ਕਰ ਦਿੱਤੀ ਗਈ ਹੈ।

ਵਰਨਣ ਯੋਗ ਹੈ ਕਿ ਦਿੱਲੀ ਪੁਲਸ ਨੇ ਨਵੰਬਰ 2020 ਤੋਂ ਦਸੰਬਰ 2021 ਦੌਰਾਨ ਦਰਜ ਕੀਤੇ 54 ਕੇਸਾਂ ਵਿੱਚੋਂ 17 ਕੇਸ ਵਾਪਸ ਲੈਣ ਦਾ ਫ਼ੈਸਲਾ ਕੀਤਾ ਸੀ। ਇਸ ਵਿੱਚ ਲੱਗਭਗ 200-300 ਪ੍ਰਦਰਸ਼ਨਕਾਰੀਆਂ ਤੇ 25 ਟਰੈਕਟਰਾਂ ਦੇ ਲਾਹੌਰੀ ਗੇਟ ਰਾਹੀਂ



ਲਾਲ ਕਿਲ੍ਹੇ ਪਹੁੰਚਣ ਦਾ ਕੇਸ ਵੀ ਸ਼ਾਮਲ ਹੈ, ਜਿਸ ਕਾਰਨ ਟਿਕਟ ਕਾਊਂਟਰਾਂ ਅਤੇ ਸੁਰੱਖਿਆ ਜਾਂਚ ਦੇ ਸਾਮਾਨ ਨੂੰ ਨੁਕਸਾਨ ਹੋਇਆ ਸੀ। ਇਸ ਤੋਂ ਇਲਾਵਾ 150-175 ਟਰੈਕਟਰਾਂ ਉੱਤੇ ਸਵਾਰ ਹੋ ਕੇ ਉਤਰ ਪ੍ਰਦੇਸ਼ ਦੇ ਲੋਨੀ ਤੋਂ ਦਿੱਲੀ ਵਿੱਚ ਦਾਖ਼ਲ ਹੋਣ ਵਾਲੇ ਕਿਸਾਨਾਂਖਿਲਾਫ਼ ਉਤਰ-ਪੂਰਬੀ ਦਿੱਲੀ ਦੇ ਜੋਤੀ ਨਗਰ ਥਾਣੇ ਵਿੱਚ ਇੱਕ ਕੇਸ ਦਰਜ ਕੀਤਾ ਗਿਆ ਸੀ। ਇਸ ਵਿੱਚ ਦੋਸ਼ ਹੈ ਕਿ ਉਨ੍ਹਾਂ ਕਿਸਾਨਾਂ ਨੇ ਪੁਲਸ ਮੁਲਾਜ਼ਮਾਂ ਦੀਆਂ ਡਿਊਟੀਆਂ ਵਿੱਚ ਰੁਕਾਵਟ ਪਾਈ ਅਤੇ ਉਨ੍ਹਾਂ ਉੱਤੇ ਹਮਲਾ ਕੀਤਾ ਸੀ। ਬਹੁਤੇ ਕੇਸ ਦਿੱਲੀ ਦੇ ਸਿੰਘੂ, ਟਿਕਰੀ ਅਤੇ ਗਾਜ਼ੀਪੁਰ ਬਾਰਡਰ ਉੱਤੇ ਖੇਤੀ ਕਾਨੂੰਨਾਂ ਖ਼ਿਲਾਫ਼ ਇੱਕ ਸਾਲ ਤਕ ਚੱਲੇ ਕਿਸਾਨ ਅੰਦੋਲਨ ਦੌਰਾਨ ਕੋਵਿਡ-19 ਨਿਯਮਾਂ ਤੇ ਨਿਰਦੇਸ਼ਾਂ ਦੀ ਉਲੰਘਣਾ ਨਾਲ ਸਬੰਧਤ ਹਨ। ਕੇਂਦਰ ਨੇ ਨਵੰਬਰ 2020 ਤੋਂ ਦਸੰਬਰ 2021 ਵਿਚਾਲੇ ਪ੍ਰਦਰਸ਼ਨਕਾਰੀਆਂ ਵਿਰੁੱਧ ਦਰਜ ਕੇਸ ਵਾਪਸ ਲੈ ਲੈਣ ਦੀ ਸੰਯੁਕਤ ਕਿਸਾਨ ਮੋਰਚੇ ਦੀ ਮੰਗ ਉੱਤੇ ਵੀ ਸਹਿਮਤੀ ਪ੍ਰਗਟਾਈ ਸੀ।

## ਮਹਾਰਾਸ਼ਟਰ ਦੇ ਸਿਆਸੀ ਆਗੂ ਗਵਰਨਰ ਭਗਤ ਸਿੰਘ ਕੋਸ਼ਿਆਰੀ ਦੇ ਖ਼ਿਲਾਫ਼ ਨਿੱਤਰੇ

ਮੁੰਬਈ, 3 ਮਾਰਚ (ਪੋਸਟ ਬਿਊਰੋ)- ਮਹਾਰਾਸ਼ਟਰ ਦੇ ਗਵਰਨਰ ਭਗਤ ਸਿੰਘ ਕੋਸ਼ਿਆਰੀ ਵੱਲੋਂ ਸਮਰਥ ਰਾਮਦਾਸ ਨੂੰ ਛਤਰਪਤੀ ਸ਼ਿਵਾਜੀ ਮਹਾਰਾਜ ਦਾ ਗੁਰੂ ਦੱਸੇ ਜਾਣ ਉੱਤੇ ਵਿਵਾਦ ਖੜ੍ਹਾ ਹੋ ਗਿਆ ਹੈ।

ਭਾਜਪਾ ਦੇ ਪਾਰਲੀਮੈਂਟ ਮੈਂਬਰ ਉਦਯਨਰਾਜੇ ਭੌਂਸਲੇ ਸਮੇਤ ਕਈ ਆਗੂਆਂ ਨੇ ਇਸ ਉੱਤੇ ਇਤਰਾਜ਼ ਕੀਤਾ ਹੈ। ਸ਼ਿਵਾਜੀ ਮਹਾਰਾਜ ਦੇ ਵੰਸ਼ਜਾਂ ਵਿੱਚੋਂ ਇੱਕ ਉਦਯਨਰਾਜੇ ਭੌਂਸਲੇ ਨੇ ਕਿਹਾ ਕਿ ਗਵਰਨਰ ਦੇ ਇਸ ਬੇਤੁਕੇ ਬਿਆਨ ਨਾਲ ਪੂਰੇ ਮਹਾਰਾਸ਼ਟਰ ਨੂੰ ਠੇਸ ਪਹੁੰਚੀ ਹੈ। ਉਨ੍ਹਾਂ ਗਵਰਨਰਨੂੰ ਇਹ ਬਿਆਨ ਫੌਰੀ ਵਾਪਸ ਲੈਣ ਲਈ ਕਿਹਾ ਹੈ।

ਗਵਰਨਰ ਭਗਤ ਸਿੰਘ ਕੋਸ਼ਿਆਰੀ ਨੇ ਔਰੰਗਾਬਾਦਦੇ ਇੱਕ ਪ੍ਰੋਗਰਾਮ ਦੌਰਾਨ ਛਤਰਪਤੀ ਸ਼ਿਵਾਜੀ ਮਹਾਰਾਜ ਤੇ ਚੰਦਰਗੁਪਤ ਮੌਰਿਆ ਦੀਆਂ ਮਿਸਾਲਾਂ ਦਿੰਦਿਆਂ ਗੁਰੂ ਦੀ ਭੂਮਿਕਾ ਦਾ ਜ਼ਿਕਰ ਕੀਤਾ ਤੇ ਕਿਹਾ ਸੀ, ‘ਇਸ ਧਰਤੀ ਉੱਤੇ ਕਈ ਚਕਰਵਰਤੀ ਮਹਾਰਾਜਿਆਂ ਨੇ ਜਨਮ ਲਿਆ, ਪਰ ਚੰਦਰਗੁਪਤ ਨੂੰ ਕੌਣ ਜਾਣਦਾ, ਜੇ ਚਾਣਕਿਆ ਨਾ ਹੁੰਦੇ? ਕਿਸ ਨੂੰ ਛਤਰਪਤੀ ਸ਼ਿਵਾਜੀ ਮਹਾਰਾਜ ਬਾਰੇ ਜਾਣਕਾਰੀ ਹੋਣੀ ਸੀ ਜੇਕਰ ਸਮਰਥ ਨਾ ਹੁੰਦੇ। ਮੈਂ ਚੰਦਰ-ਗੁਪਤ ਅਤੇ ਸ਼ਿਵਾਜੀ ਮਹਾਰਾਜ ਦੀ ਯੋਗਤਾ ਉੱਤੇ ਸਵਾਲ ਨਹੀਂ ਉਠਾ ਰਿਹਾ। ਗੁਰੂ ਦੀ ਭੂਮਿਕਾ ਦਾ ਸਾਡੇ ਸਮਾਜ ਵਿੱਚ ਵੱਡਾ ਸਥਾਨ ਹੈ।''

ਫੇਸਬੁੱਕ ਸੁਨੇਹੇ ਵਿੱਚਭਾਜਪਾ ਪਾਰਲੀਮੈਂਟ ਮੈਂਬਰ ਭੌਂਸਲੇ ਨੇ ਕਿਹਾ ਕਿ ਰਾਮਦਾਸ ਕਦੇ ਵੀ ਸ਼ਿਵਾਜੀ ਮਹਾਰਾਜ ਦੇ ਗੁਰੂ ਨਹੀਂ ਰਹੇ ਅਤੇ ਰਾਸ਼ਟਰਮਾਤਾ ਜੀਜਾਬਾਈ ਉਨ੍ਹਾਂ ਦੇ ਅਸਲ ਗੁਰੂ ਸਨ। ਸ਼ਿਵ ਸੈਨਾ ਦੇ ਪਾਰਲੀਮੈਂਟ ਮੈਂਬਰ ਸੰਜੈ ਰਾਊਤ ਨੇ ਵੀ ਭਾਜਪਾ ਨੂੰ ਇਸ ਮੁੱਦੇ ਉੱਤੇ ਆਪਣਾ ਸਟੈਂਡ ਸਪੱਸ਼ਟ ਕਰਨ ਲਈ ਕਿਹਾ ਹੈ। ਐਨ ਸੀ ਪੀ ਦੀ ਪਾਰਲੀਮੈਂਟਮੈਂਬਰ ਸੁਪ੍ਰਿਆ ਸੂਲੇ ਨੇ ਟਵੀਟ ਕਰਕੇ ਕਿਹਾ ਕਿ ਸ਼ਿਵਾਜੀ ਮਹਾਰਾਜ ਦੇ ਗੁਰੂ ਬਾਰੇ ਕੋਈ ਸਬੂਤ ਨਹੀਂ ਹੈ। ਮਹਾਰਾਸ਼ਟਰ ਕਾਂਗਰਸ ਮੁਖੀ ਨਾਨਾ ਪਟੋਲੇ ਨੇ ਮੋਦੀ ਦੀ ਅਗਵਾਈ ਹੇਠਲੀ ਕੇਂਦਰ ਸਰਕਾਰ ਅਤੇ ਉਨ੍ਹਾਂ ਦੇ ਨੁਮਾਇੰਦਿਆਂ ਉੱਤੇ ਦੋਸ਼ ਲਾਇਆ ਕਿ ਉਹ ਲਗਾਤਾਰ ਛਤਰਪਤੀ ਸ਼ਿਵਾਜੀ ਮਹਾਰਾਜ ਅਤੇ ਸੂਬੇ ਦਾ ਅਪਮਾਨ ਕਰ ਰਹੇ ਹਨ।

## 100 ਕਰੋੜ ਦੀ ਠੱਗੀ ਮਾਮਲੇ ਵਿਚ ਰੈਡ ਐਪਲ ਅਤੇ ਆਈਡੀਆ ਬਿਲਡਰਜ਼ ਦਾ ਮਾਲਕ ਪਰਿਵਾਰ ਸਮੇਤ ਗ੍ਰਿਫ਼ਤਾਰ



ਗਾਜ਼ੀਆਬਾਦ, 3 ਮਾਰਚ (ਪੋਸਟ ਬਿਊਰੋ)- ਫਰਜ਼ੀ ਕੰਪਨੀਆਂ ਖੋਲ੍ਹ ਕੇ ਲੋਕਾਂ ਦੇ ਨਾਲ 100 ਕਰੋੜ ਰੁਪਏ ਤੋਂ ਵੱਧ ਦੀ ਠੱਗੀ ਮਾਰਨ ਵਾਲੇ ਰੈਡ ਐਪਲ ਅਤੇ ਆਈਡੀਆ ਬਿਲਡਰਜ਼ ਕੰਪਨੀ ਦੇ ਮਾਲਕ ਰਾਜਕੁਮਾਰ ਜੈਨ ਨੂੰ ਨੰਦਗ੍ਰਾਮ ਪੁਲਸ ਨੇ ਪਰਵਾਰਕ ਮੈਂਬਰਾਂ ਸਮੇਤ ਰਾਜਨਗਰ ਐਕਸਟੈਂਸ਼ਨ ਤੋਂ ਗ੍ਰਿਫ਼ਤਾਰ ਕੀਤਾ ਹੈ। ਉਨ੍ਹਾ ਤੋਂ ਫਰਜ਼ੀ ਪਛਾਣ ਹੇਠ ਲਿਆ ਦੁਬਈ ਦਾ ਸਿਟੀਜ਼ਨ ਕਾਰਡ, ਆਧਾਰ ਕਾਰਡ, ਲੈਪਟਾਪ, ਮੋਬਾਈਲ ਅਤੇ ਹੋਰ ਸਾਮਾਨ ਬਰਾਮਦ ਹੋਇਆ ਹੈ।

ਪੁਲਸ ਦਾ ਕਹਿਣਾ ਹੈ ਕਿ ਮਸ਼ਹੂਰ ਬਿਲਡਰ ਲੋਕਾਂ ਨਾਲ ਸੁਸਾਈਟੀ ਵਿੱਚ ਪਲਾਟ ਅਤੇ ਫਲੈਟ ਦੇਣ ਦੇ ਨਾਂ ਉੱਤੇ ਠੱਗੀ ਮਾਰ ਰਹੇ ਸਨ। ਇਸ ਤੋਂ ਇਲਾਵਾ ਉਨ੍ਹਾਂ ਨੇ ਮੋਟੀ ਵਿਆਜ ਦਰ ਉੱਤੇ ਨਿਵੇਸ਼ ਕਰਵਾ ਕੇ ਲੋਕਾਂ ਨਾਲ ਕਰੋੜਾਂ ਰੁਪਏ ਦੀ ਠੱਗੀ ਵੀ ਮਾਰੀ ਹੈ। ਉਸ ਦੇ ਤੇ ਉਸ ਦੇ ਸਾਥੀਆਂ ਖ਼ਿਲਾਫ਼ 29 ਕੇਸ ਦਰਜ ਹਨ। ਮੁਲਜ਼ਮ ਪਛਾਣ ਬਦਲ ਕੇ ਦੁਬਈ ਭੱਜਣ ਦੀ ਫਿਰਾਕ ਵਿੱਚ ਸਨ। ਇਸ ਤੋਂ ਪਹਿਲਾਂ ਉਨ੍ਹਾਂ ਨੂੰ ਗ੍ਰਿਫ਼ਤਾਰ ਕਰ ਲਿਆ ਹੈ। ਰਾਜ ਕੁਮਾਰ ਜੈਨ, ਉਸਦੇ ਲੜਕੇ ਨਮਨ ਅਤੇ ਅਕਸ਼ੈ ਜੈਨ, ਬੇਟੀ ਅਨੁਸ਼ਾ, ਪਤਨੀ ਇੰਦੂ, ਪਰਵਾਰਕ ਮੈਂਬਰ ਰਿਸ਼ਭ ਜੈਨ ਅਤੇ ਪ੍ਰਤੀਕ ਜੈਨ ਰਾਮਪ੍ਰਸਥਾ ਕਾਲੋਨੀ ਚੰਦਰਨਗਰ ਦੇ ਵਸਨੀਕ ਹਨ। ਉਨ੍ਹਾ ਨੇ ਆਈਡੀਆ ਬਿਲਡਰਜ਼ ਪ੍ਰਾਈਵੇਟ ਲਿਮੀਟਿਡ, ਮੰਜੂ ਜੇ ਹੋਮਜ਼ ਅਤੇ ਰੈਡ ਐਪਲ ਸਮੇਤ ਦਰਜਨਾਂ ਨਾਵਾਂ ਉੱਤੇ ਕੰਪਨੀਆਂ ਬਣਾਈਆਂ ਹਨ, ਜਿਨ੍ਹਾਂ ਵਿੱਚ ਜਾਅਲੀ ਦਸਤਾਵੇਜ਼ ਤਿਆਰ ਕਰ ਕੇ ਮੁਲਜ਼ਮਾਂ ਵੱਲੋਂ ਇੱਕੋ ਪਲਾਟ ਅਤੇ ਫਲੈਟ ਕਈ ਵਾਰ ਵੇਚ ਕੇ ਲੋਕਾਂ ਨਾਲ ਠੱਗੀ ਮਾਰੀ ਗਈ।

## ਮਾਸੂਮ ਨਾਲ ਬਲਾਤਕਾਰ ਤੇ ਕਤਲ ਦੇ ਦੋਸ਼ੀ ਨੂੰ ਮੌਤ ਦੀ ਸਜ਼ਾ



ਪੁਣੇ, 3 ਮਾਰਚ (ਪੋਸਟ ਬਿਊਰੋ)- ਮਹਾਰਾਸ਼ਟਰ ਦੇ ਪੁਣੇ ਜ਼ਿਲ੍ਹੇ ਦੀ ਇੱਕ ਵਿਸ਼ੇਸ਼ ਪੋਕਸੋ ਅਦਾਲਤ ਨੇ ਢਾਈ ਸਾਲ ਦੀ ਬੱਚੀ ਨਾਲ ਬਲਾਤਕਾਰ ਕਰਨ ਤੇ ਉਸ ਦਾ ਕਤਲ ਕਰਨ ਦੇ ਦੋਸ਼ੀ ਨੂੰ ਮੌਤ ਦੀ ਸਜ਼ਾ ਸੁਣਾਈ ਹੈ।

ਪੋਕਸੋ (ਸੈਕਸ ਅਪਰਾਧਾਂ ਤੋਂ ਬੱਚਿਆਂ ਦੀ ਸੁਰੱਖਿਆ) ਬਾਰੇ ਅਦਾਲਤ ਦੇ ਮੁਖੀ ਜ਼ਿਲ੍ਹਾ ਜੱਜ ਸੰਜੇ ਦੇਸ਼ਮੁਖ ਨੇ ਕੱਲ੍ਹ ਸ਼ਾਮ ਸੰਜੇ ਬਬਨ ਕਾਟਕਰ (38) ਨੂੰ ਦੋਸ਼ੀ ਠਹਿਰਾਇਆ। ਸਰਕਾਰੀ ਵਕੀਲ ਅਨੁਸਾਰ ਦੋਸ਼ੀ ਨੇ 15 ਫ਼ਰਵਰੀ 2021 ਨੂੰ ਬੱਚੀ ਨੂੰ ਅਗਵਾ ਕੀਤਾ ਅਤੇ ਉਸ ਨਾਲ ਬਲਾਤਕਾਰ ਕਰਨ ਪਿੱਛੋਂ ਗਲਾ ਘੁੱਟ ਕੇ ਉਸਦਾ ਕਤਲ ਕਰ ਦਿੱਤਾ ਸੀ। ਬੱਚੀ ਦੇ ਸਰੀਰ ਉੱਤੇ ਕੱਟਣ ਦੇ 11 ਨਿਸ਼ਾਨ ਸਨ।ਜੱਜ ਨੇ ਆਪਣੇ ਆਦੇਸ਼ ਵਿੱਚ ਕਿਹਾ,‘ਦੋਸ਼ੀ ਸੰਜੇ ਨੂੰ ਪੋਕਸੋ ਦੀ ਧਾਰਾ-6 ਦੇ ਅਧੀਨ ਇਸ ਅਪਰਾਧ ਲਈ ਮੌਤ ਦੀ ਸਜ਼ਾ ਸੁਣਾਈ ਗਈ ਹੈ ਅਤੇ ਉਸ ਨੂੰ ਫਾਂਸੀ ਦਿੱਤੀ ਜਾਵੇ।'' ਵਕੀਲ ਨੇ ਦੱਸਿਆ ਕਿ ਕੇਸ ਦੀ ਸੁਣਵਾਈ ਫਾਸਟ ਟਰੈਕ ਵਿੱਚ ਹੋਈ ਤੇ ਇੱਕ ਸਾਲ ਦੇ ਅੰਦਰ ਸੰਜੇ ਨੂੰ ਦੋਸ਼ੀ ਠਹਿਰਾਇਆ ਗਿਆ ਹੈ। ਉਨ੍ਹਾਂ ਦੱਸਿਆ ਕਿ ਅਦਾਲਤ ਨੇ 16 ਗਵਾਹਾਂ ਦੇ ਬਿਆਨ ਦਰਜ ਕਰ ਕੇ ਸਬੂਤਾਂ ਮੁਤਾਬਕ ਫ਼ੈਸਲਾ ਕੀਤਾ ਹੈ।

## ਝਾਰਖੰਡ ਵਿੱਚ 150 ਲੋਕਾਂ ਦਾ ਸਿੱਖੀ ਵੱਲ ਧਰਮ ਪਰਿਵਰਤਨ ’ਤੇ ਹੋਇਆ ਹੰਗਾਮਾ

ਜਮਸ਼ੇਦਪੁਰ, 3 ਮਾਰਚ (ਪੋਸਟ ਬਿਊਰੋ)- ਝਾਰਖੰਡ ਦੇ ਗੋਲਮੁਰੀ ਦੇ ਟਿਨਪਲੇਟ ਨਾਨਕ ਨਗਰ ਵਿੱਚ 150 ਸਿੱਖਾਂ ਦੇ ਧਰਮ ਪਰਿਵਰਤਨ ਉੱਤੇ ਪੈਦਾ ਗੁੱਸੇ ਬਾਰੇ ਹੰਗਾਮਾ ਕਰਨ ਦੇ ਚਾਰ ਵੱਖ-ਵੱਖ ਕੇਸ ਦਰਜ ਹੋਏ ਹਨ।

ਧਰਮ ਪਰਿਵਰਤਨ ਦੇ ਵਿਰੋਧ ਵਿੱਚ ਕੱਲ੍ਹ ਪੰਜ ਘੰਟੇ ਹੰਗਾਮਾ ਹੋਇਆ ਸੀ। ਇਸ ਦੌਰਾਨ ਭੰਨਤੋੜ ਤੇ ਸਾੜਫੂਕ ਵੀ ਕੀਤੀ ਗਈ। ਸਰਕਾਰੀ ਕੰਮ ਵਿੱਚ ਰੁਕਾਵਟ ਪਾਉਣ, ਜਲੂਸ ਕੱਢ ਕੇ ਪ੍ਰਦਰਸ਼ਨ ਕਰਨ, ਭੰਨਤੋੜ ਤੇ ਸਾੜਫੂਕ ਕਰਨ ਤੇ ਕੋਰੋਨਾ ਗਾਈਡ ਲਾਈਨਜ਼ ਦੀ ਉਲੰਘਣਾ ਕਰਨ ਦੇ ਦੋਸ਼ ਵਿੱਚ 16 ਲੋਕਾਂ ਖ਼ਿਲਾਫ਼ ਕੇਸ ਦਰਜ ਕੀਤੇ ਗਏ ਹਨ। ਇਸੇ ਦੌਰਾਨ 100 ਅਣਪਛਾਤੇ



ਲੋਕਾਂ ਖ਼ਿਲਾਫ਼ ਵੱਖਰੇ ਕੇਸ ਦਰਜ ਕੀਤੇ ਗਏ।

ਇਸ ਦੌਰਾਨ ਰਵੀ ਸਿੰਘ ਅਤੇ ਵਿਸ਼ਵਜੀਤ ਸਿੰਘ ਦੇ ਖ਼ਿਲਾਫ਼ ਪੰਜ-ਪੰਜ ਹਜ਼ਾਰ ਰੁਪਏ ਦਾ ਲਾਲਚ ਦੇ ਕੇ ਧਰਮ ਪਰਿਵਰਤਨ ਕਰਾਉਣ ਦਾ ਦੋਸ਼ ਲਾ ਕੇ ਗੋਬਿੰਦਪੁਰ ਥਾਣਾ ਖੇਤਰ ਦੀ ਮਹਿਲਾ ਐਮ. ਸਾਈ ਕੁਮਾਰ ਪਦਮਾ ਦੀ ਸ਼ਿਕਾਇਤ ਉੱਤੇ ਝਾਰਖੰਡ ਫ੍ਰੀਡਮ ਆਫ ਰਿਲੀਜੀਅਨ ਐਕਟ ਦੇ ਤਹਿਤ ਸ਼ਿਕਾਇਤ ਦਰਜ ਕੀਤੀ ਗਈ ਹੈ। ਪੁਲਸ ਨੇ ਕੱਲ੍ਹ ਵਿਰੋਧ ਪ੍ਰਦਰਸ਼ਨ ਤੋਂ ਬਾਅਦ ਰਵੀ ਸਿੰਘ ਨੂੰ ਗੋਲਮੁਰੀ ਥਾਣੇ ਪੁੱਛਗਿੱਛ ਲਈ ਸੱਦਿਆ ਸੀ। ਇਸ ਤੋਂ ਬਾਅਦ ਉਸ ਨੂੰ ਛੱਡ ਦਿੱਤਾ ਗਿਆ। ਪੁਲਸ ਉਸ ਉੱਤੇ ਲੱਗੇ ਦੋਸ਼ਾਂ ਦੀ ਜਾਂਚ ਕਰ ਰਹੀ ਹੈ। ਧਰਮ ਪਰਿਵਰਤਨ ਬਾਰੇ ਹਿੰਦੂ ਜਥੇਬੰਦੀਆਂ ਅਤੇ ਸਿੱਖ ਜਮਾਤਾਂ ਵਿੱਚ ਭਾਰੀ ਗੁੱਸਾ ਹੈ। ਇਹ ਜਥੇਬੰਦੀਆਂ ਪ੍ਰਸ਼ਾਸਨ ਉੱਤੇ ਇਸ ਕੇਸ ਵਿੱਚ ਕਾਰਵਾਈ ਕਰਨ ਲਈ ਦਬਾਅ ਬਣਾ ਰਹੀਆਂ ਹਨ। ਝਾਰਖੰਡ ਗੁਰਦੁਆਰਾ ਪ੍ਰਬੰਧਕ ਕਮੇਟੀ ਧਰਮ ਪਰਿਵਰਤਨ ਕਰ ਗਏ ਪਰਵਾਰਾਂ ਦੀ ਘਰ ਵਾਪਸੀ ਕਰਾਉਣ ਦੀ ਗੱਲ ਕਹਿੰਦੀ ਹੈ। ਕਮੇਟੀ ਦੇ ਪ੍ਰਧਾਨ ਸਰਦਾਰ ਸ਼ੈਲੇਂਦਰ ਸਿੰਘ ਦਾ ਦਾਅਵਾ ਹੈ ਕਿ ਬਾਰੀਡੀਹ, ਬਿਰਸਾਨਗਰ, ਬਾਰੀਡੀਹ ਬਸਤੀ ਟਿਨਪਲੇਟ ਵਿੱਚ ਕਈ ਪਰਵਾਰ ਘਰ ਵਾਪਸੀ ਲਈ ਤਿਆਰ ਹਨ। ਕਈ ਪਰਵਾਰਾਂ ਦੀ ਘਰ ਵਾਪਸੀ ਕਰਾਉਣ ਵਿੱਚ ਸਿੱਖ ਸੰਗਠਨ ਸਫਲ ਵੀ ਹੋਏ ਹਨ। ਸ਼ਹਿਰ ਦੀਆਂ ਸਾਰੀਆਂ ਗੁਰ-ਦੁਆਰਾ ਕਮੇਟੀਆਂ ਨੂੰ ਇਸ ਕੇਸ ਵਿੱਚ ਆਪਣੇ-ਆਪਣੇ ਪੱਧਰ ਉੱਤੇ ਜਾਂਚ ਕਰ ਕੇ ਰਿਪੋਰਟ ਦੇਣ ਲਈ ਕਿਹਾ ਗਿਆ ਹੈ।

## ਲਵ ਮੈਰਿਜ ਦੇ ਬਾਅਦ ਸੱਤ ਮਹੀਨੇ ਦੀ ਗਰਭਵਤੀ ਔਰਤ ਨੂੰ ਭਰਾਵਾਂ ਨੇ ਗੋਲੀ ਮਾਰੀ

ਬਦਾਯੂੰ, 3 ਮਾਰਚ (ਪੋਸਟ ਬਿਊਰੋ)- ਉਤਰ ਪ੍ਰਦੇਸ਼ ਦੇ ਬਦਾਯੂੰ ਵਿੱਚ ਕੱਲ੍ਹ ਦੁਪਹਿਰੇਆਨਰ ਕਿਲਿੰਗ ਦੀ ਵਾਰਦਾਤ ਦੇ ਦੌਰਾਨ ਸੱਤ ਮਹੀਨੇ ਦੀ ਗਰਭਵਤੀ ਨੂੰ ਉਸ ਦੇ ਭਰਾਵਾਂ ਨੇ ਗੋਲੀ ਮਾਰ ਦਿੱਤੀ। ਮਹਿਲਾ ਆਪਣੇ ਪਤੀ ਅਤੇ ਦੇਓਰ ਨਾਲ ਸ਼ਹਿਰ ਤੋਂ ਦਵਾਈ ਲੈ ਕੇ ਆਪਣੇ ਪਿੰਡ ਵਾਪਸ ਆ ਰਹੀ ਸੀ। ਪੁਲਸ ਦੋਸ਼ੀਆਂ ਦੀ ਤਲਾਸ਼ ਕਰ ਰਹੀ ਹੈ।

ਇਹ ਵਾਰਦਾਤ ਅਲਾਪੁਰ ਥਾਣਾ ਖੇਤਰ ਵਿੱਚ ਕਕਰਾਲਾ ਰੋਡ ਉੱਤੇ ਉਘੈਨੀ ਪਿੰਡ ਦੇ ਕੋਲ ਹੋਈ। ਪਿੰਡ ਗੌਰਾਮਈ ਦਾ ਵਾਸੀ ਫਈਮ ਆਪਣੀ ਪਤਨੀ ਸ਼ਿਵਲੀ (25) ਨੂੰ ਕੱਲ੍ਹ ਸਵੇਰੇ ਦਵਾਈ ਦੁਆਉਣ ਲਈ ਸ਼ਹਿਰ ਦੇ ਨਿੱਜੀ ਹਸਪਤਾਲ ਆਇਆ ਸੀ ਅਤੇ ਨਾਲ ਫਈਮ ਦਾ ਚਚੇਰਾ ਭਰਾ ਵਾਸਿਦ ਵੀ ਸੀ।ਇਥੋਂ



ਉਹ ਤਿੰਨੇ ਦੁਪਹਿਰ ਬਾਅਦ ਕਰੀਬ ਤਿੰਨ ਵਜੇ ਵਾਪਸ ਘਰ ਆ ਰਹੇ ਸੀਕਿ ਰਸਤੇ ਵਿੱਚ ਸ਼ਿਵਲੀ ਦੇ ਦੋ ਭਰਾ ਮੁਜੀਬ ਅਤੇ ਮੋਅਜਿਮ ਬਾਈਕ ਵਿੱਚ ਪਿੱਛਾ ਕਰਦੇ ਆਏ ਤੇ ਸ਼ਿਵਲੀ ਉੱਤੇ ਫਾਇਰ ਕਰ ਦਿੱਤਾ। ਫਈਮ ਦੇ ਪਰਵਾਰਕ ਮੈਂਬਰਾਂ ਮੁਤਾਬਕ ਦੋਸ਼ੀ ਦੋ ਮਹੀਨੇ ਤੋਂ ਫਈਮ ਅਤੇ ਸ਼ਿਵਲੀ ਦੀ ਰੇਕੀ ਕਰ ਰਹੇ ਸਨ। ਦੋਨੋਂ ਗੁਜਰਾਤ ਵਿੱਚ ਰਹਿ ਕੇ ਮਜ਼ਦੂਰੀ ਕਰਦੇ ਹਨ ਅਤੇ ਦੋ ਮਹੀਨੇ ਪਹਿਲੇ ਆਏ ਸਨ।

# ਰੂਸ-ਯੂਕਰੇਨ ਦੀ ਜੰਗ ਅਰਥਚਾਰਿਆਂ ਲਈ ਖਤਰਾ ਬਣੀ




ਵਾਸ਼ਿੰਗਟਨ, 3 ਮਾਰਚ (ਪੋਸਟ ਬਿਊਰੋ)- ਯੂਕਰੇਨ ਉੱਤੇ ਹਮਲੇ ਦੀ ਗਾਜ ਰਾਸ਼ਟਰਪਤੀ ਵਲਾਦੀਮੀਰ ਪੂਤਿਨ ਦੇ ਰੂਸ ਉੱਤੇ ਹੀ ਨਹੀਂ ਡਿੱਗੀ, ਇਸ ਨਾਲ ਦੁਨੀਆ ਭਰ ਦੇ ਅਰਥਚਾਰਿਆਂ ਲਈ ਵੀ ਖਤਰਾ ਖੜ੍ਹਾ ਹੋ ਗਿਆ ਹੈ।

ਉਜ਼ਬੇਕ ਪਰਵਾਸੀ ਕਾਮਿਆਂ, ਯੂਰਪੀਅਨ ਖਪਤਕਾਰਾਂ ਅਤੇ ਯਮਨ ਦੇ ਪਰਿਵਾਰਾਂ ਸਮੇਤ ਹੋਰਾਂ ਲਈ ਜ਼ਿੰਦਗੀ ਮੁਸ਼ਕਲ ਹੋ ਗਈ ਹੈ। ਜੰਗ ਨੇ ਕਈ ਮੁਲਕਾਂ ਦੇ ਵਿੱਤੀ ਬਾਜ਼ਾਰਾਂ ਨੂੰ ਝੰਜੋੜ ਦਿੱਤਾ ਹੈ। ਰੂਸੀ ਫੌਜ ਦੇ ਯੂਕਰੇਨ ਉੱਤੇ ਹਮਲੇ ਤੋਂ ਬਹੁਤ ਪਹਿਲਾਂ ਦੁਨੀਆ ਭਰ ਦੇ ਅਰਥਚਾਰੇ ਮਹਿੰਗਾਈ, ਸਪਲਾਈ ਚੇਨ ਤੇ ਸ਼ੇਅਰ ਬਾਜ਼ਾਰਾਂ ਵਿੱਚ ਗਿਰਾਵਟ ਦੀ ਮਾਰ ਹੇਠ ਆਏ ਸਨ। ਯੂਕਰੇਨ ਸੰਕਟ ਨੇ ਮਸਲਾ ਗੁੰਝਲਦਾਰ ਬਣਾ ਦਿੱਤਾ ਹੈ। ਕੌਮਾਂਤਰੀ ਵਿੱਤ ਇੰਸਟੀਚਿਊਟ ਦੇ ਕਾਰਜਕਾਰੀ ਮੀਤ ਪ੍ਰਧਾਨ ਕਲੇਅ ਲੌਰੀ ਨੇ ਕਿਹਾ ਕਿ ਅਜਿਹੇ ਸਿੱਟੇ ਨਿਕਲਣ ਵਾਲੇ ਹਨ ਜਿਨ੍ਹਾਂ ਦੀ ਕੋਈ ਪੇਸ਼ੀਨਗੋਈ ਨਹੀਂ ਕੀਤੀ ਜਾ ਸਕਦੀ ਹੈ। ਅਜੇ ਦੁਨੀਆ ਦੇ ਅਰਥਚਾਰੇ ਨੂੰ ਮਾਮੂਲੀ ਨੁਕਸਾਨ ਹੋਣ ਦਾ ਡਰ ਹੈ ਕਿਉਂਕਿ ਰੂਸ ਅਤੇ ਯੂਕਰੇਨ ਆਰਥਿਕ ਤਾਕਤਾਂ ਨਹੀਂ ਹਨ। ਦੋਵੇਂ ਦੇਸ਼ ਊਰਜਾ, ਕੀਮਤੀ ਧਾਤਾਂ, ਕਣਕ ਅਤੇ ਹੋਰ ਵਸਤਾਂ ਦੇ ਵੱਡੇ ਐਕਸਪੋਰਟਰ ਹਨ, ਪਰ ਦੋਵਾਂ ਦੀ ਜੀ ਡੀ ਪੀ ਦੁਨੀਆ ਦੇ ਮੁਕਾਬਲੇ ਦੋ ਫੀਸਦੀ ਤੋਂ ਵੀ ਘੱਟ ਹੈ।

ਆਕਸਫੋਰਡ ਇਕਨਾਮਿਕਸ ਦੇ ਉਘੇ ਆਰਥਿਕ ਮਾਹਰ ਐਡਮ ਸਲੇਟਰ ਨੇ ਕਿਹਾ ਕਿ ਅਮਰੀਕਾ, ਚੀਨ ਤੇ ਹੋਰ ਉਭਰਦੇ ਮੁਲਕਾਂ ਉਤੇ ਜੰਗ ਦਾ ਅਸਰ ਸੀਮਿਤ ਹੋਵੇਗਾ। ਉਨ੍ਹਾਂ ਇਸ ਸਾਲ ਸੰਸਾਰ ਜੀ ਡੀ ਪੀ ਵਿੱਚ ਮਸਾਂ 0.2 ਫੀਸਦੀ ਦੀ ਗਿਰਾਵਟ ਦਾ ਕਿਆਫਾ ਲਾਇਆ ਹੈ। ਰੂਸ ਤੇਲ, ਕੁਦਰਤੀ ਗੈਸ ਅਤੇ ਧਾਤਾਂ ਦਾ ਵੱਡਾ ਸਪਲਾਇਰ ਹੋਣ ਕਰ ਕੇ ਦੁਨੀਆ ਵਿੱਚ ਆਰਥਿਕ ਪੱਧਰ ਉਤੇ ਵੱਡੇ ਨੁਕਸਾਨ ਦੀ ਸੰਭਾਵਨਾ ਹੈ। ਯੂਰਪ ਚਾਲੀ ਫੀਸਦੀ ਕੁਦਰਤੀ ਗੈਸ ਅਤੇ 25 ਫੀਸਦੀ ਤੇਲ ਲਈ ਰੂਸ ਉਤੇ ਨਿਰਭਰ ਹੈ। ਜੰਗ ਕਾਰਨ ਯੂਰਪ ਵਿੱਚ ਮਹਿੰਗਾਈ ਵੱਧਣ ਦੇ ਆਸਾਰ ਬਣ ਗਏ ਹਨ।

# ਜਰਮਨੀ ਵੱਲੋਂ ਵਿਸ਼ੇਸ਼ ਹਥਿਆਰਬੰਦ ਫੋਰਸ ਉੱਤੇ 100 ਅਰਬ ਯੂਰੋ ਖ਼ਰਚਣ ਦਾ ਐਲਾਨ



ਮਾਨਹਾਈਮ, 3 ਮਾਰਚ (ਪੋਸਟ ਬਿਊਰੋ)- ਜਰਮਨੀ ਨੇ ਯੂਕਰੇਨ ਸੰਕਟ ਦੌਰਾਨ ਆਪਣੇ ਰੱਖਿਆ ਖ਼ਰਚ ਨੂੰ ਜੀ ਡੀ ਪੀ ਦੇ ਦੋ ਫੀਸਦੀ ਤੋਂ ਉਪਰ ਰੱਖਣ ਦੀ ਗੱਲ ਕਹੀ ਹੈ।

ਇਸ ਸੰਬੰਧ ਵਿੱਚ ਜਰਮਨੀ ਦੇ ਚਾਂਸਲਰ ਓਲਾਫ ਸ਼ੋਲਜ਼ ਨੇ ਪਾਰਲੀਮੈਂਟ ਦੀ ਵਿਸ਼ੇਸ਼ ਸਭਾ ਨੂੰ ਸੰਬੋਧਨ ਕਰਦਿਆਂ ਕਿਹਾ ਕਿ ਜਰਮਨ ਫ਼ੌਜ ਨੂੰ ਵਿਸ਼ੇਸ਼ ਹਥਿਆਰਬੰਦ ਕਰਨ ਲਈ 100 ਅਰਬ ਯੂਰੋ ਖ਼ਰਚਾ ਕੀਤਾ ਜਾਵੇਗਾ। ਪਿਛਲੇ ਕਈ ਦਹਾਕਿਆਂ ਬਾਅਦ ਯੂਰਪੀਅਨ ਸੁਰੱਖਿਆ ਨੀਤੀ ਵਿੱਚ ਇਹ ਸਭ ਤੋਂ ਵੱਡਾ ਬਦਲਾਅ ਹੈ। ਮੰਨਿਆ ਜਾਂਦਾ ਹੈ ਕਿ ਇਸ ਦਾ ਕਾਰਨ ਰੂਸ ਦਾ ਯੂਕਰੇਨ ਉੱਤੇ ਹਮਲਾ ਹੈ। ਓਲਾਫ ਸ਼ੋਲਜ਼ ਦਾ ਇਹ ਐਲਾਨ ਯੂਕਰੇਨ ਨੂੰ ਹਥਿਆਰ ਸਪਲਾਈ ਕਰਨ ਦੇ ਫੈਸਲੇ ਦੇ ਕੁਝ ਘੰਟਿਆਂ ਬਾਅਦ ਆਇਆ ਹੈ,ਜੋ ਦਰਸਾਉਂਦਾ ਹੈ ਕਿ ਯੂਕਰੇਨ ਉੱਤੇ ਰੂਸੀ ਹਮਲੇ ਨੇ ਦੂਜੇ ਵਿਸ਼ਵ ਯੁੱਧ ਤੋਂ ਬਾਅਦ ਯੂਰਪ ਦੀ ਸੁਰੱਖਿਆ ਨੀਤੀ ਨੂੰ ਕਿਵੇਂ ਪ੍ਰਭਾਵਿਤ ਕੀਤਾ ਹੈ। ਇਹ ਐਲਾਨ ਅਜਿਹੇ ਸਮੇਂ ਵਿੱਚ ਹੋਇਆ ਹੈ ਜਦੋਂ ਇਜ਼ਰਾਈਲ ਨੇ ਯੁੱਧ ਰੋਕਣਦੀ ਗੱਲਬਾਤ ਲਈ ਆਪਣੇ ਆਪ ਨੂੰ ਵਿਚੋਲੇ ਵਜੋਂ ਪੇਸ਼ ਕੀਤਾ ਹੈ। ਦੂਜੇ ਪਾਸੇ ਯੂਰਪ ਦੀਆਂ ਰਾਜਧਾਨੀਆਂ ਵਿੱਚ ਜੰਗ ਨੂੰ ਖਤਮ ਕਰਨ ਲਈ ਪ੍ਰਦਰਸ਼ਨਾਂ ਦਾ ਰੁਝਾਨ ਵਧ ਰਿਹਾ ਹੈ। ਬਰਲਿਨ ਦੇ ਬਰੈਂਡਨਬਰਗ ਗੇਟ ਉੱਤੇ ਕੱਲ੍ਹ ਹਜ਼ਾਰਾਂ ਲੋਕਾਂ ਨੇ ਇੱਕ ਆਵਾਜ਼ ਵਿੱਚ ਕਿਹਾ 'ਪੁਤਿਨ ਯੂਕਰੇਨ ਤੇ ਦੁਨੀਆ ਨੂੰ ਸ਼ਾਂਤੀ ਨਾਲ ਜੀਉਣ ਦਿਓ'।

## ਚਰਚ ਵਿੱਚ ਆਪਣੇ ਤਿੰਨ ਬੱਚਿਆਂ ਸਣੇ ਚਾਰ ਲੋਕਾਂ ਦੀ ਹੱਤਿਆ ਪਿੱਛੋਂ ਖੁਦਕੁਸ਼ੀ



ਸੈਕਰਾਮੈਂਟੋ, 3 ਮਾਰਚ (ਪੋਸਟ ਬਿਊਰੋ)- ਕੈਲੇਫੋਰਨੀਆ ਦੇ ਸੈਕਰਾਮੈਂਟੋ ਵਿਚਲੇ ਇੱਕ ਚਰਚ ਵਿੱਚ ਇੱਕ ਵਿਅਕਤੀ ਨੇ ਆਪਣੇ ਤਿੰਨ ਬੱਚਿਆਂ ਅਤੇ ਇੱਕ ਹੋਰ ਵਿਅਕਤੀ ਦੀ ਗੋਲੀ ਮਾਰ ਕੇ ਹੱਤਿਆ ਕਰਨ ਤੋਂ ਬਾਅਦ ਖੁਦ ਨੂੰ ਵੀ ਗੋਲੀ ਮਾਰ ਲਈ। ਪੁਲਸ ਇਸ ਬਾਰੇ ਲੋੜੀਂਦੀ ਕਾਰਵਾਈ ਕਰ ਰਹੀ ਹੈ।

ਸੈਕਰਾਮੈਂਟਾ ਕਾਊਂਟੀ ਸ਼ੇਰਿਫ ਦੇ ਦਫ਼ਤਰ ਨੇ ਦੱਸਿਆ ਕਿ ਅਧਿਕਾਰੀਆਂ ਨੂੰ ਸ਼ਾਮ ਕਰੀਬ ਪੰਜ ਵਜੇ ਆਰਡੇਨ-ਆਰਕੇਡ ਦੇ ਚਰਚ ਵਿੱਚ ਗੋਲੀਬਾਰੀ ਦੀ ਸੂਚਨਾ ਮਿਲੀ ਅਤੇ ਮੌਕੇ ਉੱਤੇ ਪੁੱਜਣ ਉੱਤੇ ਉਨ੍ਹਾਂ ਨੂੰ ਸ਼ੱਕੀ ਹਮਲਾਵਰ ਸਮੇਤ ਪੰਜ ਲੋਕਾਂ ਦੀਆਂ ਲਾਸ਼ਾਂ ਮਿਲੀਆਂ। ਮ੍ਰਿਤਕਾਂ ਵਿੱਚ ਤਿੰਨ ਨਾਬਾਲਗਾਂ ਦੀ ਉਮਰ 15 ਸਾਲ ਤੋਂ ਘੱਟ ਹੈ। ਇੱਕ ਹੋਰ ਮ੍ਰਿਤਕ ਦੀ ਪਛਾਣ ਅਜੇ ਨਹੀਂ ਹੋ ਸਕੀ। ਇਸ ਘਟਨਾ ਤੋਂ ਬਾਅਦ ਲਾਅ ਇਨਫੋਰਸਮੈਂਟ ਏਜੰਸੀਆਂ ਅਤੇ ਐਮਰਜੈਂਸੀ ਸਰਵਿਸ ਘਟਨਾ ਸਥਾਨ ਉੱਤੇ ਪਹੁੰਚ ਗਈਆਂ ਅਤੇ ਇਲਾਕੇ ਦੀ ਘੇਰਾਬੰਦੀ ਕਰ ਦਿੱਤੀ ਗਈ। ਇਸ ਕੇਸ ਦੀ ਘਰੇਲੂ ਹਿੰਸਾ ਨਾਲ ਸਬੰਧਤ ਘਟਨਾ ਦੇ ਰੂਪ ਵਿੱਚ ਜਾਂਚ ਕੀਤੀ ਜਾ ਰਹੀ ਹੈ।ਅਮਰੀਕਾ ਵਿੱਚ ਏਦਾਂ ਦੀਆਂ ਘਟਨਾਵਾਂ ਸਾਹਮਣੇ ਆਉਂਦੀਆਂ ਰਹਿੰਦੀਆਂ ਹਨ ਅਤੇ ਅੱਜ ਤਕ ਕਈ ਲੋਕ ਜਾਨ ਗਵਾ ਚੁੱਕੇ ਹਨ।

## ਮਾਈਕ੍ਰੋਸਾਫ਼ਟ ਦੇ ਸੀ ਈ ਓ ਸੱਤਿਆ ਨਡੇਲਾ ਦੇ ਪੁੱਤਰ ਦਾ ਦੇਹਾਂਤ



ਵਾਸ਼ਿੰਗਟਨ, 3 ਮਾਰਚ (ਪੋਸਟ ਬਿਊਰੋ)- ਸਾਫਟਵੇਅਰ ਕੰਪਨੀ ਮਾਈਕ੍ਰੋਸਾਫਟ ਕਾਰਪੋਰੇਸ਼ਨ ਦੇ ਮੁਖੀ ਸੱਤਿਆ ਨਡੇਲਾ ਦੇ ਪੁੱਤਰ ਜ਼ੈਨ ਨਡੇਲਾ ਦੀ ਕੱਲ੍ਹ ਸਵੇਰੇ ਮੌਤ ਹੋ ਗਈ। ਉਹ 26 ਸਾਲਾਂ ਦੇ ਸਨ ਅਤੇ ਜਨਮ ਤੋਂ ਸੇਰੇਬ੍ਰਲ ਪਾਲਸੀ ਨਾਂਅ ਦੀ ਬਿਮਾਰੀ ਤੋਂ ਪੀੜਤ ਸਨ, ਜਿਹੜੀ ਖਤਰਨਾਕ ਬਿਮਾਰੀ ਗਿਣੀ ਜਾਂਦੀ ਹੈ।

ਮਾਈਕ੍ਰੋਸਾਫਟ ਕੰਪਨੀ ਨੇ ਆਪਣੇ ਕਾਰਜਕਾਰੀ ਸਟਾਫ਼ ਨੂੰ ਈਮੇਲ ਰਾਹੀਂ ਦੱਸਿਆ ਕਿ ਜ਼ੈਨ ਦੀ ਮੌਤ ਹੋ ਗਈ ਹੈ। ਇਸ ਸੰਦੇਸ਼ ਵਿੱਚ ਅਧਿਕਾਰੀਆਂ ਨੂੰ ਉਸ ਦੇ ਪਰਵਾਰ ਲਈ ਅਰਦਾਸ ਕਰਨ ਨੂੰ ਕਿਹਾ ਗਿਆ ਹੈ।ਸਾਲ 2014 ਵਿੱਚ ਸੀ ਈ ਓ ਦਾ ਅਹੁਦਾ ਸੰਭਾਲਣ ਪਿੱਛੋਂ ਸੱਤਿਆ ਨਡੇਲਾ ਅਪਾਹਜ ਉਪਭੋਗਤਾਵਾਂ ਨੂੰ ਬਿਹਤਰ ਸੇਵਾਵਾਂ ਦੇਣ ਲਈ ਪ੍ਰਾਡਕਟਾਂ ਨੂੰ ਡਿਜ਼ਾਈਨ ਕਰਨ ਉੱਤੇ ਜ਼ੋਰ ਦੇ ਰਹੇ ਸਨ। ਚਿਲਡਰਨ ਹਸਪਤਾਲ ਦੇ ਸੀ ਈ ਓ ਜੈਫ਼ ਸਪਰਿੰਗ ਨੇ ਆਪਣੇ ਬੋਰਡ ਨੂੰ ਇੱਕ ਸੰਦੇਸ਼ ਵਿੱਚ ਲਿਖਿਆ, 'ਜ਼ੈਨ ਨੂੰ ਸੰਗੀਤ ਦੀ ਬਹੁਤ ਚੰਗੀ ਸਮਝ ਸੀ। ਉਨ੍ਹਾਂ ਦੀ ਮੁਸਕਰਾਹਟ ਤੇ ਆਪਣੇ ਪਰਵਾਰ ਅਤੇ ਦੋਸਤਾਂ ਨੂੰ ਉਨ੍ਹਾਂ ਵੱਲੋਂ ਦਿੱਤੀ ਗਈ ਖ਼ੁਸ਼ੀ ਲਈ ਉਨ੍ਹਾਂ ਨੂੰ ਹਮੇਸ਼ਾਂ ਯਾਦ ਰੱਖਿਆ ਜਾਵੇਗਾ।'

## ਅਮਰੀਕਾ ਨੇ ਜਾਸੂਸੀ ਦੇ ਦੋਸ਼ ਵਿੱਚ 12 ਰੂਸੀ ਡਿਪਲੋਮੈਂਟਾਂ ਨੂੰ ਕੱਢਣ ਦਾ ਐਲਾਨ ਕੀਤਾ



ਯੂ ਐੱਨ ਓ, 3 ਮਾਰਚ (ਪੋਸਟ ਬਿਊਰੋ)- ਅਮਰੀਕਾ ਨੇ ਯੂ ਐੱਨ ਓ ਵਿੱਚ ਰੂਸੀ ਮਿਸ਼ਨ ਦੇ 12 ਮੈਂਬਰਾਂ ਨੂੰ ਜਾਸੂਸੀ ਵਿੱਚ ਸ਼ਾਮਲ 'ਖੁਫੀਆ ਅਧਿਕਾਰੀ' ਹੋਣ ਦੇ ਦੋਸ਼ ਵਿੱਚ ਕੱਲ੍ਹ ਦੇਸ਼ਤੋਂ ਕੱਢਣ ਦਾ ਐਲਾਨ ਕੀਤਾ ਹੈ।

ਯੂਕਰੇਨ ਉੱਤੇ ਰੂਸ ਦੇ ਹਮਲਾ ਕਰਨ ਦੇ ਪੰਜਵੇਂ ਦਿਨ ਅਮਰੀਕੀ ਰਾਸ਼ਟਰਪਤੀ ਜੋਅ ਬਾਈਡੇਨ ਦੀਸਰਕਾਰ ਨੇ ਇਹ ਕਦਮ ਚੁੱਕਿਆ ਹੈ। ਅਮਰੀਕਾ ਤੇ ਹੋਰ ਕਈ ਦੇਸ਼ਾਂ ਨੇ ਰੂਸੀ ਹਮਲੇ ਦੀ ਨਿੰਦਾ ਕੀਤੀ ਹੈ। ਯੂ ਐੱਨ ਵਿੱਚ ਅਮਰੀਕੀ ਮਿਸ਼ਨ ਨੇ ਇੱਕ ਬਿਆਨ ਵਿੱਚ ਕਿਹਾ ਹੈ ਕਿ ਰੂਸੀ ਡਿਪਲੋਮੈਂਟਾਂ ਨੇ 'ਜਾਸੂਸੀ ਗਤੀਵਿਧੀਆਂ ਵਿੱਚ ਸ਼ਾਮਲ ਹੋ ਕੇ ਅਮਰੀਕਾ ਵਿੱਚ ਰਹਿਣ ਦੇ ਆਪਣੇ ਅਧਿਕਾਰ ਦੀ ਦੁਰਵਰਤੋਂ ਕੀਤੀ ਹੈ, ਜੋ ਸਾਡੀ ਸੁਰੱਖਿਆ ਲਈ ਨੁਕਸਾਨਦੇਹ ਹਨ।' ਮਿਸ਼ਨ ਨੇ ਕਿਹਾ ਕਿ ਕੱਢਣ ਦੀ ਪ੍ਰਕਿਰਿਆ 'ਕਈ ਮਹੀਨਿਆਂ ਤੋਂ ਜਾਰੀ' ਸੀ ਅਤੇ 193 ਮੈਂਬਰੀ ਯੂ ਐੱਨਦੇ ਮੇਜ਼ਬਾਨ ਵਜੋਂ ਇਹ ਅਮਲ ਯੂ ਐੱਨ ਓਨਾਲ ਅਮਰੀਕਾ ਦੇ ਸਮਝੌਤੇ ਮੁਤਾਬਕ ਹੈ।

ਇਸ ਮਾਮਲੇ ਵਿੱਚ ਰੂਸੀ ਰਾਜਦੂਤ ਵੈਸੀਲੀ ਨੇਬੇਨਜ਼ੀਆ ਤੋਂ ਉਸ ਦੀ ਪ੍ਰਤੀਕਿਰਿਆ ਬਾਰੇ ਪੁੱਛੇ ਜਾਣ ਉੱਤੇ ਉਨ੍ਹਾਂ ਦੱਸਿਆ ਕਿ ਰੂਸੀ ਅਧਿਕਾਰੀ ਜਾਸੂਸੀ ਵਿੱਚ ਸ਼ਾਮਲ ਨਹੀਂ ਸਨ। ਉਨ੍ਹਾਂ ਕਿਹਾ, ''ਜਦੋਂ ਉਹ ਕਿਸੇ ਵਿਅਕਤੀ ਨੂੰ ਅਣਚਾਹਾ ਐਲਾਨ ਕਰਦੇ ਹਨ, ਤਾਂ ਇਹੀ ਬਹਾਨਾ ਬਣਾਉਂਦੇ ਹਨ। ਇਹੀ ਉਹ ਸਪੱਸ਼ਟੀਕਰਨ ਹੈ, ਜੋ ਉਹ ਦਿੰਦੇ ਹਨ।''ਇਹ ਪੁੱਛੇ ਜਾਣ ਉੱਤੇ ਕੀ ਰੂਸ ਵੀ ਜਵਾਬੀ ਕਾਰਵਾਈ ਕਰੇਗਾ, ਉਨ੍ਹਾਂ ਕਿਹਾ, ''ਇਹ ਫ਼ੈਸਲਾ ਮੈਂ ਨਹੀਂ ਕਰਨਾ, ਪਰ ਕੂਟਨੀਤਕ ਪ੍ਰਕਿਰਿਆ ਵਿੱਚ ਇਹ ਆਮ ਗੱਲ ਹੈ।'' ਨੇਬੇਨਜ਼ੀਆ ਨੇ ਕੱਲ੍ਹ ਕੌਂਸਲ ਨੂੰ ਦੱਸਿਆ ਕਿ ਉਨ੍ਹਾਂ ਨੂੰ ਰੂਸੀ ਮਿਸ਼ਨ ਦੇ ਵਿਰੁੱਧ ਮੇਜ਼ਬਾਨ ਦੇਸ਼ ਦੀ 'ਇੱਕ ਹੋਰ ਦੁਸ਼ਮਣੀ ਵਾਲੀ ਹਰਕਤ' ਦੀ ਜਾਣਕਾਰੀ ਮਿਲੀ ਹੈ। ਉਸ ਨੇ ਇਸ ਕਦਮ ਨੂੰ ਅਮਰੀਕਾ ਤੇ ਯੂ ਐੱਨ ਵਿਚਾਲੇ ਸਮਝੌਤੇ ਤੇ ਕੂਟਨੀਤਕ ਸੰਬੰਧਾਂ ਨੂੰ ਕੰਟਰੋਲ ਕਰਨ ਵਾਲੇ ਵਿਏਨਾ ਕਨਵੈਨਸ਼ਨ ਦਾ 'ਗੰਭੀਰ ਉਲੰਘਣ' ਦੱਸਿਆ। ਨੇਬੇਨਜ਼ੀਆ ਦੇ ਇਸ ਬਿਆਨ ਮਗਰੋਂ ਅਮਰੀਕਾ ਦੇ ਉਪ ਰਾਜਦੂਤ ਰਿਚਰਡ ਮਿਲਜ ਨੇ ਕੱਢਣ ਦੇ ਫ਼ੈਸਲੇ ਦੀ ਪੁਸ਼ਟੀ ਕੀਤੀ ਅਤੇ ਇਸ ਨੂੰ ਜਾਇਜ਼ ਠਹਿਰਾਇਆ ਹੈ।

## ਨਿਊਜ਼ੀਲੈਂਡ ਪੁਲਸ ਨੇ ਪਾਰਲੀਮੈਂਟ ਦੇ ਬਾਹਰੋਂ ਪ੍ਰਦਰਸ਼ਨਕਾਰੀ ਭਜਾਏ




ਵੈਲਿੰਗਟਨ, 3 ਮਾਰਚ (ਪੋਸਟ ਬਿਊਰੋ)- ਨਿਊਜ਼ੀਲੈਂਡ ਦੀ ਪਾਰਲੀਮੈਂਟਅੱਗੇ ਤਿੰਨ ਹਫਤੇ ਤੋਂ ਜਾਰੀ ਕੋਰੋਨਾ ਮਹਾਮਾਰੀ ਵਿਰੋਧੀ ਪ੍ਰਦਰਸ਼ਨ ਨੂੰ ਦੰਗਾ ਵਿਰੋਧੀ ਪੁਲਸ ਨੇ ਆਖਰ ਤਿੱਤਰ-ਬਿੱਤਰ ਕਰ ਦਿੱਤਾ ਹੈ।

ਪੁਲਸ ਨੇ ਸੜਕ ਜਾਮ ਕਰ ਕੇ ਲਾਏ ਪ੍ਰਦਰਸ਼ਨਕਾਰੀਆਂ ਦੇ ਟੈਂਟ ਉਖਾੜ ਦਿੱਤੇ, ਗੱਡੀਆਂ ਟੋਅ ਕਰ ਕੇ ਲੈ ਗਏ ਅਤੇ ਫਿਰ ਵੀ ਨਾ ਹਟਣ ਵਾਲਿਆਂ ਉਤੇ ਪੇਪਰ-ਸਪਰੇਅ ਦੀ ਵਰਤੋਂ ਕੀਤੀ। 60 ਪ੍ਰਦਰਸ਼ਨਕਾਰੀਆਂ ਨੂੰ ਗ੍ਰਿਫਤਾਰ ਕੀਤਾ ਗਿਆ ਹੈ, ਜਿਨ੍ਹਾਂ ਨਾਲ ਹੋਈ ਝੜਪ ਵਿੱਚ ਤਿੰਨ ਪੁਲਸ ਮੁਲਾਜ਼ਮ ਜ਼ਖਮੀ ਹੋਏ ਹਨ। ਪ੍ਰਦਰਸ਼ਨਕਾਰੀਆਂ ਨੇ ਪੁਲਸ ਖਿਲਾਫ ਫਾਇਰ ਐਸਟਿੰਗਿਊਸ਼ਰ, ਪੇਂਟ ਦੇ ਡੱਬਿਆਂ, ਪਲਾਈਵੁੱਡ ਦੀ ਹਥਿਆਰ ਵਜੋਂ ਵਰਤੋਂ ਕੀਤੀ ਹੈ। ਇੰਟਰਨੈਟ ਮੀਡੀਆ ਉਤੇ ਇੱਕ ਪ੍ਰਦਰਸ਼ਨਕਾਰੀ ਵੱਲੋਂ ਪੁਲਸ ਵਾਲੇ ਦੇ ਮੂੰਹ ਉਤੇ ਪਾਣੀ ਦੀ ਬੋਤਲ ਸੁੱਟਣ ਦੀ ਵੀਡੀਓ ਵਾਇਰਲ ਹੋ ਚੁੱਕੀ ਹੈ।ਕੈਨੇਡਾ ਦੇ ਟਰੱਕ ਡਰਾਈਵਰਾਂ ਦੇ ਪ੍ਰਦਰਸ਼ਨ ਵਾਂਗ ਕਈ ਦਿਨਾਂ ਤੋਂ ਨਿਊਜ਼ੀਲੈਂਡ ਦੀ ਰਾਜਧਾਨੀ ਵੈਲਿੰਗਟਨ ਵਿੱਚ ਪਾਰਲੀਮੈਂਟਦੇ ਬਾਹਰ ਸਰਕਾਰ ਦੇ ਲਾਏ ਕੋਰੋਨਾ ਪ੍ਰੋਟੋਕਾਲ ਦੇ ਵਿਰੋਧ ਵਿੱਚ ਖੂਬ ਪ੍ਰਦਰਸ਼ਨ ਚੱਲਦਾ ਰਿਹਾ। ਪਾਰਲੀਮੈਂਟਨੂੰ ਟਰੱਕਾਂ, ਕਾਰਾਂ ਅਤੇ ਮੋਟਰ ਸਾਈਕਲਾਂ ਨਾਲ ਬਲਾਕ ਕਰਦਿੱਤਾ ਗਿਆ ਸੀ।

## ਪਾਕਿਸਤਾਨ ਦਾ ਇਤਿਹਾਸਕ ਗੁਰਦੁਆਰਾ ਇਵੈਕਿਊ ਬੋਰਡ ਦੇ ਹਵਾਲੇ ਕਰਨ ਲਈ ਕਮੇਟੀ ਬਣੀ



ਪਿਸ਼ਾਵਰ, 3 ਮਾਰਚ (ਪੋਸਟ ਬਿਊਰੋ)- ਪਾਕਿਸਤਾਨੀ ਅਧਿਕਾਰੀਆਂ ਨੇ ਖ਼ੈਬਰ ਪਖਤੂਨਖਵਾ ਪ੍ਰਾਂਤ ਵਿੱਚ 100 ਸਾਲ ਤੋਂ ਵੱਧ ਪੁਰਾਣੇ ਇੱਕ ਗੁਰਦੁਆਰੇ ਦੀ ਉਚਿਤ ਸੰਭਾਲ ਤੇ ਬਚਾਅ ਲਈ ਉਸ ਨੂੰ ਇਵੈਕਿਊ ਪ੍ਰਾਪਰਟੀ ਟਰੱਸਟ ਬੋਰਡ (ਈ ਪੀ ਟੀ ਬੀ) ਦੇ ਸਪੁਰਦ ਕਰਨ ਦਾ ਫ਼ੈਸਲਾ ਲੈਣ ਲਈ ਇੱਕ ਸਾਂਝੀ ਕਮੇਟੀ ਬਣਾਈ ਹੈ। ਸਰਕਾਰ ਵੱਲੋਂ ਬਣਾਈ ਕਮੇਟੀ ਆਪਣੀ ਰਿਪੋਰਟ ਦੇਣ ਤੋਂ ਪਹਿਲਾਂ ਮਨਸੇਹਰਾ ਜ਼ਿਲ੍ਹੇ ਦੇ ਸ੍ਰੀ ਗੁਰੂ ਸਿੰਘ ਸਭਾ ਗੁਰਦੁਆਰੇ ਦਾ ਦੌਰਾ ਕਰੇਗੀ।

19ਵੀਂ ਸਦੀ ਦੇ ਸ਼ੁਰੂ ਵਿੱਚ ਬਣੇ ਸ੍ਰੀ ਗੁਰੂ ਸਿੰਘ ਸਭਾ ਗੁਰਦੁਆਰੇ ਨੂੰ ਆਰਕੀਟੈਕਚਰ ਦੇ ਬਿਹਤਰੀਨ ਨਮੂਨੇ ਦੇ ਰੂਪ ਵਜੋਂ ਜਾਣਿਆ ਜਾਂਦਾ ਹੈ। ਇਸ ਵਿੱਚ ਇੱਕ ਜਨਤਕ ਲਾਇਬ੍ਰੇਰੀ ਹੈ ਅਤੇ ਇਸ ਉੱਤੇਸਾਲ 1999 ਤੋਂ ਮਨਸੇਹਰਾ ਦੇ 'ਟਾਊਨ ਮਿਉਂਸੀਪਲ ਐਡਮਨਿਸਟਰੇਸ਼ਨ' (ਟੀ ਐਮ ਏ) ਦਾ ਕਬਜ਼ਾ ਹੈ। ਅਧਿਕਾਰੀਆਂ ਨੇ ਖ਼ੈਬਰ ਪਖਤੂਨਖਵਾ ਸੂਬੇ ਦੀ ਸਰਕਾਰ ਤੋਂ ਇਸ ਗੁਰਦੁਆਰੇ ਨੂੰ ਯੋਗਸੰਭਾਲ ਲਈ ਬੋਰਡ ਨੂੰ ਸੌਂਪਣ ਦੀ ਲਿਖਤੀ ਮੰਗ ਕੀਤੀ ਹੈ। ਈ ਪੀ ਟੀ ਬੀ ਇੱਕ ਵਿਧਾਨਕ ਬੋਰਡ ਹੈ, ਜੋ ਉਨ੍ਹਾਂ ਹਿੰਦੂਆਂ ਤੇ ਸਿੱਖਾਂ ਦੀਆਂ ਧਾਰਮਿਕ ਜਾਇਦਾਦਾਂ ਅਤੇ ਤੀਰਥ ਸਥਾਨਾਂ ਦਾ ਪ੍ਰਬੰਧ ਕਰਦਾ ਹੈ ਜੋ ਵੰਡ ਮਗਰੋਂ ਭਾਰਤ ਚਲੇ ਗਏ ਸਨ। ਪਾਕਿਸਤਾਨ ਵਿਚਲੇ ਸਿੱਖ ਇਤਿਹਾਸਕਾਰ ਸ਼ਾਹਿਦ ਸ਼ਬੀਰ ਅਨੁਸਾਰ ਵੰਡ ਮਗਰੋਂ ਇਸ ਗੁਰਦੁਆਰੇ ਵਿੱਚ ਕਦੇ ਸ੍ਰੀ ਗੁਰੂ ਗ੍ਰੰਥ ਸਾਹਿਬ ਨਹੀਂ ਰੱਖਿਆ ਗਿਆ, ਪਰ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਆਸਨ ਲਈ ਰੱਖੀ ਪਾਲਕੀ ਸਾਹਿਬ ਆਪਣੇ ਅਸਲ ਸਰੂਪ ਵਿੱਚ ਅੱਜ ਵੀ ਮੌਜਦ ਹੈ।

# ਲਾਹੌਰ ਦੇ ਸ਼ਾਹੀ ਕਿਲ੍ਹੇ ਵਿਚਲੀ ਸਿੱਖ ਗੈਲਰੀ ਨੂੰ ਨਵੀਂ ਦਿੱਖ ਮਿਲੀ

* ਸ਼ਹਿਜ਼ਾਦੀ ਬੰਬਾ ਤੋਂ ਮਿਲੀਆਂ 88 ਵਸਤਾਂ ਖਿੱਚ ਦਾ ਕੇਂਦਰ ਬਣੀਆਂ



ਅੰਮ੍ਰਿਤਸਰ, 3 ਮਾਰਚ (ਪੋਸਟ ਬਿਊਰੋ)- ਪਾਕਿਸਤਾਨ ਪੁਰਾਤੱਤਵ ਅਤੇ ਮਿਊਜ਼ੀਅਮ ਵਿਭਾਗ ਵੱਲੋਂ ਲਾਹੌਰ ਦੇ ਸ਼ਾਹੀ ਕਿਲ੍ਹੇ ਵਿੱਚ ਬਣਾਈ ਗਈ ਸਿੱਖ ਗੈਲਰੀ ਦੀ ਨਵੀਂ ਦਿੱਖ ਕਿਲ੍ਹਾ ਵੇਖਣ ਆਉਂਦੇ ਦਰਸ਼ਕਾਂ ਦੀ ਖਿੱਚ ਦਾ ਕੇਂਦਰ ਬਣੀ ਹੋਈ ਹੈ। ਇਸ ਗੈਲਰੀ ਵਿੱਚ 'ਪ੍ਰਿੰਸਿਸ ਬੰਬਾ ਕਲੈਕਸ਼ਨ' ਨਾਂਅ ਹੇਠ ਮਹਾਰਾਜਾ ਰਣਜੀਤ ਸਿੰਘ ਅਤੇ ਲਾਹੌਰ ਦਰਬਾਰ ਨਾਲ ਸਬੰਧਤ ਪੱਕੀ ਪ੍ਰਦਰਸ਼ਨੀ ਵਿੱਚ ਕਈ ਇਤਿਹਾਸਕ ਨਿਸ਼ਾਨੀਆਂ ਸ਼ਾਮਲ ਕੀਤੀਆਂ ਗਈਆਂ ਹਨ।

ਦੱਸਿਆ ਗਿਆ ਹੈ ਕਿ ਇਸ ਪ੍ਰਦਰਸ਼ਨੀ ਵਿਚਲੀਆਂ ਵਸਤਾਂ ਵਿੱਚੋਂ 88 ਵਸਤਾਂ ਲਾਹੌਰ ਦੇ ਸਿੱਖ ਦਰਬਾਰ ਦੇ ਉਸ ਕੌਮੀ ਖ਼ਜ਼ਾਨੇ ਦੀਆਂ ਹਨ, ਜਿਨ੍ਹਾਂ ਦੀ ਸੁਰੱਖਿਆ ਆਪਣੇ ਅੰਤਿਮ ਸਾਹਾਂ ਤਕ ਮਹਾਰਾਜਾ ਰਣਜੀਤ ਸਿੰਘ ਦੇ ਸਭ ਤੋਂ ਛੋਟੇ ਸਪੁੱਤਰ ਅਤੇ ਪੰਜਾਬ ਦੇ ਆਖ਼ਰੀ ਮਹਾਰਾਜਾ ਦਲੀਪ ਸਿੰਘ ਦੀ ਸ਼ਹਿਜ਼ਾਦੀ ਸੋਫੀਆ ਸਦਰਲੈਂਡ ਕਰਦੀ ਰਹੀ ਸੀ। ਇਨ੍ਹਾਂ ਵਿੱਚ ਸਿੱਖ ਰਾਜ ਵੇਲੇ ਯੂਰਪੀ ਚਿੱਤਰਕਾਰਾਂ ਵੱਲੋਂ ਬਣਾਏ ਕੀਮਤੀ 18 ਤੇਲ ਚਿੱਤਰ, 14 ਜਲ ਚਿੱਤਰ, 22 ਹਾਥੀ ਦੰਦ ਚਿੱਤਰ, 17 ਤਸਵੀਰਾਂ, 10 ਧਾਤੂ ਦੇ ਬਣੇ ਮਾਡਲ ਅਤੇ ਸੱਤ ਹੋਰ ਵਸਤਾਂ ਵੀ ਸ਼ਾਮਲ ਹਨ। ਇਨ੍ਹਾਂ ਤੇਲ ਚਿੱਤਰਾਂ ਵਿੱਚ ਮਹਾਰਾਜਾ ਰਣਜੀਤ ਸਿੰਘ ਦੀ ਲਾਹੌਰ ਦਰਬਾਰ ਵਾਲੀ ਪੇਂਟਿੰਗ, ਮਹਾਰਾਜਾ ਸ਼ੇਰ ਸਿੰਘ ਦੀ ਕੌਂਸਲ ਅਤੇ ਸ਼ੇਰ-ਏ-ਪੰਜਾਬ ਦੀ ਅੰਮ੍ਰਿਤਸਰ ਸ੍ਰੀ ਦਰਬਾਰ ਸਾਹਿਬ ਵਿੱਚ ਗੁਰੂ ਗ੍ਰੰਥ ਸਾਹਿਬ ਦੀ ਹਜ਼ੂਰੀ ਵਿੱਚ ਬੈਠਿਆਂ ਦੀ ਪੇਂਟਿਗ ਦੇ ਨਾਲ ਸ਼ਹਿਜ਼ਾਦਾ ਦਲੀਪ ਸਿੰਘ ਦੀ ਘੋੜੇ ਉੱਤੇ ਸਵਾਰੀ ਕਰਦਿਆਂ ਦੀ ਤਸਵੀਰ, ਉਨ੍ਹਾਂ ਦੇ ਪੁੱਤਰ ਫਰੈਡਰਿਕ ਦਲੀਪ ਸਿੰਘ, ਗੁਲਾਬ ਸਿੰਘ ਡੋਗਰਾ, ਧਿਆਨ ਸਿੰਘ ਡੋਗਰਾ, ਤੇਜਾ ਸਿੰਘ, ਮਹਾਰਾਜਾ ਸ਼ੇਰ ਸਿੰਘ, ਸ਼ੇਰ ਸਿੰਘ ਅਟਾਰੀਵਾਲਾ, ਚਤਰ ਸਿੰਘ ਅਤੇ ਸ਼ਾਮ ਸਿੰਘ ਅਟਾਰੀਵਾਲਾ, ਜਰਨੈਲ ਹਰੀ ਸਿੰਘ ਨਲਵਾ ਅਤੇ ਮਹਾਰਾਜਾ ਰਣਜੀਤ ਸਿੰਘ ਦੀ ਸ਼ਾਹੀ ਲਿਬਾਸ ਵਿੱਚ ਹਾਥੀ ਉੱਤੇ ਬੈਠੇ ਹੋਇਆਂ ਦੀ ਸਿਲਵਰ ਪੇਂਟਿੰਗ ਅਤੇ ਮੁਹੰਮਦ ਬਖ਼ਸ਼ ਨਕਾਸ਼ ਵੱਲੋਂ ਸ਼ੇਰ-ਏ-ਪੰਜਾਬ ਦੇ ਦਰਬਾਰ ਵਿਚਲੇ ਲੱਗਭਗ ਸਭ ਜਰਨੈਲਾਂ, ਅਧਿਕਾਰੀਆਂ ਤੇ ਦੀਵਾਨਾਂ ਦੇ ਨਾਂਅ ਲਿਖੀ ਪੇਂਟਿੰਗ ਵਧੇਰੇ ਵਰਨਣਯੋਗ ਹੈ। ਇਨ੍ਹਾਂ ਚਰਚਿਤ ਪੇਂਟਿੰਗਜ਼ ਦੇ ਨਾਲ ਮਹਾਰਾਜਾ ਦਲੀਪ ਸਿੰਘ ਦੀ ਬੰਸਾਵਲੀ, ਜਿਸ ਵਿੱਚ ਮਹਾਰਾਜਾ ਰਣਜੀਤ ਸਿੰਘ ਨੂੰ ਚੰਦਰਬੰਸੀ ਲਿਖਿਆ ਗਿਆ ਹੈ, ਸਮੇਤ ਰਾਣੀ ਜਿੰਦ ਕੌਰ ਦੇ ਸਫ਼ੈਦ ਸੰਗਮਰਮਰ ਦੇ ਤਰਾਸ਼ੇ ਹੱਥ ਅਤੇ ਮਹਾਰਾਜਾ ਦੀ ਅਖਰੋਟ ਦੀ ਲੱਕੜੀ ਨਾਲ ਬਣੀ ਕੁਰਸੀ, ਜਿਸ ਉੱਤੇ ਦੋ ਮੋਰ ਅਤੇ ਬੰਸਰੀ ਵਜਾਉਂਦੇ ਇੱਕ ਪੁਰਸ਼ ਤੇ ਦੋ ਔਰਤਾਂ ਦੀਆਂ ਮੂਰਤਾਂ ਉਕਰੀਆਂ ਹੋਈਆਂ ਹਨ, ਵੀ ਖਿੱਚ ਦਾ ਕੇਂਦਰ ਹਨ। ਸ਼ਹਿਜ਼ਾਦੀ ਬੰਬਾ ਜਦੋਂ ਵਿਦੇਸ਼ ਤੋਂ ਭਾਰਤ ਆਈ ਤਾਂ ਆਪਣੇ ਨਾਲ ਆਪਣੇ ਪਿਤਾ ਤੋਂ ਮਿਲਿਆ ਵਿਰਾਸਤੀ ਖ਼ਜ਼ਾਨਾ, ਜਿਸ ਵਿੱਚ ਕਈ ਇਤਿਹਾਸਕ ਬਹੁਮੁੱਲੀਆਂ ਵਸਤਾਂ ਸਨ, ਨਾਲ ਲਿਆਈ ਸੀ। ਇਨ੍ਹਾਂ ਵਿੱਚ ਮਹਾਰਾਜਾ ਰਣਜੀਤ ਸਿੰਘ ਦੇ ਸੋਨੇ ਨਾਲ ਲਿਖੇ ਸ਼ਾਹੀ ਫ਼ਰਮਾਨ, ਪੇਂਟਿੰਗਜ਼, ਹੀਰੇ ਮੋਤੀ ਜੜੀਆਂ ਸ਼ਾਹੀ ਪੁਸ਼ਾਕਾਂ, ਹੀਰਿਆਂ ਦੇ ਹਾਰ ਅਤੇ ਕੀਮਤੀ ਧਾਤੂਆਂ ਦੀਆਂ ਬਣੀਆਂ ਮੂਰਤੀਆਂ ਸਮੇਤ ਅਰਬੀ ਵਿੱਚ ਲਿਖੇ ਦਸਤਾਵੇਜ਼ ਸ਼ਾਮਲ ਸਨ।

ਇਨ੍ਹਾਂ ਦਸਤਾਵੇਜ਼ਾਂ ਨੂੰ ਚੰਗੀ ਤਰ੍ਹਾਂ ਜਾਨਣ ਤੇ ਸਮਝਣ ਲਈ ਸ਼ਹਿਜ਼ਾਦੀ ਬੰਬਾ ਨੇ ਲਾਹੌਰ ਦੇ ਫ਼ਾਰਸੀ ਤੇ ਅੰਗਰੇਜ਼ੀ ਦੇ ਵਿਦਵਾਨ ਕਰੀਮ ਬਖ਼ਸ਼ ਸਪਰਾ ਦੀਆਂ ਸੇਵਾਵਾਂ ਲਈਆਂ ਸਨ। ਸ਼ਹਿਜ਼ਾਦੀ ਦੀ ਆਪਣੀ ਔਲਾਦ ਨਾ ਹੋਣ ਕਰਕੇ ਉਸ ਨੇ ਆਪਣੀ ਮੌਤ ਤੋਂ ਪਹਿਲਾਂ ਦੋ ਗਵਾਹਾਂ ਵਕੀਲ ਮਨਜ਼ੂਰ ਅਨਾਮ ਤੇ ਵਕੀਲ ਮਵਲਿਜ਼ ਹੁਸੈਨ ਦੀ ਹਾਜ਼ਰੀ ਵਿੱਚ ਆਪਣੀ ਸ਼ਾਹੀ ਕੋਠੀ 'ਗੁਲਜ਼ਾਰ', ਮਾਡਲ ਟਾਊਨ ਦੇ ਪਲਾਟ ਨੰਬਰ 103, 104 ਅਤੇ ਇੰਗਲੈਂਡ ਦੇ ਬੈਂਕਾਂ ਵਿੱਚ ਪਈਆਂ ਸਭ ਬਹੁ-ਮੁੱਲੀਆਂ ਵਸਤਾਂ ਸਮੇਤ ਉਕਤ 88 ਵਸਤਾਂ ਕਰੀਮ ਬਖ਼ਸ਼ ਦੇ ਨਾਂਅ ਕਰ ਦਿੱਤੀਆਂ, ਜਿਸ ਨੇ ਪਿੱਛੋਂ ਉਕਤ ਵਸਤਾਂ ਪਾਕਿਸਤਾਨ ਸਰਕਾਰ ਦੇ ਪੁਰਾਤੱਤਵ ਵਿਭਾਗ ਨੂੰ ਵੇਚ ਦਿੱਤੀਆਂ ਸਨ। ਪੁਰਾਤੱਤਵ ਵਿਭਾਗ ਨੇ ਉਕਤ ਸਿੱਖ ਗੈਲਰੀ ਵਿੱਚ ਰਾਣੀ ਮੋਰਾਂ ਦੀ ਧਾਤੂ ਦੀ ਬਣੀ ਕੁਰਸੀ, ਸਿੱਖ ਦਰਬਾਰ ਦੇ ਸ਼ਸਤਰ ਅਤੇ ਸਿੱਖ ਦਰਬਾਰ ਦੇ ਸਿੱਕੇ ਸ਼ਾਮਲ ਕੀਤੇ ਹਨ।

# ਯੂਕਰੇਨੀ ਸ਼ਰਨਾਰਥੀਆਂ ਨੇ ਵੱਖ-ਵੱਖ ਦੇਸ਼ਾਂ ਵਿੱਚ ਸ਼ਰਨ ਲਈ



ਵੈਨਿਸ, 3 ਮਾਰਚ (ਪੋਸਟ ਬਿਊਰੋ)- ਰੂਸ ਅਤੇ ਯੂਕਰੇਨ ਦੀ ਜੰਗ ਸ਼ੁਰੂ ਹੋਣ ਦੇ ਦਿਨ ਤੋਂ ਯੂਕਰੇਨ ਦੇ ਸ਼ਰਨਾਰਥੀਆਂ ਵੱਲੋਂ ਆਪਣੀ ਜ਼ਿੰਦਗੀ ਨੂੰ ਬਚਾਉਣ ਲਈ ਵੱਖ-ਵੱਖ ਦੇਸ਼ਾਂ ਵਿੱਚ ਸ਼ਰਨ ਲਈ ਜਾ ਰਹੀ ਹੈ, ਜਿਸ ਕਾਰਨ ਯੂਕਰੇਨ ਦੇ ਸ਼ਰਨਾਰਥੀ ਇਟਲੀ ਵਿੱਚ ਆਉਣੇ ਸ਼ੁਰੂ ਹੋ ਗਏ ਹਨ, ਜਿਨ੍ਹਾਂ ਵਿੱਚਬਹੁਤੇ ਔਰਤਾਂ, ਬੱਚੇ ਅਤੇ ਬਜ਼ੁਰਗ ਹਨ।

ਵਰਨਣ ਯੋਗ ਹੈ ਕਿ ਜਦੋਂ ਰੂਸ ਨੇ ਪਿਛਲੇ ਹਫ਼ਤੇ ਯੂਕਰੇਨ ਉੱਤੇ ਹਮਲਾ ਕੀਤਾ ਤਾਂ ਇਨ੍ਹਾਂ ਲੋਕਾਂ ਨੇ ਆਪਣਾ ਦੇਸ਼ ਛੱਡ ਕੇ ਹੋਰ ਦੇਸ਼ਾਂ ਵੱਲ ਰੁਖ਼ ਕੀਤਾ ਸੀ। ਇਟਲੀ ਵਿੱਚ ਅੱਜ ਤੱਕ ਏਮੀਲੀਆ, ਰੋਮਾਨਾ, ਤਰੈਨਤੋ, ਵੇਨਤੋ ਅਤੇ ਫੋਰਲੀ ਵਨੇਸ਼ੀਆ ਜੂਲੀਆ ਵਿੱਚ ਸ਼ਰਨਾਰਥੀਆਂਬਾਰੇ ਰਜਿਸਟਰ ਲਾਏ ਗਏ ਹਨ। ਕੱਲ੍ਹ 50 ਲੋਕਾਂ ਦੀ ਬੱਸ, ਡਰਾਈਵਰ ਸਮੇਤ ਦੋ ਪੁਰਸ਼ਾਂ ਨੂੰ ਛੱਡ ਕੇ ਸਾਰੀਆਂ ਔਰਤਾਂ ਅਤੇ ਬੱਚੇ ਇਟਲੀ ਦੇ ਸ਼ਹਿਰ ਤਰੀਸਤੇ ਪਹੁੰਚੇ। ਇਹ ਸ਼ਰਨਾਰਥੀ ਇਟਲੀ ਵਿੱਚ ਦੋਸਤਾਂ, ਰਿਸ਼ਤੇਦਾਰਾਂ ਤੇ ਜਾਣ-ਪਛਾਣ ਵਾਲਿਆਂ ਨਾਲ ਰਹਿਣ ਲਈ ਸੈਟ ਕੀਤੇ ਗਏ ਸਨ। ਬਹੁਤੇ ਉਤਰ ਵਿੱਚ, ਮਿਲਾਨ, ਬੇਰਸ਼ੀਆ ਅਤੇ ਵਿਚੈਂਸਾ ਸਮੇਤ ਸ਼ਹਿਰਾਂ ਵਿੱਚ ਗਏ ਹਨ ਅਤੇ ਕੁਝ ਰੋਮ ਵੱਲ ਵੀ ਜਾ ਰਹੇ ਸਨ। ਇੱਕ ਹੋਰ ਬੱਸ 40 ਦੇ ਕਰੀਬ ਔਰਤਾਂ ਅਤੇ ਬੱਚਿਆਂ ਸਮੇਤ ਪਿਚੈਂਸਾ ਵਿਖੇ ਪਹੁੰਚੀ, ਜਿਸ ਵਿੱਚ 9 ਮਹੀਨੇ ਦਾ ਬੱਚਾ ਵੀ ਸੀ। ਇਟਲੀ ਦੀ ਗ੍ਰਹਿ ਮੰਤਰੀ ਲੂਸੀਆਨਾ ਨੇ ਕਿਹਾ ਹੈ ਕਿ ਏਕਤਾ ਸਾਡੇ ਲਈ ਹਮੇਸ਼ਾ ਸਾਡੇ ਯੂਰਪੀਅਨ ਏਜੰਡੇ ਦਾ ਇੱਕ ਨਿਸ਼ਚਿਤ ਬਿੰਦੂ ਰਿਹਾ ਹੈ ਅਤੇ ਪੀੜਤ ਲੋਕਾਂ ਦੀ ਸਹਾਇਤਾ ਲਈ ਸਾਡੀ ਸਰਕਾਰ ਹਮੇਸ਼ਾਂ ਹੀ ਅੱਗੇ ਆਈ ਹੈ।

## ਆਦਮਪੁਰ ਦੇ ਰਜਤ ਸਹੋਤਾ ਤੇ ਰਮਨਦੀਪ ਰੂਸੀ ਫ਼ੌਜ ਦੇ ਕਬਜ਼ੇ ਵਿੱਚ

ਆਦਮਪੁਰ, 3 ਮਾਰਚ (ਪੋਸਟ ਬਿਊਰੋ)- ਇਸ ਹਲਕੇਵਿੱਚੋਂ ਯੂਕਰੇਨ ਵਿੱਚ ਪੜ੍ਹਾਈ ਕਰਨ ਗਏ ਵਿਦਿਆਰਥੀ ਰਜਤ ਸਹੋਤਾ (25) ਅਤੇ ਰਮਨਦੀਪ (24) ਨੂੰ ਰੂਸੀ ਫ਼ੌਜ ਵੱਲੋਂ ਗ੍ਰਿਫ਼ਤਾਰ ਕਰ ਲੈਣ ਦੀ ਖ਼ਬਰ ਹੈ।

ਰਜਤ ਦੇ ਪਿਤਾ ਸੁਖਪਾਲ ਸਹੋਤਾ ਨੇ ਦੱਸਿਆ ਕਿ ਉਨ੍ਹਾਂ ਦਾ ਲੜਕਾ ਰਜਤ ਸਹੋਤਾ ਅਤੇ ਰਮਨਦੀਪ ਵਾਰਡ ਨੰਬਰ 12 ਮੁਹੱਲਾ ਗਾਜ਼ੀਪੁਰ ਦੋਵੇਂ ਦੋਸਤ ਅਤੇ ਇੱਕੋ ਮੁਹੱਲੇ ਦੇ ਹਨ। ਰਜਤ 25 ਦਸੰਬਰ, 2020 ਨੂੰ ਭਾਸ਼ਾ ਦਾ ਕੋਰਸ ਕਰਨ ਲਈ ਯੂਕਰੇਨ ਗਿਆ ਸੀ ਅਤੇ ਰਮਨਦੀਪ ਪੁੱਤਰ ਹਰਮੇਸ਼ ਲਾਲ 5 ਫਰਵਰੀ, 2021 ਨੂੰ ਭਾਸ਼ਾ ਕੋਰਸ ਲਈ ਟਰੈਵਲ ਏਜੰਟ ਰਾਹੀ ਰਜਤ ਯੂਨੀਵਰਸਿਟੀ ਯੂਕਰੇਨ ਚਲਾ ਗਿਆ। ਰੂਸ ਤੇ ਯੂਕਰੇਨ ਦੀ ਲੜਾਈ ਲੱਗਣ ਪਿੱਛੋਂ ਰਜਤ ਹਰ ਰੋਜ਼ ਫੋਨ ਉਤੇ ਕਹਿੰਦਾ ਸੀ ਅਸੀਂ ਸਹੀ ਸਲਾਮਤ ਹਾਂ ਪਰ ਸਥਾਨਕ ਪ੍ਰਸ਼ਾਸਨ ਨੇ ਵਿਦਿਆਰਥੀਆਂ ਨੂੰ ਕਿਸੇ ਹੋਰ ਥਾਂ ਜਾਣ ਨੂੰ ਕਿਹਾ ਹੈ, ਜਿਸ ਤੋਂ ਬਾਅਦ ਉਨ੍ਹਾਂ ਭੁੱਖੇ ਪਿਆਸਿਆਂ ਨੇ ਹੋਰ ਵਿਦਿਆਰਥੀਆਂ ਸਮੇਤ ਪੋਲੈਂਡ ਦੀ ਸਰਹੱਦ ਵੱਲ ਰੁਖ ਕੀਤਾ ਪਰ ਰਸਤੇ ਵਿੱਚ ਕੁਝ ਰੂਸੀ ਫ਼ੌਜੀ ਰਜਤ ਅਤੇ ਰਮਨਦੀਪ ਨੂੰ ਗ੍ਰਿਫ਼ਤਾਰ ਕਰਕੇ ਆਪਣੇ ਕਿਸੇ ਕੈਂਪ ਵਿੱਚ ਲੈ ਗਏ। ਉਸ ਤੋਂ ਬਾਅਦ ਉਨ੍ਹਾਂ ਦਾ ਫ਼ੋਨ ਬੰਦ ਆ ਰਿਹਾ ਹੈ। ਕੱਲ੍ਹ ਰਾਤ ਕਿਸੇ ਵਿਅਕਤੀ ਦੇ ਮੋਬਾਈਲ ਤੋਂ ਫੋਨ ਆਇਆ ਤਾਂ ਰਜਤ ਨੇ ਦੱਸਿਆ ਕਿ ਰੂਸੀ ਫ਼ੌਜੀਆਂ ਨੇ ਸਾਡੇ ਫੋਨ ਅਤੇ ਪਾਸਪੋਰਟ ਖੋਹ ਲਏ ਹਨ ਤੇ ਸਾਨੂੰ ਕਿਤੇ ਜਾਣ ਨਹੀਂ ਦਿੰਦੇ। ਸੁਖਪਾਲ ਸਹੋਤਾ ਨੇ ਕਿਹਾ ਕਿ ਜ਼ਿਲ੍ਹਾ ਜਲੰਧਰ ਪ੍ਰਸ਼ਾਸਨ ਦੇ ਹੈਲਪਲਾਈਨ ਨੰਬਰ ਉੱਤੇ ਬਾਰ-ਬਾਰ ਸੰਪਰਕ ਕਰਨ ਉਪਰੰਤ ਕੋਈ ਫੋਨ ਨਹੀਂ ਚੁੱਕਦਾ। ਉਨ੍ਹਾਂ ਕੇਂਦਰ ਸਰਕਾਰ ਨੂੰ ਅਪੀਲ ਕੀਤੀ ਕਿ ਸਾਡੇ ਬੱਚਿਆਂ ਨੂੰ ਸਹੀ ਸਲਾਮਤ ਲਿਆਂਦਾ ਜਾਵੇ।

# ਯੂਕ੍ਰੇਨ ਦੇ ਲੋਕਾਂ ਲਈ ਬ੍ਰਿਟੇਨ ਨੇ ਆਪਣੇ ਦੇਸ਼ ਦੇ ਦਰਵਾਜ਼ੇ ਖੋਲ੍ਹੇ



ਲੰਡਨ, 3 ਮਾਰਚ (ਪੋਸਟ ਬਿਊਰੋ)- ਯੂਕਰੇਨ ਦੇ ਲੋਕਾਂ ਲਈ ਬ੍ਰਿਟੇਨ ਨੇ ਆਪਣੇ ਦੇਸ਼ ਦੇ ਦਰਵਾਜ਼ੇ ਖੋਲ੍ਹ ਦਿੱਤੇ ਹਨ। ਪ੍ਰਧਾਨ ਮੰਤਰੀ ਬੌਰਿਸ ਜੌਹਨਸਨ ਨੇ ਲੰਡਨ ਦੇ ਯੂਕਰੇਨੀਅਨ ਚਰਚ ਵਿੱਚ ਹੋਏ ਇੱਕ ਸਮਾਗਮ ਵਿੱਚ ਯੁੱਧ ਦੌਰਾਨ ਮਾਰੇ ਗਏ ਲੋਕਾਂ ਲਈ ਪ੍ਰਾਰਥਨਾ ਕੀਤੀ ਅਤੇ ਕਿਹਾ ਕਿ ਯੂ ਕੇ ਦੇ ਬਰਤਾਨਵੀ ਨਾਗਰਿਕ ਆਪਣੇ ਯੂਕਰੇਨ ਵਾਸੀ ਪਰਵਾਰਕ ਮੈਂਬਰਾਂ ਨੂੰ ਇੱਥੇ ਲਿਆ ਸਕਦੇ ਹਨ। ਪ੍ਰਧਾਨ ਮੰਤਰੀ ਨੇ ਕਿਹਾ ਕਿ ਯੂ ਕੇ 'ਯੂਕਰੇਨ ਤੋਂ ਇਸ ਮੁਸੀਬਤ ਵਿੱਚ ਪਿੱਠ ਨਹੀਂ ਮੋੜੇਗਾ' ਅਤੇ ਹਰ ਸੰਭਵ ਮਦਦ ਕਰਦਾ ਰਹੇਗਾ।

ਦੂਸਰੇ ਪਾਸੇ ਵਿਰੋਧੀ ਆਗੂ ਨੇ ਕਿਹਾ ਕਿ ਇਹ 'ਸ਼ਰਮਨਾਕ' ਹੈ ਕਿ ਨਿਯਮ ਸਿਰਫ ਕੁਝ ਰਿਸ਼ਤੇਦਾਰਾਂ ਲਈ ਹਨ ਜਦ ਕਿ ਇਨ੍ਹਾਂ ਨਿਯਮਾਂ ਵਿੱਚ ਮਾਪਿਆਂ ਤੇ ਭੈਣਾਂ-ਭਰਾਵਾਂ ਨੂੰ ਬਾਹਰ ਰੱਖਿਆ ਹੈ। ਇਨ੍ਹਾਂ ਵੀਜ਼ਿਆਂ ਲਈ ਜੀਵਨ ਸਾਥੀ ਜਾਂ ਸਿਵਲ ਪਾਰਟਨਰ (ਘੱਟੋ-ਘੱਟ ਦੋ ਸਾਲਾਂ ਦਾ ਅਣਵਿਆਹਿਆ ਸਾਥੀ), 18 ਸਾਲ ਤੋਂ ਘੱਟ ਉਮਰ ਦੇ ਬੱਚੇ, ਮਾਤਾ-ਪਿਤਾ ਜੇ ਉਨ੍ਹਾਂ ਦਾ ਪੋਤਾ-ਪੋਤੀ,ਜੋ 18 ਸਾਲ ਤੋਂ ਘੱਟ ਉਮਰ ਦਾ ਹੈ, ਜਾਂ ਬਾਲਗ ਰਿਸ਼ਤੇਦਾਰ ਜੋ ਉਨ੍ਹਾਂ ਦੀ ਦੇਖਭਾਲ ਕਰਨ ਵਾਲੇ ਹੋਣ, ਅਰਜ਼ੀ ਦੇਣ ਦੇ ਯੋਗ ਹਨ। ਯੂਰਪੀਅਨ ਦੇਸ਼ਾਂ ਨੇ ਯੂਕਰੇਨੀ ਸ਼ਰਨਾਰਥੀਆਂ ਨੂੰ ਬਿਨਾਂ ਸ਼ਰਨ ਲਏ ਤਿੰਨ ਸਾਲਾਂ ਤਕ ਸ਼ਰਨਾਰਥੀ ਵਜੋਂ ਰਹਿਣ ਦਾ ਸਮਰਥਨ ਕੀਤਾ ਹੈ। ਰੱਖਿਆ ਮੰਤਰੀ ਬੇਨ ਵੈਲੇਸ ਨੇ ਕਿਹਾ ਕਿ ਸਰਕਾਰ ਯੂਰਪੀਅਨ ਯੂਨੀਅਨ ਦੀ ਪੇਸ਼ਕਸ਼ ਦਾ ਅਧਿਅਨ ਕਰੇਗੀ ਅਤੇ ਅਗਲੇ ਕਦਮਾਂ ਬਾਰੇ ਫੈਸਲਾ ਕਰੇਗੀ। ਬੌਰਿਸ ਜੌਹਨਸਨ ਨੇ ਮਨੁੱਖੀ ਸਹਾਇਤਾ ਲਈ 40 ਮਿਲੀਅਨ ਪੌਂਡ ਦੀ ਮਦਦ ਦਾ ਵੀ ਐਲਾਨ ਕੀਤਾ।

## ਅਮਰੀਕਾ ਨੂੰ 65000 ਐਚ-1ਬੀ ਵੀਜ਼ੇ ਲਈ ਅਰਜ਼ੀਆਂ ਮਿਲੀਆਂ




ਵਾਸ਼ਿੰਗਟਨ, 3 ਮਾਰਚ (ਪੋਸਟ ਬਿਊਰੋ)- ਅਮਰੀਕਾ ਦੀ ਇੱਕ ਫੈਡਰਲ ਏਜੰਸੀ ਨੇ ਦੱਸਿਆ ਕਿ ਵਿੱਤੀ ਵਰ੍ਹੇ 2022 ਲਈ ਪਾਰਲੀਮੈਂਟ ਵੱਲੋਂ ਤੈਅ 65,000 ਐਚ-1ਬੀ ਵੀਜ਼ੇ ਸਬੰਧੀ ਅਰਜ਼ੀਆਂ ਮਿਲ ਚੁੱਕੀਆਂ ਹਨ।

ਐਚ-1ਬੀ ਵੀਜ਼ਾ ਇੱਕ ਗੈਰ-ਪਰਵਾਸੀ ਵੀਜ਼ਾ ਹੈ, ਜੋ ਅਮਰੀਕੀ ਕੰਪਨੀਆਂ ਨੂੰ ਤਕਨਾਲੋਜੀ ਖੇਤਰ ਦੀ ਵਿਸ਼ੇਸ਼ਤਾ ਵਾਲੇ ਵਿਸ਼ੇਸ਼ ਕੰਮਾਂ ਲਈ ਵਿਦੇਸ਼ੀ ਕਾਮਿਆਂ ਨੂੰ ਤਾਇਨਾਤ ਕਰਨ ਦੀ ਇਜਾਜ਼ਤ ਦਿੰਦਾ ਹੈ। ਭਾਰਤ ਸਣੇ ਵਿਦੇਸ਼ੀ ਪੇਸ਼ੇਵਰਾਂ ਵਿੱਚ ਇਸ ਵਰਕ ਵੀਜ਼ੇ ਦੀ ਸਭ ਤੋਂ ਵੱਧ ਮੰਗ ਰਹਿੰਦੀ ਹੈ।ਅਮਰੀਕੀ ਪਾਰਲੀਮੈਂਟ ਦੇ ਹੁਕਮਾਂ ਅਨੁਸਾਰ ਅਮਰੀਕਾ ਹਰ ਸਾਲ ਵੱਧ ਤੋਂ ਵੱਧ 65,000 ਐਚ-1ਬੀ ਵੀਜ਼ੇ ਅਤੇ ਅਮਰੀਕੀ ਐਡਵਾਂਸਡ ਡਿਗਰੀ ਛੋਟ ਸ਼੍ਰੇਣੀਆਂ ਤਹਿਤ 20,000 ਹੋਰ ਐਚ-1ਬੀ ਵੀਜ਼ੇ ਜਾਰੀ ਕਰ ਸਕਦਾ ਹੈ।ਵੀਜ਼ਾ ਦੀਆਂਸਭ ਅਰਜ਼ੀਆਂ ਦੀ ਹਰ ਸਾਲ ਛਾਂਟੀ ਕਰਨ ਵਾਲੀ ਅਮਰੀਕੀ ਨਾਗਰਿਕਤਾ ਅਤੇ ਰਿਹਾਇਸ਼ ਬਾਰੇ ਸਰਵਿਸ ਨੇ ਕੱਲ੍ਹ ਐਲਾਨ ਕੀਤਾ ਕਿ ਉਸ ਨੂੰ ਸਾਲ 2022 ਲਈ ਤੈਅ 65,000 ਦੀ ਐਚ-1ਬੀ ਸੀਮਾ ਅਤੇ ਅਮਰੀਕੀ ਐਡਵਾਂਸਡ ਡਿਗਰੀ ਛੋਟ ਤਹਿਤ 20,000 ਐਚ-1ਬੀ ਵੀਜ਼ਾ ਸੀਮਾ ਤਕ ਪਹੁੰਚਣ ਲਈ ਲੋੜੀਂਦੀ ਮਾਤਰਾ ਵਿੱਚ ਅਰਜ਼ੀਆਂ ਮਿਲ ਗਈਆਂ ਹਨ।

## ਵੂਹਾਨ ਦੇ ਬਾਜ਼ਾਰ ਵਿੱਚੋਂ ਹੀ ਜਾਨਵਰਾਂ ’ਚੋਂ ਕੋਰੋਨਾ ਪੈਦਾ ਹੋਇਆ ਸੀ



ਵਾਸ਼ਿੰਗਟਨ, 3 ਮਾਰਚ (ਪੋਸਟ ਬਿਊਰੋ)- ਦੋ ਨਵੇਂ ਪ੍ਰਯੋਗਾਂ ਤੋਂ ਸੰਕੇਤ ਮਿਲਦੇ ਹਨ ਕਿ ਕੋਵਿਡ-19 ਦੇ ਕਾਰਕ ਸਾਰਸ-ਸੀ ਓ ਵੀ-2 ਵਾਇਰਸ ਦੀ ਉਤਪਤੀ ਵੂਹਾਨ ਦੇ ਹੋਆਨਾਨ ਸੀਫੂਡ ਮਾਰਕਿਟ ਦੇ ਜਾਨਵਰਾਂ ਵਿੱਚੋਂ ਹੋਈ ਅਤੇ 2019 ਦੇ ਅੰਤ ਵਿੱਚ ਇਸਦਾ ਪਸਾਰ ਇਨਸਾਨਾਂ ਵਿੱਚ ਹੋਇਆ ਸੀ।

ਪਹਿਲਾਂ ਪ੍ਰਯੋਗ ਵਿੱਚ ਇਹ ਦਿਖਾਉਣ ਲਈ ਸਥਾਨਕ ਵਿਸ਼ਲੇਸ਼ਣ ਦਾ ਉਪਯੋਗ ਕੀਤਾ ਗਿਆ ਕਿ ਦਸੰਬਰ 2019 ਵਿੱਚ ਸਭ ਤੋਂ ਸ਼ੁਰੂ ਵਿੱਚ ਕੋਵਿਡ-19 ਦੇ ਜਿਨ੍ਹਾਂਕੇਸਾਂ ਦਾ ਇਲਾਜ ਕੀਤਾ ਗਿਆ ਉਹ ਵੂਹਾਨ ਦੇ ਬਾਜ਼ਾਰ ਉੱਤੇ ਕੇਂਦਰਤ ਸੀ। ਖੋਜ ਕਰਤਾਵਾਂ ਨੇ ਪਤਾ ਲਾਇਆ ਕਿ ਵਾਇਰਸ ਦੇ ਲਈ ਸਕਾਰਤਮਕ ਟੈਸਟਿੰਗ ਕਰਨ ਵਾਲੇ ਵਾਤਾਵਰਣਕ ਨਮੂਨੇ ਜੀਉਂਦੇ ਜਾਨਵਰਾਂ ਨੂੰ ਵੇਚਣ ਵਾਲੇ ਸੈਲਰਾਂ ਨਾਲ ਮਜਬੂਤੀ ਦੇ ਨਾਲ ਜੁੜੇ ਸੀ। ਅਮਰੀਕਾ ਦੇ ਐਰੀਜੋਨਾ ਵਿਸ਼ਵਿਦਿਆਲੇ ਵਿੱਚ ਇੱਕ ਪ੍ਰੋ. ਮਾਈਕਲ ਬੋਰੋਬੇ ਨੇ ਟਵੀਟ ਕੀਤਾ, ਅਸੀਂ ਦਸੰਬਰ 2019 ਵਿੱਚ ਲਛਣ ਦੀ ਸ਼ੁਰੂਆਤ ਨਾਲ ਵੂਹਾਨ ਤੋਂ ਜ਼ਿਆਦਾਤਰ ਜਾਣੇ ਜਾਂਦੇ ਕੋਵਿਡ-19 ਕੇਸਾਂ ਦੇ ਲਈ ਵਿਸਥਾਰ ਅਤੇ ਨਤੀਜੇ ਕੱਢਣ ਦੇ ਲਈ ਸਾਰਸ-ਸੀ ਓ ਵੀ -2 ਦੀ ਉਤਪਤੀ ਉੱਤੇ ਵਿਸ਼ਵ ਸਿਹਤ ਸੰਗਠਨ ਦੇ ਮਿਸ਼ਨ ਦੀ ਰਿਪੋਰਟ ਵਿੱਚ ਮਾਨ-ਚਿੱਤਰਾਂ ਦਾ ਉਪਯੋਗ ਕੀਤਾ। ਦੋਨੋਂ ਹੀ ਖੋਜ ਪੱਤਰਾਂ ਦੇ ਲੇਖਕ ਵੋਰੋਬੇ ਨੇ ਕਿਹਾ, ਅਸੀਂ ਪਤਾ ਲਗਾਇਆ ਕਿ ਦਸੰਬਰ ਵਿੱਚ ਮਾਮਲੇ ਹੁਆਨਾਨ ਬਾਜ਼ਾਰ ਦੇ ਨੇੜੇ ਅਤੇ ਜ਼ਿਆਦਾ ਕੇਂਦਰਿਤ ਸੀ, ਜਿਨ੍ਹਾਂ ਨਾਲ ਉਮੀਦ ਕੀਤੀ ਜਾ ਸਕਦੀ ਸੀ, ਇਸ ਦਾ ਕੇਂਦਰ ਬਾਜ਼ਾਰ ਵਿੱਚ ਸੀ।

# ਕਾਲਾ ਇਤਿਹਾਸ, ਕੈਪੀਟਲ ਹਿੱਲ ਹਿੰਸਾ ਵਿੱਚ ਪਹਿਲੇ ਮੁਕੱਦਮੇ ਉੱਤੇ ਸੁਣਵਾਈ

* ਰੇਫਿਟ ਦੇ ਮੁਕੱਦਮੇ ਨਾਲ ਹੋਰ ਕੇਸਾਂ ਦੀ ਵੀ ਦਿਸ਼ਾ ਤੈਅ ਹੋਵੇਗੀ



ਵਾਸ਼ਿੰਗਟਨ, 3 ਮਾਰਚ (ਪੋਸਟ ਬਿਊਰੋ)- ਰਾਸ਼ਟਰਪਤੀ ਦੀ ਚੋਣ ਹਾਰਨ ਪਿੱਛੋਂ ਡੋਨਾਲਡ ਟਰੰਪ ਦੇ ਹਮਾਇਤੀਆਂ ਵੱਲੋਂ ਸਾਲ ਕੁ ਪਹਿਲਾਂ ਕੈਪੀਟਲ ਹਿਲ ਵਿੱਚ ਕੀਤੀ ਇਤਿਹਾਸਕ ਹਿੰਸਾ ਬਾਰੇ ਪਹਿਲੇ ਕੇਸ ਦੀ ਸੁਣਵਾਈ ਸ਼ੁਰੂ ਹੋਣ ਵਾਲੀ ਹੈ। ਇਹ ਅਮਰੀਕੀ ਇਤਿਹਾਸ ਦੇ ਸਭ ਤੋਂ ਲੰਬੇ ਤੇ ਔਖੇ ਕੇਸਾਂ ਵਿੱਚੋਂ ਇੱਕ ਹੋਵੇਗਾ ਅਤੇ ਇਸ ਦੇ ਆਧਾਰ ਉੱਤੇਹੀ ਬਾਕੀ ਦੋਸ਼ੀਆਂ ਖ਼ਿਲਾਫ਼ ਵੀ ਸੁਣਵਾਈ ਦਾ ਰੁਖ਼ ਤੈਅ ਹੋ ਜਾਵੇਗਾ।

ਅਮਰੀਕੀ ਲੋਕਤੰਤਰ ਨੂੰ ਹਿਲਾਉਣ ਵਾਲੀ ਇਸ ਕਾਰਵਾਈ ਵਿੱਚ ਨਿਆਂ ਵਿਭਾਗ ਅਗਲੇ ਹਫ਼ਤੇ ਸਰਕਾਰੀ ਸਬੂਤਾਂ ਦੇ ਆਧਾਰ ਉੱਤੇ ਸੁਣਵਾਈ ਸ਼ੁਰੂ ਕਰੇਗਾ। ਵਾਸ਼ਿੰਗਟਨ ਵਿਚਲੇ ਕੈਪੀਟਲ ਹਿੱਲ ਦੰਗਿਆਂ ਤੇ ਸੈਂਕੜੇ ਕੇਸਾਂ ਵਿੱਚੋਂ ਪਹਿਲਾ ਕੇਸ ਦੋਸ਼ੀ ਗਾਏ ਵੇਸਲੇ ਰੈਫਿਟ ਖ਼ਿਲਾਫ਼ ਸ਼ੁਰੂ ਹੋਵੇਗਾ। ਟੈਕਸਾਸ ਦੇ ਵਸਨੀਕ ਰੇਫਿਟ ਨੇ ਪਿਛਲੇ ਸਾਲ ਛੇ ਜਨਵਰੀ ਨੂੰ ਕੈਪੀਟਲ ਹਿਲ ਵਿੱਚ ਪਿਸਤੌਲ ਲੈ ਕੇ ਵੜਨ ਦੇ ਨਾਲ ਉਥੇ ਤਾਇਨਾਤ ਸੁਰੱਖਿਆ ਮੁਲਾਜ਼ਮਾਂ ਨਾਲ ਹੱਥੋਪਾਈ ਕੀਤੀ ਸੀ। ਉਸ ਉੱਤੇ ਬੰਦੂਕ ਹੋਣ ਦੀ ਜਾਣਕਾਰੀ ਪ੍ਰਸ਼ਾਸਨ ਨੂੰ ਦੇਣ ਤੋਂ ਰੋਕਣ ਲਈ ਆਪਣੇ ਬੱਚਿਆਂ ਨੂੰ ਧਮਕਾਉਣ ਦਾ ਵੀ ਦੋਸ਼ ਹੈ। ਰੇਫਿਟ ਖ਼ਿਲਾਫ਼ ਸ਼ੁਰੂ ਹੋਈ ਸੁਣਵਾਈ ਕੈਪੀਟਲ ਹਿੱਲ ਦੰਗਿਆਂ ਦੇ ਬਾਕੀ ਦੋਸ਼ੀਆਂ ਲਈ ਵੀ ਫੰਦਾ ਕੱਸੇਗੀ। ਇਸ ਕੇਸ ਵਿੱਚ ਸਲਫਤਾ ਮਿਲਣ ਉੱਤੇਸਰਕਾਰੀ ਪੱਖ ਵਧੇਰੇ ਗੰਭੀਰ ਦੋਸ਼ਾਂ ਦਾ ਸਾਹਮਣਾ ਕਰਦੇ ਦੰਗਾਈਆਂ ਖ਼ਿਲਾਫ਼ ਹੋਰ ਸਖ਼ਤ ਪੈਰਵੀ ਕਰ ਸਕੇਗਾ ਪਰ ਜੇ ਉਹ ਬਰੀ ਹੋ ਗਿਆ ਤਾਂ ਬਾਕੀ ਦੋਸ਼ੀਆਂ ਨੂੰ ਅਦਾਲਤ ਵਿੱਚ ਵਾਰੀ ਆਉਣ ਤਕ ਆਪਣੀ-ਆਪਣੀ ਕਿਸਮਤ ਦੀ ਉਡੀਕ ਕਰਨੀ ਪਵੇਗੀ।

ਸਾਬਕਾ ਫੈਡਰਲ ਵਕੀਲ ਗ੍ਰੇਗ ਸੋਫਰ ਦਾ ਕਹਿਣਾ ਹੈ ਕਿ ਇਸ ਕੇਸ ਵਿੱਚ ਰੇਫਿਟ ਤਾਂ ਇੱਕ ਛੋਟੀ ਮੱਛੀ ਹੈ, ਇਹ ਦੇਖਣਾ ਦਿਲਚਸਪ ਹੋਵੇਗਾ ਕਿ ਸਰਕਾਰ ਦਾ ਕੇਸ ਕਿੰਨਾ ਮਜ਼ਬੂਤ ਹੈ ਤੇ ਇਸ ਨੂੰ ਅੱਗੇ ਤੱਕ ਸਫਲਤਾਪੂਰਵਕ ਕਿਵੇਂ ਲੈ ਕੇ ਜਾਂਦੀ ਹੈ। ਰੇਫਿਟ ਟੈਕਸਾਸ ਦੇ ਇੱਕ ਫਾਈਟਰ ਗਰੁੱਪ 'ਟੈਕਸਾਸ ਥ੍ਰੀ ਪਰਸੈਂਟਸ' ਦਾ ਮੈਂਬਰ ਹੈ। ਇਸ ਗਰੁੱਪ ਦੇ ਲੜਕਿਆਂ ਦਾ ਮੰਨਣਾ ਹੈ ਕਿ ਸਿਰਫ਼ ਤਿੰਨ ਫ਼ੀਸਦੀ ਅਮਰੀਕੀਆਂ ਨੇ ਬ੍ਰਿਟਿਸ਼ ਫ਼ੌਜ ਖ਼ਿਲਾਫ਼ ਜੰਗ ਕਰ ਕੇ ਅਮਰੀਕਾ ਨੂੰ ਆਜ਼ਾਦ ਕਰਵਾਇਆ ਸੀ।ਕੈਪੀਟਲ ਹਿਲ ਉੱਤੇ ਹਿੰਸਾ ਵਾਲੇ ਦਿਨ 6 ਜਨਵਰੀ 2021 ਨੂੰ ਰੇਫਿਟ ਜੇਬ ਵਿੱਚ ਪਿਸਤੌਲਅਤੇ ਹੱਥਕੜੀ ਲੈ ਕੇ ਆਇਆ ਸੀ। ਉਸ ਨੇ ਇੱਕ ਲਾਈਫ ਜੈਕਟ ਤੇ ਹੈਲਮੇਟ ਵੀ ਪਹਿਨਿਆ ਹੋਇਆ ਸੀ। ਉਸ ਦੇ ਹੱਥ ਵਿੱਚ ਵੀਡੀਓ ਕੈਮਰਾ ਸੀ ਜਿਸ ਨਾਲ ਉਸ ਹੰਗਾਮੇ ਦੀ ਰਿਕਾਰਡਿੰਗ ਕਰ ਰਿਹਾ ਸੀ। ਹੰਗਾਮੇ ਮੌਕੇ ਉਸ ਨੇ ਤੇ ਉਸ ਦੇ ਸਾਥੀਆਂ ਨੇ ਸੁਰੱਖਿਆ ਗਾਰਡਾਂ ਉੱਤੇ ਹਮਲਾ ਕੀਤਾ ਸੀ। ਰੇਫਿਟ ਨੇ ਹਮਲਾ ਉਦੋਂ ਕੀਤਾ ਜਦੋਂ ਇੱਕ ਪੁਲਸ ਵਾਲੇ ਨੇ ਉਸ ਦੇ ਚਿਹਰੇ ਉੱਤੇ ਪੇਪਰ ਸਪਰੇਅ ਸੁੱਟਿਆ। ਇਸ ਹਿੰਸਾ ਵਿੱਚ ਇੱਕ ਪੁਲਸ ਵਾਲੇ ਸਮੇਤ ਪੰਜ ਲੋਕਾਂ ਦੀ ਮੌਤ ਹੋਈ ਸੀ।

# ਇੰਟਰਪੋਲ ਵੱਲੋਂ ਗੁਪਤਾ ਭਰਾਵਾਂ ਖ਼ਿਲਾਫ਼ ਰੈਡ ਨੋਟਿਸ ਜਾਰੀ

* ਭ੍ਰਿਸ਼ਟਾਚਾਰ ਦੇ ਦੋਸ਼ਾਂ ਵਿੱਚ ਸ਼ਾਮਲ ਹਨ ਅਤੁਲ ਤੇ ਰਾਜ਼ੇਸ਼ ਗੁਪਤਾ

ਜੋਹਾਨਸਬਰਗ, 3 ਮਾਰਚ (ਪੋਸਟ ਬਿਊਰੋ)- ਇੰਟਰਪੋਲ ਨੇ ਭ੍ਰਿਸ਼ਟਾਚਾਰ ਦੇ ਦੋਸ਼ਾਂ ਵਿੱਚ ਫਸੇ ਅਤੁਲ ਤੇ ਰਾਜੇਸ਼ ਗੁਪਤਾ ਦੇ ਖ਼ਿਲਾਫ਼ ਰੈਡ ਨੋਟਿਸ ਜਾਰੀ ਕੀਤਾ ਹੈ। ਦੱਖਣੀ ਅਫਰੀਕਾ ਦੀ ਸਰਕਾਰ ਨੇ ਕਰੀਬ ਸੱਤ ਮਹੀਨੇ ਪਹਿਲਾਂ ਇਹ ਅਪੀਲ ਕੀਤੀ ਸੀ। ਉਨ੍ਹਾਂ ਦੀਆਂ ਪਤਨੀਆਂ ਆਰਤੀ ਤੇ ਚੇਤਾਲੀ ਗੁਪਤਾ ਖ਼ਿਲਾਫ਼ ਰੈਡ ਨੋਟਿਸ ਜਾਰੀ ਨਹੀਂ ਕੀਤਾ ਗਿਆ।

ਭਾਰਤੀ ਮੂਲ ਦੇ ਤਿੰਨ ਵਿੱਚੋਂ ਦੋ ਗੁਪਤਾ ਭਰਾ ਅਤੁਲ ਅਤੇ ਰਾਜੇਸ਼ ਗੁਪਤਾ ਪਰਵਾਰ ਸਮੇਤ ਦੱਖਣੀ ਅਫਰੀਕਾ ਤੋਂ ਭੱਜ ਗਏ ਸਨ। ਉਨ੍ਹਾਂ ਦੇ ਖ਼ਿਲਾਫ਼ ਸਰਕਾਰੀ ਕੰਪਨੀਆਂ ਦੀ ਮਿਲੀਭੁਗਤ ਨਾਲ ਅਰਬਾਂ ਰੁਪਏ ਦੇ ਘਪਲੇ ਦੀ ਜਾਂਚ ਹੋ ਰਹੀ ਹੈ। ਗੁਪਤਾ ਪਰਵਾਰ ਮੂਲ ਰੂਪ ਵਿੱਚ ਭਾਰਤ ਦੇ ਉਤਰ ਪ੍ਰਦੇਸ਼ ਦੇ ਸਹਾਰਨਪੁਰ ਦਾ ਵਾਸੀ ਹੈ। ਦੱਖਣੀ ਅਫਰੀਕਾ ਦੀਆਂ ਕਈ ਕੰਪਨੀਆਂ ਦੀ ਕਮਾਨ ਉਨ੍ਹਾਂ ਦੇ ਹੱਥਾਂ ਵਿੱਚ ਹੈ। ਕਿਹਾ ਜਾਂਦਾ ਹੈ ਕਿ ਉਹ ਆਪਣੇ ਪਰਵਾਰਾਂ ਦੇ ਨਾਲ ਦੁਬਈ ਵਿੱਚ ਹਨ।ਅਤੁਲ, ਰਾਜੇਸ਼ ਤੇ ਉਨ੍ਹਾਂ ਦੇ ਵੱਡੇ ਭਰਾ ਅਜੇ ਦੇ ਖ਼ਿਲਾਫ ਦੋਸ਼ ਹੈ ਕਿ ਦੱਖਣੀ ਅਫਰੀਕਾ ਦੇ ਸਾਬਕਾ ਰਾਸ਼ਟਰਪਤੀ ਜੈਕਬ ਜ਼ੁਮਾ ਨਾਲ ਆਪਣੀ ਨੇੜਤਾ ਦਾ ਲਾਭ ਉਠਾ ਕੇ ਉਨ੍ਹਾਂ ਨੇ ਸਰਕਾਰੀ ਨਿਯਮਾਂ ਵਿੱਚ ਅਰਬਾਂ ਦੀ ਹੇਰਾਫੇਰੀ ਕੀਤੀ ਸੀ।ਗੁਪਤਾ ਪਰਵਾਰ ਦੇ ਕੁਝ ਮੈਂਬਰ ਭਾਰਤ ਵਿੱਚ ਹਨ। ਦੱਖਣੀ ਅਫਰੀਕੀ ਕੌਮੀ ਮੁਕੱਦਮਾ ਅਥਾਰਟੀ ਕਈ ਸਾਲਾਂ ਤੋਂ ਗੁਪਤਾ ਭਰਾਵਾਂ ਦੀ ਹਵਾਲਗੀ ਦੀ ਕੋਸ਼ਿਸ਼ ਕਰ ਰਹੀ ਹੈ। ਨਿਆ ਮੰਤਰੀ ਨੇ ਇਸ ਕਦਮ ਨੂੰ ਠੀਕ ਦੱਸਿਆ ਹੈ। ਗੁਪਤਾ ਭਰਾਵਾਂ ਦੇ ਵਕੀਲਾਂ ਨੇ ਉਨ੍ਹਾਂ ਨੂੰ ਰੈਡ ਨੋਟਿਸ ਜਾਰੀ ਕੀਤੇ ਜਾਣ ਦੀ ਪੁਸ਼ਟੀ ਕੀਤੀ ਹੈ।

## ਚੀਨ ਵਿੱਚ ਧਰਤੀ ਦਾ ‘ਸਭ ਤੋਂ ਵੱਡਾ’ਖੱਡਾ ਮਿਲਿਆ

ਬੀਜਿੰਗ, 3 ਮਾਰਚ (ਪੋਸਟ ਬਿਊਰੋ)- ਉਤਰ-ਪੂਰਬੀ ਚੀਨ ਵਿੱਚ ਚੰਦਰਮਾ ਦੇ ਆਕਾਰ ਦਾ ਇੰਪੈਕਟ ਕ੍ਰੇਟਰ ਧਰਤੀ ਉੱਤੇ ਉਲਕਾਪਿੰਡ ਦੇ ਡਿੱਗਣ ਤੋਂ ਬਣਿਆ ਸਭ ਤੋਂ ਵੱਡਾ ਖੱਡਾ ਹੈ।

ਅਸਲ ਵਿੱਚ ਇਹ ਇੱਕ ਲੱਖ ਸਾਲ ਦੇ ਅੰਦਰ ਬਣਿਆ ਦੁਨੀਆ ਦਾ ਸਭ ਤੋਂ ਵੱਡਾ ਖੱਡਾ ਸਮਝਿਆ ਜਾ ਰਿਹਾ ਹੈ। ਨਾਸਾ ਦੀ ਅਰਥ ਔਬਜ਼ਵੇਟਰੀ ਨੇ ਇੱਕ ਬਿਆਨ ਵਿੱਚ ਕਿਹਾ ਕਿ 2020 ਤੋਂ ਪਹਿਲੇ ਚੀਨ ਵਿੱਚ ਲੱਭਿਆ ਗਿਆ ਇੱਕੋ ਇੱਕ ਇੰਪੈਕਟ ਕ੍ਰੇਟਰ ਜਿਊਆਨ ਕਾਊਂਟੀ ਵਿੱਚ ਮਿਲਿਆ ਸੀ। ਫਿਰ ਜੁਲਾਈ 2021 ਵਿੱਚ ਵਿਗਿਆਨੀਆਂ ਨੇ ਪੁਸ਼ਟੀ ਕਰਦੇ ਹੋਏ ਕਿਹਾ ਕਿ ਪੁਲਾੜ ਤੋਂ ਇੱਕ ਵੱਡੀ ਚਟਾਨ ਦੇ ਧਰਤੀ ਨਾਲ ਟਕਰਾਉਣ ਦੇ ਕਾਰਨ ਲੇਸਰ ਜਿੰਗਾਰ ਪਰਵਤ ਵਿੱਚ ਵੱਡਾ ਭੂ-ਵਿਗਿਆਨਿਕ ਢਾਂਚਾ ਬਣ ਗਿਆ ਸੀ। ਜਾਂਚ ਟੀਮ ਨੇ ਇਸ ਨਵੇਂ ਖੱਡੇ ਦੀ ਖੋਜ ਨੂੰ ਮਟੀਰਿਊਟਿਕ ਪਲੈਨੇਟ੍ਰੀ ਸਾਇੰਸ ਮੈਗਜੀਨ ਵਿੱਚ ਛਾਪਿਆ ਸੀ। ਯਿਲਾਨ ਕ੍ਰੇਟਰ 1.85 ਕਿਲੋਮੀਟਰ ਲੰਬਾ ਹੈ ਤੇ ਇਸ ਦੀ ਗਹਿਰਾਈ 300 ਮੀਟਰ ਹੈ। ਇਹ ਖੱਡਾਸੰਘਣੇ ਜੰਗਲਾਂ ਨਾਲ ਘਿਰਿਆ ਹੋਇਆ ਹੈ। ਇਸਦੀ ਤਹਿ 150 ਮੀਟਰ ਉਚੀ ਹੈ ਅਤੇ ਇਹ ਮੂਲ ਰੂਪ ਵਿੱਚ ਲੱਗਭਗ 46,000 ਤੋਂ 53,000 ਸਾਲ ਪੁਰਾਣਾ ਹੈ। ਹਜ਼ਾਰਾਂ ਸਾਲਾਂ ਵਿੱਚ ਇਸ ਕ੍ਰੇਟਰ ਦਾ ਦੱਖਣੀ ਹਿੱਸਾ ਗਾਇਬ ਹੋ ਚੁਕਿਆ ਹੈ, ਪਰ ਬਾਕੀ ਖੱਡਾ ਅਜੇ ਵੀ ਸੁਰੱਖਿਅਤ ਹਨ।

Steinmetz & Associates
PERSONAL INJURY LAWYERS



Harry Steinmetz
Certified as Specialist by the Law Society of Ontario in Civil Litigation
(with over 27yrs. of experience)



BOBBY SIDHU
partner
(Serving the Community for Over 16 yrs.)

ਕੀ ਐਕਸੀਡੈਂਟ ਵਿੱਚ ਤੁਹਾਡੇ ਸੱਟ ਲੱਗ ਗਈ ਹੈ?
ਮੁੱਫਤ ਸਲਾਹ ▪ ਫੀਸ ਸੈਟਲਮੈਂਟ ਹੋਣ ਤੋ ਬਾਅਦ

ਜੇਕਰ ਤੁਹਾਡਾ ਕਸੂਰ ਹੈ ਜਾਂ ਨਹੀਂ, ਚਾਹੇ ਤੁਸੀਂ ਕੰਮ ਕਰਦੇ ਹੋ ਜਾਂ ਨਹੀਂ, ਚਾਹੇ ਤੁਸੀਂ Housewife ਹੋ, Student ਹੋ, Pedestrian ਹੋ, Cycliust ਹੋ, ਐਕਸੀਡੈਂਟ ਵਿਚ ਸੱਟ ਲੱਗਣ ਦੀ ਸੂਰਤ ਵਿਚ ਤੁਸੀਂ ਕਈ ਬੈਨੀਫਿਟਸ ਦੇ ਹੱਕਦਾਰ ਹੋ ਸਕਦੇ ਹੋ। ਜੇਕਰ ਤੁਹਾਡੀ ਗਲਤੀ ਨਹੀਂ ਹੈ ਤਾਂ ਤੁਸੀਂ Pain & Suffering ਸਮੇਤ ਕਈ ਮਿਲੀਅਨ ਡਾਲਰ ਦੇ ਕਲੇਮ ਦੇ ਹੱਕਦਾਰ ਹੋ ਸਕਦੇ ਹੋ।

ਹੁਣ ਤੱਕ ਅਸੀਂ ਆਪਣੇ Clients ਨੂੰ ਕਈ ਮਿਲੀਅਨ ਤੱਕ ਦੇ ਕਲੇਮ ਦੁਆ ਚੁੱਕੇ ਹਾਂ।
ਜੇਕਰ ਤੁਸੀਂ ਆਪਣੀਆਂ ਮੌਜੂਦਾ ਕਾਨੂੰਨੀ ਸੇਵਾਵਾਂ ਤੋਂ ਸੰਤੁਸ਼ਟ ਨਹੀਂ ਹੋ ਤਾਂ ਅਸੀਂ ਤੁਹਾਡੀ ਸੇਵਾ ਲਈ ਹਾਜਰ ਹਾਂ।

If you are hurt in Auto Accident, Slip & Fall or you have long Term Disability Claims
Protect yourself, Protect your family, Know your rights.
For exceptional service, benefits you are entitled to and a settlement you deserve, call the name you trust
You only pay upon settlement
GURSHARAN BOBBY SIDHU
647.539.3020
1450 Meyerside Drive, Suite 308, Mississauga
2 OFFICES TO SERVE YOU
55 St. Clair Ave., West, Toronto
email: bsidhu@steinmetzlawyers.ca website: www.steinmetzlawyers.ca

ਕੀ ਤੁਸੀਂ ਕਰਜ਼ੇ ਵਿੱਚ ਹੋ?

ਕੀ ਤੁਸੀਂ ਕਲੈਕਸ਼ਨ ਕਾਲ ਤੋਂ ਅੱਕ ਚੁੱਕੇ ਹੋ?





BOOK YOUR FREE CONSULTATION
ਹੁਣ ਘਬਰਾਉਣ ਦੀ ਜ਼ਰੂਰਤ ਨਹੀਂ
ਹੁਣ ਗੋਮਾ ਸੰਧੂ ਕਰਣਗੇ ਤੁਹਾਡੇ ਕਰੈਡਿਟ ਕਾਰਡ, ਲੋਨ ਤੇ ਟੈਕਸ ਦੇ ਕਰਜ਼ੇ ਦਾ ਹੱਲ ਤੇ ਤੁਹਾਡੇ ਕਰਜ਼ੇ ਦਾ ਲਗਭਗ 75% ਘਟਾਉਣ ਵਿੱਚ ਮਦਦ ਕਰਣਗੇ
ਜੇਕਰ ਤੁਸੀਂ ਸੂ ਹੋ ਚੁੱਕੇ ਹੋ ਤੇ ਤੁਸੀਂ ਘਰ ਤੇ ਲੀਨ ਪੈਣ ,ਵੇਜ ਗਾਰਨੀਸ਼ਮੈਂਟ ਅਤੇ ਬੈਂਕ ਅਕਾਊਂਟ ਨੂੰ ਫ੍ਰੀਜ਼ ਹੋਣ ਤੋਂ ਬਚਾਉਣਾ ਚਾਉਂਦੇ ਹੋ ,ਅਤੇ ਤੁਸੀਂ ਆਪਣੀ ਕਾਰ ਤੇ ਟਰੱਕ ਦੀ ਕਿਸ਼ਤ ਨਹੀਂ ਦਿੱਤੀ ਤੇ ਤੁਹਾਡਾ ਐਸੇਟ ਸਰਨਡਰ ਹੋ ਗਿਆ ਹੈ ਤਾ
ਹੁਣ ਹੀ ਮੁਫਤ ਸਲਾਹ ਲਈ ਕਾਲ ਕਰੋ ਗੋਮਾ ਸੰਧੂ 4167316382
-Collection Calls
-Personal Taxes
-GST/HST
-Credit Card Debts
-Personal Loans
-Pay Day Loans
-Student Loans
-Wage Garnishment
-Writ on your property
-Frozen Bank Accounts
CONTACT US:
Goma Sandhu
(416)-731-6382
gomasandhu@hotmail.com
WE HELP...
-Save your Assets
-Avoid Bankruptcy
-Small monthly payments
-Rebuild your credit
YOUR DEBT $ MY SOLUTION

ਆਪਣੇ ਮਨ ਪਸੰਦ ਦੇ ਸੂਟ, ਸ਼ਾਲ, ਲਹਿੰਗਾ
ਅਤੇ ਡੀਜ਼ਾਈਨਰ ਸੂਟ ਲੈਣ ਲਈ ਸੰਪਰਕ ਕਰੋ:
01191-9779100149




# ਮੋਦੀ ਨੇ ਪੁਤਿਨ ਨਾਲ ਗੱਲਬਾਤ ਦੌਰਾਨ ਯੂਕਰੇਨ ਵਿੱਚ ਫਸੇ ਭਾਰਤ ਦੇ ਵਿਦਿਆਰਥੀਆਂ ਦਾ ਮੁੱਦਾ ਉਠਾਇਆ

## * ਕੇਂਦਰੀ ਮੰਤਰੀ ਹਰਦੀਪ ਪੁਰੀ ਵਿਦਿਆਰਥੀਆਂ ਨੂੰ ਲੈਣ ਬੁਡਾਪੇਸਟ ਪਹੁੰਚੇ



ਨਵੀਂ ਦਿੱਲੀ, 3 ਮਾਰਚ, (ਪੋਸਟ ਬਿਊਰੋ)- ਯੂਕਰੇਨ ਦੇ ਸ਼ਹਿਰਾਂਵਿੱਚਰੂਸੀ ਫੌਜ ਵੱਲੋਂ ਲਗਾਤਾਰ ਹੁੰਦੀ ਬੰਬਾਰੀ ਦੌਰਾਨ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਇੱਕ ਵਾਰ ਫਿਰਰੂਸੀ ਰਾਸ਼ਟਰਪਤੀ ਵਲਾਦੀਮੀਰ ਪੁਤਿਨ ਨਾਲ ਗੱਲਬਾਤ ਕੀਤੀ ਅਤੇ ਇਸ ਦੌਰਾਨ ਦੋਵਾਂ ਨੇ ਹਾਲਾਤ ਦੀ ਸਮੀਖਿਆ ਕੀਤੀ ਤਾਂ ਵਿਸ਼ੇਸ਼ ਰੂਪ ਨਾਲ ਖਾਰਕੀਵ, ਜਿਥੇ ਕਈ ਭਾਰਤੀ ਵਿਦਿਆਰਥੀ ਫਸੇ ਹੋਏ ਹਨ, ਤੋਂ ਭਾਰਤੀ ਨਾਗਰਿਕਾਂ ਦੀ ਸੁਰੱਖਿਅਤ ਨਿਕਾਸੀਬਾਰੇ ਵੀ ਗੱਲ ਹੋਈ ਹੈ।

ਇਸ ਤੋਂ ਪਹਿਲਾਂ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਯੂਕਰੇਨ ਸੰਕਟ ਬਾਰੇ ਰੂਸੀ ਰਾਸ਼ਟਰਪਤੀ ਵਲਾਦੀਮੀਰ ਪੁਤਿਨ ਨਾਲ ਦੋ ਵਾਰੀ ਗੱਲਬਾਤ ਕਰ ਚੁੱਕੇ ਹਨ, ਜਿਸਵਿੱਚ ਉਨ੍ਹਾਂ ਨੇ ਡਿਪਲੋਮੇਸੀ ਰਾਹੀਂ ਮਸਲੇ ਦਾ ਹੱਲ ਕੱਢਣ ਦੀ ਗੱਲ ਕਹੀ ਸੀ।ਉਸ ਗੱਲਬਾਤ ਦੌਰਾਨ ਪ੍ਰਧਾਨ ਮੰਤਰੀ ਮੋਦੀ ਨੇ ਯੂਕਰੇਨਵਿੱਚ ਫਸੇ ਭਾਰਤੀਆਂ ਦੇ ਸੇਫ ਪੈਕੇਜ ਦੀ ਗੱਲ ਕੀਤੀ ਸੀ, ਪਰਓਦੋਂ ਹਾਲਾਤ ਅਜੇਏਨੇ ਵਿਗੜੇ ਨਹੀਂ ਸਨ।ਯੂਕਰੇਨ ਤੇ ਰੂਸਦੀ ਜੰਗ ਦੇ ਦੌਰਾਨ ਹਜ਼ਾਰਾਂ ਭਾਰਤੀ ਵਿਦਿਆਰਥੀ ਯੂਕਰੇਨ ਤੇ ਗੁਆਂਢੀ ਦੇਸ਼ਾਂ ਵਿੱਚ ਫਸੇ ਹੋਏ ਹਨ। ਭਾਰਤ ਸਰਕਾਰ ਉਨ੍ਹਾਂ ਨੂੰ ਸੁਰੱਖਿਅਤ ਓਥੋਂ ਕੱਢ ਲਿਆਉਣ ਦੇ ਯਤਨ ਕਰ ਰਹੀ ਹੈ, ਪਰ ਭਾਰਤੀ ਨਾਗਰਿਕ ਸਰਕਾਰ ਦੇ ਯਤਨਾਂ ਤੋਂ ਸੰਤੁਸ਼ਟ ਨਜ਼ਰ ਨਹੀਂ ਆ ਰਹੇ।

